Digitized by Arya Samaj Foundation Chennai and eGangotri

DONATION

ਨਿਬੰਧਨੀ

ਪੰਜਾਬੀ ਸਾਹਿਤ ਸਭਾ (ਰਜਿ.)
ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय, हरिद्वार
कृपया पुस्तक के ऊपर कोई निशान आदि
न लगायें।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
गुरुकुल काँगड़ी विश्वविद्यालय, हरिद्वार

वर्ग संख्या.........आगत संख्या...............

पुस्तक-वितरण की तिथि नीचे अंकित है। इस तिथि सहित २० वें दिन तक यह पुस्तक पुस्तकालय में वापिस आ जानी चाहिए। अन्यथा १० पैसे के हिसाब से विलम्ब-दण्ड लगेगा।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਬੰਧਨੀ

DONATION

6940

पुस्तकालय

ਸੰਪਾਦਕ :
ਡਾ: ਦੇਵਿੰਦਰ ਕੌਰ
ਮੈਤਰੇਈ ਕਾਲਜ
ਨੇਤਾ ਜੀ ਨਗਰ, ਨਵੀਂ ਦਿਲੀ-23

Forwarded with compliments from the Department of Education, Govt. of India.

ਨੈਸ਼ਨਲ

ਮੁੱਖ ਵਿਕਰੇਤਾ

ਨੈਸ਼ਨਲ ਬੁਕ ਸ਼ਾਪ

ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110006

CC-0. In Public Domain. Gurukul Kangri Collection, Haridwar

NIBANDHNI
(A Collectton of Essays)
Edited by : DEVINDER KAUR (Dr.)
Digitized by Arya Samaj Foundation Chennai and eGangotri

ਨਵਾਂ ਐਡੀਸ਼ਨ 1987

ਪ੍ਰਕਾਸ਼ਕ :
ਪਜਾਬੀ ਸਾਹਿਤ ਸਭਾ [ਰਜਿ.]
10-ਬੀ ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110006
ਫ਼ੋਨ 278370

ਪ੍ਰਿੰਟਰ :
ਨੈਸ਼ਨਲ ਪ੍ਰੈਸ ਆਫ਼ ਇੰਡੀਆ
ਤੇ ਗਿਆਨ ਆਫ਼ਸੈਟ ਪ੍ਰੈਸ-ਦਿੱਲੀ

ਮੁੱਲ : 10 ਰੁਪਏ ਪੇਪਰ ਬੈਕ
25 ਰੁਪਏ ਸਜਿਲਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਾਸ਼ਕ ਵਲੋਂ

ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਸੰਨ 1943 ਤੋਂ ਦਿੱਲੀ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਪ੍ਰਗਤੀ ਲਈ ਲਗਾਤਾਰ ਕੰਮ ਕਰਦੀ ਆ ਰਹੀ ਹੈ। ਇਸ ਦੀਆਂ ਸਪਤਾਹਿਕ ਇਕੱਤ੍ਰਤਾਵਾਂ ਵਿਚ ਨਾ ਕੇਵਲ ਪੰਜਾਬੀ ਸਾਹਿਤਕਾਰ, ਸਗੋਂ ਦੂਜੀਆਂ ਭਾਸ਼ਾਵਾਂ ਦੇ ਲੇਖਕ ਵੀ ਆਪਣੇ ਭਾਸ਼ਣ, ਵਿਚਾਰਾਂ ਦੇ ਆਦਾਨ-ਪ੍ਰਦਾਨ ਅਤੇ ਸਾਹਿਤਕ ਛੋਹਾਂ ਦੁਆਰਾ ਇਕੱਤ੍ਰਤਾਵਾਂ ਨੂੰ ਸਫਲ ਬਣਾਂਦੇ ਰਹੇ ਹਨ। ਦਿੱਲੀ ਵਿਚ ਸ਼ਾਇਦ ਹੀ ਪੰਜਾਬੀ ਦਾ ਕੋਈ ਅਜਿਹਾ ਸਮਾਗਮ ਹੋਇਆ ਹੋਵੇ, ਜਿਸ ਨੂੰ ਸਫ਼ਲ ਬਣਾਉਣ ਵਿਚ ਸਾਹਿਤ ਸਭਾ ਨੇ ਆਪਣਾ ਪੂਰਾ ਸਹਿਯੋਗ ਨਾ ਦਿਤਾ ਹੋਵੇ। ਸਭਾ ਦੇ ਯਤਨਾਂ ਦੁਆਰਾ ਨਗਰ ਨਿਗਮ ਅਤੇ ਬਹੁਤ ਸਾਰੇ ਸਰਕਾਰੀ ਸਕੂਲਾਂ ਵਿਚ ਪੰਜਾਬੀ ਚਾਲੂ ਕੀਤੀ ਗਈ ਹੈ। ਇਨ੍ਹਾਂ ਯਤਨਾਂ ਸਦਕਾ ਅੱਜ ਪੰਜਾਬੀ ਦੇ ਵਿਦਿਆਰਥੀਆਂ ਦੀ ਗਿਣਤੀ, ਮਿਡਲ, ਹਾਇਰ ਸੈਕੰਡਰੀ ਅਤੇ ਯੂਨੀਵਰਸਿਟੀ ਪੱਧਰ ਉਤੇ ਹਿੰਦੀ ਤੋਂ ਦੂਜੇ ਦਰਜੇ ਤੇ ਹੈ। ਦਿੱਲੀ ਪ੍ਰਸ਼ਾਸਨ ਨੇ ਭਾਰਤ ਸਰਕਾਰ ਦੀ ਪ੍ਰਵਾਨਗੀ ਨਾਲ ਪੰਜਾਬੀ ਨੂੰ ਉਹ ਸਾਰੀਆਂ ਸਹੂਲਤਾਂ ਦੇਣ ਦਾ ਐਲਾਨ ਕੀਤਾ ਹੈ, ਜਿਹੜੀਆਂ ਉਰਦੂ ਨੂੰ ਪ੍ਰਾਪਤ ਹਨ। ਇਹ ਪੰਜਾਬੀ ਭਾਸ਼ਾ-ਪ੍ਰਚਾਰ ਦੇ ਰਾਹ ਵਿਚ ਇਕ ਨਵਾਂ ਮੀਲ-ਪੱਥਰ ਹੈ। ਦਿੱਲੀ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਨਿਸ਼ਚਿਤ ਕਰਾਉਣ ਵਿਚ ਸਭਾ ਵਲੋਂ, ਪੰਜਾਬੀ ਪ੍ਰੇਮੀਆਂ ਦੀਆਂ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਯਤਨ ਜਾਰੀ ਹਨ।

ਸਭਾ ਨੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਚਾਰ ਪੁਸਤਕਾਂ ਅਤੇ ਸਿਖਿਆ ਵਿਭਾਗ, ਦਿੱਲੀ ਦੇ ਨਿਰਦੇਸ਼ਕ ਦੇ ਸਹਿਯੋਗ ਨਾਲ ਅੱਠ ਪਾਠ-ਪੁਸਤਕਾਂ ਪ੍ਰਕਾਸ਼ਤ ਕੀਤੀਆਂ ਸਨ। ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੀ ਪਰੇਰਣਾ ਸਦਕਾ ਯੂਨੀਵਰਸਿਟੀ ਪੱਧਰ ਦੀ ਹਥਲੀ ਪੁਸਤਕ ਪਾਠਕਾਂ ਦੀ ਸੇਵਾ ਵਿਚ ਪੇਸ਼ ਹੈ। ਇਸ ਪੁਸਤਕ ਵਿਚਲੀ ਸਮਗਰੀ ਦੀ ਚੋਣ ਸੰਪਾਦਨਾ ਆਦਿ ਦੀ ਜ਼ਿੰਮੇਵਾਰੀ ਦਿੱਲੀ ਯੂਨੀਵਰਸਿਟੀ ਵਲੋਂ ਸੰਪਾਦਕ ਦੀ ਹੈ ਜਿਸ ਲਈ ਸਭਾ ਧੰਨਵਾਦੀ ਹੈ। ਪੰਜਾਬੀ ਸਾਹਿਤ ਸਭਾ ਦਿੱਲੀ ਨੂੰ ਪੰਜਾਬੀ ਭਵਨ ਉਸਾਰਨ ਲਈ ਦਿੱਲੀ ਵਿਚ ਕਈ ਸਾਲ ਹੋਏ, ਇਕ ਪਲਾਟ ਅਲਾਟ ਹੋਇਆ ਸੀ। ਇਸ ਦਾ ਕਬਜ਼ਾ ਹੁਣੇ ਜਿਹੇ ਮਿਲਿਆ ਹੈ। ਉਥੇ ਅਸੀਂ ਪੰਜਾਬੀ ਭਵਨ ਦੀ ਬਹੁਮੰਜ਼ਲੀ ਇਮਾਰਤ ਛੇਤੀ ਹੀ ਆਰੰਭ ਰਹੇ ਹਾਂ। ਪੰਜਾਬੀ ਭਵਨ ਦੇ ਹੋਂਦ ਵਿਚ ਆਣ ਨਾਲ ਸਭਾ ਦੀਆਂ ਗਤੀਵਿਧੀਆਂ ਨੂੰ ਇਕ ਨਵਾਂ ਹੁਲਾਰਾ ਮਿਲੇਗਾ ਅਤੇ ਇਹ ਪੰਜਾਬੀ ਸਾਹਿਤ ਤੇ ਸਭਿਆਚਾਰ 'ਚ ਮਹੱਤਵਪੂਰਨ ਯੋਗਦਾਨ ਪਾ ਸਕੇਗੀ।

ਜਨਰਲ ਸਕੱਤਰ
ਪੰਜਾਬੀ ਸਾਹਿਤ ਸਭਾ, ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੈ-ਸੂਚੀ

ਵਾਰਤਕ ਕੀ ਹੈ		5
ਪ੍ਰਾਰਥਨਾ	ਡਾ: ਬਲਬੀਰ ਸਿੰਘ	9
ਵਿਹਲੀਆਂ ਗੱਲਾਂ	ਪ੍ਰਿੰ: ਤੇਜਾ ਸਿੰਘ	17
ਜ਼ਿੰਦਗੀ ਦੀ ਕਵਿਤਾ	ਗੁਰਬਖਸ਼ ਸਿੰਘ ਪ੍ਰੀਤ ਲੜੀ	25
ਕਵਿਤਾ ਤੇ ਸੰਸਕ੍ਰਿਤੀ	ਸੰਤ ਸਿੰਘ ਸੇਖੋਂ	34
ਮੇਰੀ ਦਾੜ੍ਹ ਪੀੜ	ਈਸ਼ਵਰ ਸਿੰਘ ਚਿੱਤ੍ਰਕਾਰ	44
ਆਜੜੀ	ਮਹਿੰਦਰ ਸਿੰਘ ਰੰਧਾਵਾ	50
ਜੈਤੋ ਦਾ ਮੋਰਚਾ	ਸੋਹਨ ਸਿੰਘ ਜੋਸ਼	64
ਨਾਨਕ-ਬਿੰਬ	ਡਾ: ਹਰਿਭਜਨ ਸਿੰਘ	76
ਲੋਕ-ਕਲਾ	ਡਾ: ਸੋਹਿੰਦਰ ਸਿੰਘ ਵਣਜਾਰਾ ਬੇਦੀ	91
ਪਰਦੇਸੀ ਆਪਣੇ ਵਤਨ 'ਚ	ਬਲਰਾਜ ਸਾਹਨੀ	103
ਨਿਬੰਧ-ਸਾਰ		115
ਸ਼ਬਦਾਰਥ		128

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰਤਕ ਕੀ ਹੈ ?

ਵਾਰਤਕ ਦੀ ਮੂਲ ਸ਼ਰਤ ਸੰਚਾਰ ਹੈ । ਇਸ ਦਾ ਪ੍ਰਮੁੱਖ ਲੱਛਣ ਭਾਵਾਂ ਦਾ ਪ੍ਰਦਰਸ਼ਨ ਤੇ ਉਸਦੀ ਵਿਆਖਿਆ ਕਰਨਾ ਹੈ ।

ਵਾਰਤਕ ਆਪਣੇ ਤੱਤ ਰੂਪ ਵਿਚ 'ਪ੍ਰਤੀਬੱਧ' ਹੈ । ਇਸ ਵਿਚ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ । ਵਾਰਤਕ ਰਚਨਾ ਦਾ ਮੰਤਵ ਵਿਆਖਿਆਨ ਪੇਸ਼ ਕਰਨਾ ਹੈ ਇਸ ਲਈ ਵਾਰਤਕ ਵਿਚ ਵਰਤੇ ਗਏ ਸ਼ਬਦ ਵਸਤਾਂ ਨਹੀਂ, ਵਸਤਾਂ ਦੇ ਵਿਵਰਣ ਹੁੰਦੇ ਹਨ । ਇਨ੍ਹਾਂ ਦਾ ਪ੍ਰਥਮ ਉਦੇਸ਼ ਆਨੰਦ ਦੇਣਾ ਨਹੀਂ, ਸੰਚਾਰ ਕਰਨਾ ਹੈ ।

ਵਾਰਤਕ ਮਨ ਦਾ ਵਤੀਰਾ ਹੈ । ਮਨ ਦੇ ਵਤੀਰੇ ਨੂੰ ਪੇਸ਼ ਕਰਨ ਲਈ ਭਾਸ਼ਾ ਸੰਦ ਦਾ ਕੰਮ ਦੇਂਦੀ ਹੈ । ਇਥੇ ਲੇਖਕ ਦਾ ਉਦੇਸ਼ ਲਾਜ਼ਮੀ ਬਣ ਜਾਂਦਾ ਹੈ । ਉਦੇਸ਼ ਸ਼ਬਦਾਂ ਨੂੰ ਸਿਰਜਦਾ ਨਹੀਂ ਵਰਤਦਾ ਹੈ । ਹੁਣ ਸੁਆਲ ਹੈ ਕਿ ਸ਼ਬਦਾਂ ਦੀ ਵਰਤੋਂ ਕਿਵੇਂ ਕੀਤੀ ਜਾਏ ? ਨਿਸ਼ਚੈ ਹੀ ਸ਼ੈਲੀ ਵਾਰਤਕ ਰਚਨਾ ਨੂੰ ਮੁੱਲਵਾਨ ਬਣਾਉਂਦੀ ਹੈ ।

ਸ਼ਬਦ ਪਾਰਦਰਸ਼ੀ ਹੁੰਦੇ ਹਨ,ਜਿਨ੍ਹਾਂ ਰਾਹੀਂ ਬਾਣੀ ਰਚਨਾ ਸੰਸਾਰ ਦਾ ਦੀਦਾਰ ਹੁੰਦਾ ਹੈ । ਸਪਸ਼ਟ ਦੀਦਾਰ ਲਈ ਸਪਸ਼ਟ ਸ਼ਬਦਾਂ ਦੀ ਵਰਤੋਂ ਰਚਨਾ ਵਾਸਤੇ ਲਾਜ਼ਮੀ ਬਣ ਜਾਂਦੀ ਹੈ (ਸਪਸ਼ਟ ਸ਼ਬਦ ਤੋਂ ਭਾਵ ਕੋਸ਼ ਅਰਥਾਂ ਵਾਲੇ ਸ਼ਬਦ ਤੋਂ ਹੈ) ਸ਼ਬਦਾਂ ਦੀ ਖੁੰਢੀ ਵਰਤੋਂ ਰਚਨਾ ਵਿਚਲੇ ਸੰਸਾਰ ਨੂੰ ਧੁੰਦਲਾ ਕਰ ਦੇਂਦੀ ਹੈ । ਵਾਰਤਕ ਰਚਨਾ ਦੀ ਖ਼ੂਬਸੂਰਤੀ ਸੁੰਦਰ ਸ਼ਬਦਾਂ ਦੀ ਵਰਤੋਂ ਵਿਚ ਨਹੀਂ, ਵਿਚਾਰਾਂ ਦੇ ਸੁੰਦਰ ਨਿਭਾ ਵਿਚ ਹੈ । ਸੁੰਦਰ ਨਿਭਾਸੰਦੇਸ਼ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ । ਸੁੰਦਰ ਨਿਭਾ ਅਰਥ ਵਿਹੀਨ ਸਤਰਾਂ ਪੇਸ਼ ਕਰਨਾ, ਸ਼ਬਦ ਆਡੰਬਰ ਰਚਨਾ ਜਾਂ ਸੁੰਦਰ ਬਿੰਬਾਵਲੀ ਪੇਸ਼ ਕਰਨਾ ਨਹੀਂ, ਸਹੀ ਭਾਵਨਾ ਨੂੰ ਸਹੀ ਸ਼ਬਦਾਂ ਰਾਹੀਂ ਸਹੀ ਸਥਿਤੀ ਵਿਚ ਪੇਸ਼ ਕਰਨਾ ਹੈ । ਇਹੋ ਹੀ ਸ਼ੈਲੀ ਦੀ ਵਿਸ਼ੇਸ਼ਤਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧੁਨਿਕ ਪੰਜਾਬੀ ਵਾਰਤਕ

ਆਧੁਨਿਕ ਪੰਜਾਬੀ ਵਾਰਤਕ ਨੂੰ ਜਨਮ ਦੇਣ ਵਿਚ ਈਸਾਈ ਮਿਸ਼ਨਰੀਆਂ ਨੇ ਬਹੁਤ ਯੋਗਦਾਨ ਦਿਤਾ ਹੈ। ਈਸਾਈ ਮਿਸ਼ਨਰੀਆਂ ਦੇ ਆਉਣ ਨਾਲ ਇਹ ਗੱਲ ਵਾਪਰੀ ਕਿ ਉਹ ਆਪਣੇ ਨਾਲ ਉੱਨਤ ਅਤੇ ਸੁਵਿਕਸਤ ਸੰਸਕ੍ਰਿਤੀ ਅਤੇ ਸਭਿਅਤਾ ਦੇ ਕੁਝ ਤੱਤ ਲੈ ਕੇ ਆਏ, ਜਿਨ੍ਹਾਂ ਨਾਲ ਸਾਡੇ ਰਵਾਇਤੀ ਜੀਵਨ ਵਿਚ ਕੁਝ ਪਰਿਵਰਤਨ ਆਉਣਾ ਸ਼ੁਰੂ ਹੋ ਗਿਆ।

ਪੱਛਮ ਵਿਚ ਲੋਕ ਰਾਜ ਵਰਗੀ ਸੰਸਥਾ ਪੂਰੀ ਤਰ੍ਹਾਂ ਉਨ੍ਹਾਂ ਦੇ ਜੀਵਨ ਨੂੰ ਇਕ ਸਾਂਚੇ ਵਿਚ ਢਾਲ ਚੁਕੀ ਸੀ। ਜਿਨ੍ਹਾਂ ਦੇਸ਼ਾਂ ਵਿਚ ਰਾਜ ਪ੍ਰਣਾਲੀ ਲੋਕ-ਰਾਜੀ ਨਹੀਂ ਸੀ, ਇਕ ਪੁਰਖਾ ਰਾਜ ਹੋਣ ਦੇ ਬਾਵਜੂਦ ਉਨ੍ਹਾਂ ਦੇ ਜੀਵਨ ਵਿਚ ਲੋਕ-ਰਾਜੀ ਸੰਸਥਾਵਾਂ ਘਰ ਕਰ ਚੁਕੀਆਂ ਸਨ। ਇਹੋ ਹੀ ਸੰਸਥਾਵਾਂ ਜਿਹੜੀਆਂ ਸਾਡੇ ਜੀਵਨ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਗ੍ਰਹਿਣ ਕੀਤੀਆਂ ਜਾਣ ਲਗੀਆਂ ਤਾਂ ਸਾਡੇ ਚਿੰਤਨ ਦੇ ਪਾਸਾਰਾਂ ਵਿਚ ਆਉਣੀਆਂ ਸ਼ੁਰੂ ਹੋ ਗਈਆਂ। ਪੱਛਮੀ ਚਿੰਤਨ ਦੇ ਕਈ ਵਿਸ਼ੇਸ਼ ਤੱਤ ਸਾਡੇ ਜੀਵਨ ਵਿਚ ਹੌਲੀ-ਹੌਲੀ ਘੁਲਣ ਮਿਲਣ ਲਗੇ। ਅਸੀਂ ਮੱਧਯੁਗੀ ਨਿਰਪੇਖ ਕੀਮਤਾਂ ਨਾਲੋਂ ਟੁੱਟ ਕੇ ਇਕ ਨਵੇਂ ਕਿਸਮ ਦੇ ਬੌਧਿਕ ਮਾਹੌਲ ਨੂੰ ਪੈਦਾ ਕਰਨ ਲਈ ਤਿਆਰ ਹੋਣ ਲਗੇ ਇਸ ਦੇ ਨਾਲ ਇਕ ਇਹੋ ਜਿਹੇ ਯੁਗ ਦੇ ਜਨਮ ਲੈਣ ਦੀ ਸੰਭਾਵਨਾ ਪੈਦਾ ਹੋਈ, ਜਿਸ ਯੁਗ ਵਿਚ ਅਸੀਂ ਭਿੰਨ-ਭਿੰਨ ਵਿਸ਼ਿਆਂ ਉਤੇ ਵਾਦ-ਵਿਵਾਦ ਦੀ ਦ੍ਰਿਸ਼ਟੀ ਨੂੰ ਧਾਰਨ ਕਰਨ ਲਗੇ। ਵਾਦ-ਵਿਵਾਦ ਵਾਰਤਕ ਦੀ ਬੁਨਿਆਨ ਹੁੰਦੀ ਹੈ। ਵਾਰਤਕ ਦਾ ਸੰਗਠਨ ਵਿਚਾਰਾਂ ਤੇ ਹੁੰਦਾ ਹੈ। ਵਿਚਾਰ ਉਦੋਂ ਪ੍ਰਫੁਲਿਤ ਹੁੰਦੇ ਹਨ ਜਦੋਂ ਸਾਡੇ ਅੰਦਰ ਬਹਿਸ ਕਰਨ ਦੀ ਉਤਕੰਠਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਈਸਾਈ ਮਿਸ਼ਨਰੀਆਂ ਦੇ ਪੰਜਾਬ ਵਿਚ ਆਉਣ ਨਾਲ ਪੰਜਾਬੀ ਵਾਰਤਕ ਦੀ ਉੱਤਪਤੀ ਤੇ ਉਸ ਦੇ ਵਿਕਾਸ ਦੀ ਸੰਭਾਵਨਾ ਪੈਦਾ ਹੋਈ। ਇਹ ਸੰਗ੍ਰਹਿ ਨਿਬੰਧਨੀ' ਆਧੁਨਿਕ ਪੰਜਾਬੀ ਵਾਰਤਕ ਦੇ ਮੁਢਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਰਨਾਂ ਤੋਂ ਲੈ ਕੇ [illegible] ਇਕ ਚਿਤਰ ਬਨਾਉਣ ਦਾ ਯਤਨ ਕਰਦਾ ਹੈ ।

ਸਭ ਤੋਂ ਮਹੱਤਵਪੂਰਣ ਗੱਲ ਜਿਹੜੀ ਆਧੁਨਿਕ ਵਾਰਤਕ ਨੂੰ ਮੱਧਕਾਲੀਨ ਵਾਰਤਕ ਨਾਲੋਂ ਨਖੇੜਦੀ ਹੈ, ਇਸਦੀ ਪਦਾਰਥਕ ਰੁਚੀ ਜਿਥੇ ਮੱਧਕਾਲੀਨ ਵਾਰਤਕ ਪਰਮਾਰਥਕ ਜੀਵਨ ਦੇ ਪ੍ਰਸੰਗ ਵਿਚ ਮਹੱਤਵ ਰਖਦੀ ਸੀ ਉਥੇ ਆਧੁਨਿਕ ਵਾਰਤਕ ਪਦਾਰਥਕ ਜੀਵਨ ਨੂੰ ਮਹੱਤਤਾ ਦੇਂਦੀ ਹੈ ।

ਆਧੁਨਿਕ ਪੰਜਾਬੀ ਵਾਰਤਕ ਮੱਧਕਾਲੀਨ ਪੰਜਾਬੀ ਵਾਰਤਕ ਨਾਲੋਂ ਇਸ ਗੱਲ ਵਿਚ ਵੀ ਅੰਤਰ ਰਖਦੀ ਹੈ ਕਿ ਜਿਥੇ ਮੱਧਕਾਲੀਨ ਵਾਰਤਕ ਸਰੋਤਾ ਮੁਖ ਵਾਰਤਕ ਹੈ, (ਸਾਖੀਆਂ ਸੰਗਤ ਵਿਚ ਪੜ੍ਹੀਆਂ ਜਾਂਦੀਆਂ ਰਹੀਆਂ ਹਨ, ਹੁਕਮਨਾਮੇ ਸੰਗਤ ਨੂੰ ਸੰਬੋਧਿਤ ਰਹੇ ਹਨ) ਉਥੇ ਆਧੁਨਿਕ ਪੰਜਾਬੀ ਵਾਰਤਕ ਦੀ ਬਿਰਤੀ ਪਾਠਕ ਮੁਖੀ ਹੈ । ਸਰੋਤਾ ਤੇ ਪਾਠਕ ਵਿਚਲਾ ਅੰਤਰ ਸੁਣਨ ਤੇ ਪੜ੍ਹਣ ਵਿਚਲਾ ਅੰਤਰ ਹੈ ।

ਆਧੁਨਿਕ ਪੰਜਾਬੀ ਵਾਰਤਕ ਨੂੰ ਜੇ ਇਤਿਹਾਸਕ ਪ੍ਰਸੰਗ ਵਿਚ ਵੇਖਿਆ ਜਾਏ ਤਾਂ ਮੱਧਕਾਲ ਦੀ ਵਾਰਤਕ ਨਾਲੋਂ ਇਕ ਕਦਮ ਅੱਗੇ ਹੈ । ਮੱਧਕਾਲੀਨ ਵਾਰਤਕ ਵਿਚਲਾ ਨਾਇਕ ਗੁਰੂ ਹੈ । ਜਨਮ ਸਾਖੀਆਂ ਵਿਚ ਗੁਰੂ ਨਾਨਕ ਦੀ ਸ਼ਖਸੀਅਤ ਦਾ ਬਿਆਨ ਮਿਲਦੀ ਹੈ । ਗੁਰੂ ਭਾਵੇਂ ਮਨੁੱਖਤਾ ਦੇ ਵਧੇਰੇ ਨੇੜੇ ਹੁੰਦਾ ਹੈ ਪਰ ਉਸ ਦਾ ਸੰਬੰਧ ਸਮਾਜਿਕ ਜੀਵਨ ਦੇ ਵਿਸ਼ੇਸ਼ ਪਹਿਲੂ ਨਾਲ ਹੁੰਦਾ ਹੈ । ਸੋ ਜਿਥੇ ਮੱਧਕਾਲੀਨ ਵਾਰਤਕ ਵਿਚਲਾ ਨਾਇਕ ਮਨੁੱਖ ਹੁੰਦਾ ਹੋਇਆ ਵੀ ਸਮਾਜ ਦੇ ਅੰਗ ਵਿਸ਼ੇਸ਼ ਨੂੰ ਪ੍ਰਵਾਨ ਹੈ ਉਥੇ ਆਧੁਨਿਕ ਵਾਰਤਕ ਵਿਚ ਪੇਸ਼ ਹੋਇਆ, ਮਨੁੱਖ ਸਮੁੱਚੇ ਜੀਵਨ ਨਾਲ ਸੰਬੰਧ ਰਖਦਾ ਹੈ । ਆਧੁਨਿਕ ਵਾਰਤਕ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਬਿਆਨ ਕਰਦੀ ਹੈ ।

ਹਥਲੀ ਪੁਸਤਕ ਵਿਚ ਇਕੱਤਰ ਹੋਏ ਨਿਬੰਧ ਮਨੁੱਖੀ ਜੀਵਨ ਦੀਆਂ ਬਹੁ-ਪਾਸਾਰੀ ਸਮੱਸਿਆਵਾਂ ਨਾਲ ਸੰਬੰਧਿਤ ਹਨ । ਧਰਮ, ਸਮਾਜ, ਇਤਿਹਾਸ, ਲੋਕ ਜੀਵਨ, ਸਾਹਿਤ ਆਦਿ ਨਾਲ ਸੰਬੰਧਿਤ ਸਮੱਸਿਆਵਾਂ ਇਸ ਪੁਸਤਕ ਦਾ ਵਸਤੂ ਬਣਦੀਆਂ ਹਨ । 'ਪ੍ਰਾਰਥਨਾ' ਤੇ 'ਨਾਨਕ-ਬਿੰਬ' ਧਰਮ ਨਾਲ ਸੰਬੰਧਿਤ ਹਨ, 'ਜੈਤੋ ਦਾ ਮੋਰਚਾ' ਅਕਾਲੀ ਮੋਰਚਿਆਂ ਦੇ ਇਤਿਹਾਸ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਬੰਧਿਤ ਹੈ, 'ਆਜੜੀ' ਤੇ 'ਲੋਕ ਕਲਾ' ਲੋਕ ਸੰਸਕ੍ਰਿਤੀ ਦਾ ਚਿੱਤਰ ਪੇਸ਼ ਕਰਦੇ ਹਨ; 'ਪਰਦੇਸੀ ਆਪਣੇ ਵਤਨ 'ਚ' ਸਫ਼ਰਨਾਮੇ ਦੇ ਰੂਪ ਨੂੰ ਉਜਾਗਰ ਕਰਦਾ ਹੈ, 'ਕਵਿਤਾ ਤੇ ਸੰਸਕ੍ਰਿਤੀ' ਦਾ ਸੰਬੰਧ ਸਾਹਿਤ ਦੀ ਆਲੋਚਨਾ ਨਾਲ ਹੈ, 'ਵਿਹਲੀਆਂ ਗੱਲਾਂ' ਤੇ 'ਮੇਰੀ ਦਾੜ ਪੀੜ' ਹਲਕੇ ਫੁਲਕੇ ਨਿਬੰਧਾਂ ਦਾ ਨਮੂਨਾ ਪੇਸ਼ ਕਰਦੇ ਹਨ ਤੇ 'ਜ਼ਿੰਦਗੀ ਦੀ ਕਵਿਤਾ' ਸਮਾਜਿਕ ਜੀਵਨ ਨਾਲ ਸੰਬੰਧਿਤ ਹੈ। ਇਹ ਸਾਰੇ ਨਿਬੰਧ ਮਨੁੱਖੀ ਜੀਵਨ ਦੇ ਬਹੁਪਾਸਾਰੀ ਰੂਪ ਨੂੰ ਪੇਸ਼ ਕਰਦੇ ਹਨ।

ਹਥਲੀ ਪੁਸਤਕ ਆਧੁਨਿਕ ਪੰਜਾਬੀ ਵਾਰਤਕ ਦੀਆਂ ਭਿੰਨ-ਭਿੰਨ ਸ਼ੈਲੀਆਂ ਨੂੰ ਪੇਸ਼ ਕਰਨ ਦਾ ਯਤਨ ਕਰਦੀ ਹੈ।

—ਦੇਵਿੰਦਰ ਕੌਰ (ਡਾ:)

ਪੰਜਾਬੀ ਵਿਭਾਗ
ਮੈਤਰੇਈ ਕਾਲਿਜ, ਨਵੀਂ ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਡਾਕਟਰ ਬਲਬੀਰ ਸਿੰਘ)

ਪ੍ਰਾਰਥਨਾ

ਬੰਦੇ ਲਈ ਅਰਦਾਸ ਇਕ ਜ਼ਰੂਰੀ ਵਸਤੂ ਹੈ। ਕਈ ਮੌਕੇ ਆਉਂਦੇ ਹਨ, ਜਦੋਂ ਕਿ ਵਡੇ ਤੋਂ ਵਡੇ ਰਾਠ ਮਨੁੱਖ ਲਈ ਵੀ ਕੋਈ ਆਸਰਾ ਨਹੀਂ ਰਹਿ ਜਾਂਦਾ ਸਿਵਾਏ ਇਕ ਅਰਦਾਸ ਦੇ। ਸਭ ਤੋਂ ਸਿਆਣਾ ਆਦਮੀ ਸੁਕਰਾਤ ਗਿਣਿਆ ਜਾਂਦਾ ਹੈ, ਇਹ ਮੌਤ ਤੋਂ ਬੇਪ੍ਰਵਾਹ ਸੀ। ਜ਼ਹਿਰ ਦਾ ਪਿਆਲਾ ਏਸ ਨੇ ਸ਼ਰਬਤ ਵਾਕਣ ਪੀ ਲੀਤਾ ਸੀ। ਐਸਾ ਆਦਮੀ ਵੀ ਅਰਦਾਸ ਦਾ ਕਾਇਲ ਸੀ। ਇਕ ਥਾਵੇਂ ਉਸ ਨੇ ਕਿਹਾ :—

O, beloved pan and all ye other gods of this place, grant to me that I be made beautiful in my soul within, and that all external possessions be in harmony with my inner man. (Phaedrus)

ਇਸ ਦਾ ਮਤਲਬ ਹੈ :—

ਓ ਪਿਆਰੇ 'ਪੈਨ' ਦੇਵਤਾ ਤੇ ਹੋਰ ਸਾਰੇ ਏਸ ਥਾਂ ਦੇ ਦੇਵਤਿਓ ! ਮੇਰੀ ਇਹ ਅਰਜ਼ ਕਬੂਲ ਕਰੋ ਕਿ ਮੇਰੇ ਅੰਦਰ ਮੇਰੀ ਰੂਹ ਸੁੰਦਰ ਬਣ ਜਾਵੇ ਤੇ ਬਾਹਰਲੀਆਂ ਮੇਰੀਆਂ ਸਾਰੀਆਂ ਵਸਤਾਂ ਏਸ ਅੰਦਰਲੇ ਜੀਵ ਆਤਮਾ ਦੇ ਨਾਲ ਇਕ ਸੁਰ ਹੋ ਜਾਣ।

ਸਿਖ ਧਰਮ ਵਿਚ ਅਰਦਾਸ ਦੀ ਇਕ ਖ਼ਾਸ ਅਹਿਮੀਅਤ ਹੈ। ਸਾਰੀਆਂ ਰੀਤਾਂ ਰਸਮਾਂ ਦੀ ਥਾਵੇਂ ਸਿਖ ਦੀ ਇਕ ਅਰਦਾਸ ਕਾਫੀ ਹੈ। ਸਾਰੇ ਪਰਮਾਰਥਕ ਸਾਧਨਾਂ ਦੀ ਜਗ੍ਹਾ ਇਕ ਲਗਾਤਾਰ ਅਰਦਾਸ ਹੀ ਲੋੜੀਂਦੀ ਵਸਤੂ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਰਦਾਸ ਦੀ ਜ਼ਰੂਰਤ ਹਰ ਸੰਸਾਰਕ ਮੌਕੇ ਉਪਰ ਹੈ। ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ, ਜੰਗ ਵੇਲੇ। ਕੋਈ ਅਵਸਰ ਨਹੀਂ ਜੋ ਸਿਖ ਲਈ ਬਿਨ ਅਰਦਾਸ ਹੋਵੇ।

ਸੰਨ ੧੮੯੩ ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਬੱਝਦਾ ਹੈ। ਇਹ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪ੍ਰਯਤਨ ਦਾ ਸਿੱਟਾ ਹੈ। ਇਸ ਦਾ ਪਹਿਲਾ ਟ੍ਰੈਕਟ ਜੋ ਛਪਿਆ ਉਸ ਦਾ ਨਾਮ 'ਪ੍ਰਾਰਥਨਾ' ਹੈ। ਇਸ ਵਿਚ ਸਿਰਫ਼ ਅਰਦਾਸ ਦੀ ਜ਼ਰੂਰਤ ਹੀ ਨਹੀਂ ਦਰਸਾਈ, ਪ੍ਰੰਤੂ ਸੰਕੇਤਕ ਤੌਰ ਤੇ ਇਹ ਦੱਸਿਆ ਹੈ ਕਿ ਕਿਸੇ ਵੀ ਕੰਮ ਦਾ ਆਰੰਭ ਅਰਦਾਸ ਤੋਂ ਹੋਣਾ ਚਾਹੀਦਾ ਹੈ। ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਏਸ ਅਰਦਾਸ ਤੋਂ ਹੀ ਹੁੰਦਾ ਹੈ।

ਪੜ੍ਹੇ ਲਿਖੇ ਨੌਜਵਾਨ ਪੁੱਛਦੇ ਹਨ: ਕੀ ਅਰਦਾਸ ਸੁਣੀ ਜਾਂਦੀ ਹੈ? ਕੀ ਅਰਦਾਸ ਦਾ ਉੱਤਰ ਮਿਲਦਾ ਹੈ? ਸ਼ਾਇਦ ਮਿਲਦਾ ਹੋਵੇ, ਪਰ ਉੱਤਰ ਦੀ ਜ਼ਰੂਰਤ ਨਹੀਂ ਹੈ। ਅਰਦਾਸ ਲਫਜ਼ ਹੈ ਉੱਤਰ ਗ਼ੈਰ ਜ਼ਰੂਰੀ ਹੈ।

ਔਸਕਰ ਵਾਇਲਡ ਨੇ ਅਰਦਾਸ ਦੇ ਉੱਤਰ ਬਾਰੇ ਲਿਖਿਆ ਸੀ :—

Prayer must never be answered If it is, it ceases to be prayer and becomes a eorrespondence.

[Oscar Wilde)

ਇਸ ਦਾ ਅਰਥ ਹੈ ਕਿ ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ: ਜੇ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ, ਉਹ ਖ਼ਤੋ ਕਿਤਾਬਤ ਦਾ ਸਿਲਸਿਲਾ ਬਣ ਜਾਂਦਾ ਹੈ।

ਏਸ ਲਿਹਾਜ਼ ਵਿਚ ਸਿੱਖ ਦੀ ਅਰਦਾਸ ਬਿਲਕੁਲ ਨਿਰਾਲੀ ਚੀਜ਼ ਹੈ! ਇਹ ਅਰਦਾਸ ਨਿਰੀ ਯਾਚਨਾ ਦੀ ਮੰਗ ਕਰਦਿਆਂ ਹੋਇਆਂ ਵੀ ਨਿਜ ਦੇ ਪ੍ਰਾਈਵੇਟ ਲੈਵਲ ਤੋਂ ਉਪਰ ਹੋ ਜਾਂਦੀ ਹੈ, ਕਿਉਂਕਿ ਇਹ ਖ਼ਤਮ ਸਰਬੱਤ ਦੇ ਭਲੇ ਦੀ ਮੰਗ ਵਿਚ ਹੁੰਦੀ ਹੈ। ਸਿਖ ਦੀ ਅਰਦਾਸ ਤਦੇ ਹੀ ਸਫਲ ਹੈ ਜੇ ਉਹ ਆਪਣੀ ਨਿੱਕੀ ਜਿਹੀ ਹਸਤੀ ਦੀਆਂ ਛੋਟੀਆਂ ਜ਼ਰੂਰਤਾਂ ਤੋਂ ਉਠ ਕੇ ਸਰਬੱਤ ਦੇ ਵੱਡੇ ਭਲੇ ਵਿਚ ਲੀਨ ਹੋ ਜਾਵੇ। ਇਹ ਸਰਬੱਤ ਦੀ ਲੀਨਤਾ ਆਪਣੇ ਆਪ ਵਿਚ ਫਲ ਸਰੂਪ ਹੈ।

ਸਿਖ ਲਈ ਅਰਦਾਸ ਹੀ ਚੜ੍ਹਦੀ ਕਲਾ ਦਾ ਸਾਧਨ ਹੈ' ਛੋਟੇ ਤੋਂ ਵਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣ ਦਾ [illegible] ਦਾ ਫਰਕ ਹੈ । ਅਰਦਾਸ [illegible] ਵੱਡੇ ਹੁੰਦਿਆਂ ਹੀ, ਜਾਂ ਐਉਂ ਕਹੋ ਕਿ ਸਰਬੱਤ ਦੇ ਭਾਵ ਵਿਚ ਲੀਨ ਹੁੰਦਿਆਂ ਹੀ ਸਾਡੇ ਉਹ ਸਾਰੇ ਨੁਕਸ ਦੂਰ ਹੋ ਜਾਂਦੇ ਹਨ ਜੋ ਛੋਟੇ ਹੋਣ ਕਰਕੇ ਹਨ । ਸਾਡਾ ਨਿਕਾਰਾਪਨ, ਸਾਡਾ ਕਮੀਨਾਪਨ, ਸਾਡਾ ਛੁਟਦਿਲਾਪਨ, ਸਾਡਾ ਵੱਖਰਾਪਨ ਇਨ੍ਹਾਂ ਸਭਨਾਂ ਤੋਂ ਐਸ ਤਰ੍ਹਾਂ ਖਹਿੜਾ ਛੁਟ ਜਾਂਦਾ ਹੈ ਤੇ ਮਨੁੱਖ ਐਉਂ ਇਨ੍ਹਾਂ ਤੋਂ ਉਪਰ ਹੋ ਜਾਂਦਾ ਹੈ ਜਿਸ ਤਰ੍ਹਾਂ ਉਸ ਦੇ ਵਡੇ ਹੁੰਦਿਆਂ ਹੀ ਪੁਰਾਣੇ ਕਪੜੇ ਛੋਟੇ ਹੋ ਗਏ ਸਨ । ਏਸੇ ਦਾ ਨਾਮ ਚੜ੍ਹਦੀ ਕਲਾ ਹੈ ਜੋ ਸਰਬੱਤ ਦੇ ਭਲੇ ਦੀ ਭਾਵਲੀਨਤਾ ਤੋਂ ਤਤਖਿਣ ਪ੍ਰਾਪਤ ਹੁੰਦੀ ਹੈ । ਮਾਯਾ ਦੇ ਪਾਪ ਲੀੜੇ ਦਾ ਦਾ ਛੋਟਾ ਰਹਿ ਜਾਣਾ ਤੇ ਮਨੁੱਖ ਦਾ ਇਕ ਸਰਬੱਤੀ ਪੁਰਖ ਹੋ ਕੇ ਨਿਸ਼ਪਾਪ ਉੱਚਾ ਉਠ ਜਾਣਾ, ਏਸ ਦਾ ਨਾਮ ਚੜ੍ਹਦੀ ਕਲਾ ਹੈ । ਏਸ ਅਵਸਥਾ ਦੀ ਪੂਰਣਤਾ ਹੀ ਸਿਖ ਅਰਦਾਸ ਦੀ ਕਰਾਮਾਤ ਹੈ ।

ਸਾਡੀ ਸੁਗਯਾਤ ਲਈ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਅਰਦਾਸ ਦੀ ਜ਼ਰੂਰਤ ਲਈ ਕਿਸ ਪ੍ਰਕਾਰ ਦਾ ਅਲੰਕਾਰ ਪਹਿਲੇ ਟ੍ਰੈਕਟ ਵਿਚ ਬੱਧਾ ਹੈ, ਜੋ ਸੰਨ ੧੯੯੩ ਦੇ ਕਰੀਬ ਉਹਨਾਂ ਲਿਖਿਆ, ਆਪ ਦੀ ਭੇਟ ਕਰਦੇ ਹਾਂ । ਜੋ ਲੋਕ ਆਪ ਨੂੰ ਇਹ ਸ਼ੰਕਾ ਪਾ ਦੇਂਦੇ ਹਨ ਕਿ ਪ੍ਰਾਰਥਨਾ ਕਰਨੀ ਵਿਅਰਥ ਹੈ, ਇਸ ਦੇ ਪੜ੍ਹਨ ਤੋਂ ਇਸ ਦਾ ਉੱਤਰ ਆਪ ਨੂੰ ਇਕ ਅਤਿ ਸਿਖਾਯਾਦਾਇਕ ਪ੍ਰਸੰਗ ਦੁਆਰਾ ਸਾਖਯਾਤ ਹੋ ਜਾਵੇਗਾ । ਲਉ ਪੜ੍ਹੋ :—

"ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡ ਸਭੁ ਤੇਰੀ ਰਾਸਿ ॥

'ਪ੍ਰਾਰਥਨਾ ਵਿਸ਼ੇ ਪੁਰ ਇਕ ਮਨੋਹਰ ਵਾਰਤਾ'

ਸਦ ਬਖਸਿੰਦ ਸਦਾ ਮਿਹਰਵਾਨਾ
ਸਭਨਾ ਦੇਇ ਅਧਾਰੀ ॥"

ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਤੇ ਉਦਾਰਤਾ ਕੌਣ ਨਹੀਂ ਜਾਣਦਾ । ਪੰਜਾਬ ਵਰਗੇ ਫ਼ਸਾਦਾਂ ਨਾਲ ਭਰਪੂਰ ਦੇਸ਼ ਨੂੰ ਜਿੱਤਣਾ, ਜਿੱਥੇ ਚੱਪੇ ਚੱਪੇ ਤੇ ਅੱਡ ਰਾਜ ਸੀ ਤੇ ਹਰੇਕ ਆਪਣੇ ਆਪ ਨੂੰ ਤੀਸ ਮਾਰ ਖਾਂ ਸਮਝਦਾ ਸੀ, ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ । ਇਸ ਕਰਕੇ ਮਹਾਰਾਜਾ ਨੂੰ ਵਡੀਆਂ ਵਡੀਆਂ ਭੀੜਾਂ ਤੇ ਮੁਹਿੰਮਾਂ ਪੈਂਦੀਆਂ ਰਹੀਆਂ, ਪਰ ਉਹ ਸ਼ੇਰ-ਦਿਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਦੀ ਨਹੀਂ ਘਬਰਾਇਆ । ਔਕੜ ਵੇਲੇ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰਨੀ ਤੇ ਕਾਰਜ ਸਿੱਧ ਲੈ ਲੈਣੇ।

ਇਕ ਵਾਰੀ ਇਕ ਵਡਾ ਸਰਦਾਰ, ਜੋ ਪਹਿਲੇ ਧਾੜਵੀ ਸੀ, ਆਕੀ ਹੋ ਗਿਆ। ਇਸ ਨੂੰ ਮਹਾਰਾਜਾ ਨੇ ਵੱਡੇ ਔਖ ਨਾਲ ਜਿੱਤਿਆ ਅਤੇ ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ। ਕੈਦ ਵਿਚ ਇਹ ਸਰਦਾਰ ਸਦੀਵ ਪਰਮੇਸ਼ਰ ਤੇ ਮਨੁੱਖਾਂ ਨੂੰ ਗਾਲ੍ਹਾਂ ਦਿੰਦਾ, ਤੇ ਜੋ ਮੂੰਹ ਪਰ ਆਉਂਦੀ ਬਕਦਾ ਰਹਿੰਦਾ। ਕਰਤਾਰ ਪਰ ਵਿਸ਼ਵਾਸ ਰਖਣਾ ਸਰਬ ਸੁਖਾਂ ਦੀ ਖਾਣ ਹੈ, ਪਰ ਇਹ ਮਹਾਂ ਉੱਤਮ ਪਦਾਰਥ ਬੀ ਇਸ ਅਪਰਾਧੀ ਦੇ ਹਿਰਦੇ ਥੋਂ ਉਡ ਕੇ ਇਸ ਨੂੰ ਇਕ ਅਜਿਹੀ ਅੱਗ ਵਿਚ ਸਿੱਟ ਗਿਆ, ਕਿ ਜਿਸ ਵਿਚ ਆਦਮੀ ਮਰਦਾ ਤਾਂ ਨਹੀਂ, ਪਰ ਸਦੀਵ ਸੜਦਾ ਰਹਿੰਦਾ ਹੈ। ਕੈਦਖ਼ਾਨੇ ਦੀਆਂ ਡਰਾਉਣੀਆਂ ਕੰਧਾਂ ਇਸ ਨੂੰ ਖਾਣ ਨੂੰ ਪੈਂਦੀਆਂ ਤੇ ਹਨੇਰੇ ਵਿਚ ਅਨੇਕ ਪ੍ਰਕਾਰ ਦੇ ਭੈ ਇਸ ਦੀਆਂ ਅੱਖਾਂ ਅੱਗੇ ਆ ਆ ਕੇ ਇਸ ਦੇ ਦੁਖਾਂ ਨੂੰ ਦੂਣਾ ਕਰਦੇ। ਜਦ ਕੋਈ ਸਰਕਾਰੀ ਨੌਕਰ ਇਸ ਨੂੰ ਅੰਨ ਪਾਣੀ ਦੇਣ ਆਉਂਦਾ ਤਾਂ ਇਹ ਮਹਾਰਾਜਾ ਸਾਹਿਬ ਨੂੰ ਹਜ਼ਾਰ ਹਜ਼ਾਰ ਗਾਲ੍ਹ ਇਕੋ ਸਾਬੇ ਸੁਣਾਉਂਦਾ।

ਇਕ ਦਿਨ ਇਹ ਦੁਖੀ, ਸਮਾਂ ਕਟਣ ਲਈ ਆਪਣੀ ਕੁਟੀਆ ਦੇ ਜਾਲੇ ਫਰੋਲ ਰਿਹਾ ਸੀ, ਅਚਾਨਕ ਇਕ ਪੁਰਾਣੀ ਪੋਥੀ ਹੱਥ ਲੱਗੀ। ਉਸ ਨੂੰ ਲੈ ਕੇ ਪੜ੍ਹਣ ਬੈਠ ਗਿਆ। ਵਿਹਲਿਆਂ ਹੋਣ ਕਰਕੇ ਇਸ ਦਾ ਦਿਲ ਪੋਥੀ ਵਿਚ ਖੁਭਦਾ ਗਿਆ। ਛੇਕੜ ਇਕ ਤੁਕ ਪੁਰ ਪਹੁੰਚਾ :—

"ਸਦ ਬਖਸਿੰਦੁ ਸਦਾ ਮਿਹਰਵਾਨਾ
ਸਭਨਾ ਦੇਇ ਅਧਾਰੀ ॥"

ਇਸ ਤੁਕ ਨੂੰ ਪੜ੍ਹ ਕੇ ਉਹ ਇਕ ਪ੍ਰਕਾਰ ਦੇ ਵਹਿਣ ਵਿਚ ਪੈ ਗਿਆ ਕਿ ਕੀ ਪਰਮੇਸ਼ਰ, ਜਿਸਨੂੰ ਮੈਂ ਇਕ ਡਰਾਉਣਾ ਭੂਤ ਸਮਝਦਾ ਹਾਂ, ਇੱਡਾ ਕ੍ਰਿਪਾਲੂ ਹੈ ਕਿ ਸਦੀਵ ਬਖਸ਼ਦਾ ਤੇ ਦਇਆ ਕਰਦਾ ਹੈ ? ਅਤੇ ਪਾਪੀ ਪੁੰਨਾਤਮਾ ਸਭ ਨੂੰ ਆਸਰਾ ਦਿੰਦਾ ਹੈ ? ਕੀ ਉਸ ਕ੍ਰਿਪਾ ਸਾਗਰ ਦੀ ਮਿਹਰ ਦੀ ਛਾਂ ਹੇਠ ਮੈਂ ਨਹੀਂ ਆ ਸਕਦਾ ?

ਆਪ ਜਾਣਦੇ ਹੋ, ਜਦ ਆਦਮੀ ਦੁਨੀਆਂ ਦੇ ਹੱਥੋਂ ਸਤ ਜਾਂਦਾ ਹੈ ਤਾਂ ਉਸ ਦਾ ਮਨ ਸਚਾਈ ਦੇ ਪਰਵਾਨ ਕਰਨ ਨੂੰ ਸੁਤੇ ਹੀ ਤਿਆਰ ਹੋ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਸ ਤੁਕ ਦੇ ਪਵਿਤ੍ਰ ਭਾਵ ਨੇ ਇਸ ਡੁਬਦੇ ਪੁਰਖ ਨੂੰ ਸਹਾਰਾ ਦਿਤਾ।

ਇਕ ਰਾਤ ਮੀਂਹ ਹਨੇਰੀ ਤੇ ਵਰਖਾ ਨੇ ਉਹ ਤਰਥੱਲੀ ਮਚਾਈ ਕਿ ਕੈਦੀ ਨੂੰ ਨੀਂਦ ਨਾ ਆਈ ਅਰ ਇਸ ਸੋਚ ਵਿਚ ਸਾਰੀ ਰਾਤ ਬੀਤ ਗਈ ਕਿ ਮੈਂ ਪਾਪੀ ਹਾਂ ਤੇ ਪਰਮਾਤਮਾ ਸਭ ਨੂੰ ਸਹਾਰਾ ਦਿੰਦਾ ਹੈ, ਕੀ ਮੈਨੂੰ ਬੀ ਪਰਮੇਸ਼ੁਰ ਬਖਸ਼ੇਗਾ, ਕੀ ਮੇਰੇ ਪਾਪ ਬੀ ਖਿਮਾ ਹੋ ਸਕਦੇ ਹਨ। ਇਨ੍ਹਾਂ ਸੋਚਾਂ ਦਾ ਫਲ ਇਹ ਹੋਇਆ ਕਿ ਇਸ ਪਾਪੀ ਦੇ ਦਿਲ ਵਿਚ ਸੱਚਾ ਪਛਤਾਵਾ ਆਇਆ ਤੇ ਹੱਥ ਜੋੜ ਕੇ ਪ੍ਰਾਰਥਨਾ ਕਰਨ ਲੱਗਾ :—

"ਹੇ ਅਕਾਲ ਪੁਰਖ ! ਮੈਂ ਆਪਣੀ ਜੁਆਨੀ ਦੇ ਦਿਨਾਂ ਵਿਚ ਕਈ ਆਦਮੀ ਬੇਦੋਸ਼ ਮਾਰੇ ਤੇ ਸੈਂਕੜੇ ਇਸਤ੍ਰੀਆਂ ਵਿਧਵਾ ਤੇ ਅਣਗਿਣਤ ਬਾਲ ਅਨਾਥ ਕੀਤੇ। ਤੇਰੀ ਸ੍ਰਿਸ਼ਟੀ ਨੂੰ ਦੁਖ ਦਿਤਾ ਤੇ ਛੇਕੜ ਪਾਤਸ਼ਾਹ ਦਾ, ਜਿਸਨੇ ਮੈਨੂੰ ਧਾੜਵੀ ਤੋਂ ਸਰਦਾਰ ਬਣਾਇਆ ਸੀ, ਦੁਸ਼ਮਣ ਹੋ ਗਿਆ। ਹੇ ਪਿਤਾ ! ਮੈਥੋਂ ਵਧ ਕੇ ਪਾਪੀ ਕੋਈ ਨਹੀਂ, ਮੈਂ ਕੁੰਭੀ ਨਰਕ ਦੇ ਜੋਗ ਹਾਂ, ਪਰ ਆਪ ਬਖਸ਼ਿੰਦ ਹੋ, ਮੈਨੂੰ ਬੀ ਬਖਸ਼ੋ।" ਇਸ ਪ੍ਰਕਾਰ ਢੇਰ ਚਿਰ ਪ੍ਰਾਰਥਨਾ ਕਰਦਾ ਰਿਹਾ।

ਦਿਨ ਹੋਏ ਫੇਰ ਉਹੋ ਪੋਥੀ ਪੜ੍ਹਨ ਲੱਗਾ, ਤਾਂ ਇਹ ਸ਼ਬਦ ਪੜਿਆ :—

"ਜਾਕਉ ਮੁਸਕਲੁ ਅਤਿ ਬਣੈ ਢੋਈ ਕੋਇ ਨਾ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੂਕੈ ਸਭ ਅਸਰਾਉ ॥
ਚਿਤਿ ਆਵੈ ਉਸ ਪਾਰਬ੍ਰਹਮ ਲਗੈ ਨ ਤਤੀ ਵਾਉ ॥" ਆਦਿ।

ਇਹ ਸਾਰਾ ਸ਼ਬਦ ਪੜ੍ਹ ਕੇ ਕੈਦੀ ਨੂੰ ਵੱਡਾ ਅਨੰਦ ਪ੍ਰਾਪਤ ਹੋਇਆ ਤੇ ਆਪਣੇ ਆਪ ਵਿਚ ਹੀ ਕਹਿਣ ਲੱਗਾ ਕਿ ਅਗੇ ਮੈਂ ਆਪਣੇ ਆਪ ਨੂੰ ਅਤਿ ਦੁਖੀ ਸਮਝਦਾ ਸਾਂ, ਪਰ ਹੁਣ ਮੈਂ ਅਨੰਦ ਹਾਂ, ਮੇਰੇ ਸਭ ਸੰਕਟ ਨਿਵਿਰਤ ਹੋ ਗਏ, ਜਿਸ ਦਾ ਕਾਰਨ ਈਸ਼੍ਵਰ ਪੁਰ ਭਰੋਸਾ ਤੇ ਉਸ ਦੀ ਬਿਅੰਤ ਦਇਆ ਹੈ। ਮੇਰਾ ਦਿਲ, ਜੋ ਸਮੁੰਦਰ ਦੀਆਂ ਲਹਿਰਾਂ ਵਾਂਗੂ ਡੋਲ ਰਿਹਾ ਸੀ, ਹੁਣ ਸ਼ਾਂਤ ਹੈ। ਇਸ ਪ੍ਰਕਾਰ ਕਰਤਾਰ ਪੁਰ ਭਰੋਸਾ ਕਰਕੇ ਸੱਚ ਪਛਤਾਵੇ ਤੇ ਉਪਾਸ਼ਨਾ ਥੋਂ ਇਹ ਅਪ੍ਰਾਧੀ ਸੁਖੀ ਹੋ ਗਿਆ ਤੇ ਉਸ ਦੇ ਸਭ ਸੰਕਟ ਨਿਵਿਰਤ ਹੋ ਗਏ। ਦਿਨੋਂ ਦਿਨ ਪਾਠ ਵਿਚ ਵੱਧ ਤੋਂ ਵੱਧ ਪ੍ਰੇਮੀ ਹੁੰਦਾ ਗਿਆ ਅਰ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ੍ਰੰਥੀ ਨੂੰ ਸਦਵਾ ਕੇ ਉਸ ਥੋਂ ਕਈ ਸ਼ਬਦਾਂ ਦੇ ਅਰਥ ਸਮਝਦਾ। ਇਨ੍ਹਾਂ ਗੱਲਾਂ ਦਾ ਫਲ ਇਹ ਹੋਇਆ ਕਿ ਕੈਦੀ ਦਾ ਵਰਤੋਂ ਵਰਤਾਰਾ ਹੋਰ ਦਾ ਹੋਰ ਹੋ ਗਿਆ। ਹਰੇਕ ਨਾਲ ਮਿੱਠਾ ਬੋਲੇ, ਨਿੰਮ੍ਰਤਾ ਨਾਲ ਵਰਤੇ। ਸਾਰੇ ਲੋਕ ਹੈਰਾਨ ਸਨ ਕਿ ਇਹ ਅਚਰਜ ਖੇਡ ਕੀ ਵਰਤ ਗਈ ਜੋ ਇਸ ਦਾ ਸੁਭਾਉ ਅਜਿਹਾ ਵਟੀਜ ਗਿਆ।

ਇਸ ਤੋਂ ਕੁਝ ਦਿਨ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਰੁਹਤਾਸ ਆ ਡੇਰੇ ਲਾਏ। ਉਸ ਰਾਤ ਆਪ ਢਿੱਲੇ ਹੋ ਗਏ। ਦਵਾਵਾਂ ਦਰਮਲਾਂ ਸਭ ਅਫੱਲ ਗਈਆਂ। ਜਦ ਅੱਧੀ ਰਾਤ ਤੀਕ ਨੀਂਦ ਨਾ ਆਈ ਤਾਂ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਹੇ ਕਰਤਾਰ! ਮੈਨੂੰ ਨੀਂਦ ਬਖਸ਼। ਝੱਟ ਅੱਖ ਲੱਗ ਗਈ ਤੇ ਸਵੇਰੇ ਰਾਜ਼ੀ ਖ਼ੁਸ਼ੀ ਉਠੇ। ਵਜ਼ੀਰ ਧਿਆਨ ਸਿੰਘ ਨੂੰ ਸਦਾ ਕੇ ਬੋਲੇ:—"ਰਾਜਾ ਜੀ, ਵਾਹਿਗੁਰੂ ਨੇ ਮੇਰੀ ਬੇਨਤੀ ਸੁਣੀ ਤੇ ਮੈਨੂੰ ਆਰਾਮ ਬਖਸ਼ਿਆ। ਮੈਂ ਅੱਜ ਉਸ ਸਿਰਜਣਹਾਰ ਦੇ ਧੰਨਵਾਦ ਵਿਚ ਚਾਹੁੰਦਾ ਹਾਂ ਕਿ ਇਕ ਭਾਰੇ ਕੈਦੀ ਨੂੰ ਛੁਟਕਾਰਾ ਦਿਆਂ।" ਰਾਜਾ ਬੋਲਿਆ, "ਸੱਚੇ ਪਾਤਸ਼ਾਹ! ਇਸੇ ਕਿਲ੍ਹੇ ਵਿਚ ਇਕ ਧਾੜਵੀ ਸਰਦਾਰ ਕੈਦ ਹੈ, ਉਸ ਦੀ ਕੈਦ ਭੀ ਕਰੜੀ ਹੈ ਤੇ ਆਪ ਦੀ ਮਿਹਰ ਦੇ ਜੋਗ ਇਸ ਵੇਲੇ ਉਹੋ ਹੀ ਹੈ।" ਮਹਾਰਾਜਾ ਦਾ ਹੁਕਮ ਹੋ ਗਿਆ। ਝੱਟ ਕੈਦੀ ਨੂੰ ਛੁਟਕਾਰੇ ਦੀ ਖੁਸ਼ਖ਼ਬਰੀ ਸੁਣਾਈ ਗਈ ਅਰ ਮਹਾਰਾਜਾ ਦੇ ਪੇਸ਼ ਕੀਤਾ ਗਿਆ। ਆਪ ਨੇ ਹੱਸ ਕੇ ਪੁੱਛਿਆ, "ਕਿਉਂ ਭਈ ਅਜੇ ਸਿੱਧਾ ਹੋਇਆ ਹੈਂ ਕਿ ਨਹੀਂ?" ਇਸ ਦੇ ਉੱਤਰ ਵਿਚ ਉਸ ਨੇ ਕੈਦਖਾਨੇ ਦਾ ਸਾਰਾ ਸਮਾਚਾਰ ਸੁਣਾ ਕੇ ਕਿਹਾ ਕਿ ਮਹਾਰਾਜਾ ਆਪ ਦੀ ਕ੍ਰਿਪਾ ਨਾਲ ਮੈਂ ਧਾੜਵੀ ਤੋਂ ਸਰਦਾਰ ਬਣਿਆ ਤੇ ਆਪ ਦੀ ਹੀ ਕੈਦ ਵਿਚ ਆਪਣੇ ਸੱਚੇ ਪਿਤਾ ਪਰਮੇਸ਼ੁਰ ਦੇ ਪ੍ਰੇਮੀ ਥੀਂ ਜਾਣੂ ਹੋਇਆ। ਹੁਣ ਸੱਚੀ ਖ਼ੁਸ਼ੀ ਪ੍ਰਾਪਤ ਹੈ, ਮੇਰਾ ਮਨ ਵਾਹਿਗੁਰੂ ਦੇ ਪ੍ਰੇਮ ਵਿਚ ਮਗਨ ਹੈ। ਇਸ ਕੈਦ ਥੀਂ ਭੀ ਉਸੇ ਦੀ ਬਿਅੰਤ ਦਇਆ ਨਾਲ ਖਲਾਸੀ ਹੋਈ ਹੈ ਤੇ ਅੰਤ ਨੂੰ ਬੀ ਮਾਂਹ ਭੌਜਲ ਥੋਂ ਉਸੇ ਨੇ ਛੁਟਕਾਰਾ ਬਖਸ਼ਣਾ ਹੈ। ਜਿਹਾ ਕੁ ਵਾਕ ਹੈ:—

"ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਇ ॥"

ਮਹਾਰਾਜਾ ਇਹ ਗੱਲਾਂ ਸੁਣ ਕੇ ਬੜਾ ਪ੍ਰਸੰਨ ਹੋਇਆ, ਅਰ ਉਸ ਨੂੰ ਫੇਰ ਸਰਦਾਰੀ ਦੇਣ ਲੱਗਾ, ਪਰ ਉਸਨੇ ਨੱਕ ਨਾ ਧਾਰਿਆ (ਭਾਵ ਸਰਦਾਰੀ ਲੈਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਵਾਨ ਨਾ ਕੀਤੀ) ਅਰ ਇਹ ਕਹਿ ਕੇ ਚਲਾ ਗਿਆ :—

"ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ॥"

ਪਿਆਰੇ ਪਾਠਕੋ ! ਰਤਾ ਸੋਚੋ ਕਿ ਪਰਮੇਸ਼ੁਰ ਪੁਰ ਨਿਸ਼ਚਾ ਕਰਨਾ ਤੇ ਉਸਦੀ ਸੇਵਾ ਵਿਚ ਪ੍ਰਾਰਥਨਾ ਕਰਨੀ, ਮਨ ਨੂੰ ਕਿੱਡੇ ਸ਼ਾਂਤਦਾਇਕ ਹਨ। ਦੁਖ, ਸੰਕਟ, ਕਸ਼ਟ ਕੁਝ ਬੀ ਦੁਖਦਾਈ ਨਹੀਂ ਭਾਸਦੇ। ਕਦੀ ਕਿਸੇ ਮਨਮਤੀਏ ਦੀ ਇਸ ਗੱਲ ਪੁਰ ਨਾ ਪਤੀਆ ਕਰੋ ਕਿ "ਪ੍ਰਾਰਥਨਾ ਕਰਨੀ ਵਿਅਰਥ ਹੈ", ਸਦਾ ਇਸ ਗੱਲ ਨੂੰ ਚੇਤੇ ਰਖੋ ਕਿ ਰੱਬ ਸਾਡਾ ਦਇਆਲੂ ਪਿਤਾ ਹੈ ਤੇ ਅਸੀਂ ਭੁੱਲਣਹਾਰ ਪੁਤ੍ਰ ਹਾਂ :—

"ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁਭਾਤੀ ਬਹੁੜਿ ਪਿਤਾ ਗਲਿ ਲਾਵੈ ॥"

ਪਰਮੇਸਰੁ ਸਾਡੇ ਨਾਲ ਪ੍ਰੇਮ ਕਰਦਾ ਹੈ ਅਤ ਉਸ ਨੂੰ ਪ੍ਰਾਪਤ ਕਰਨ ਦੀ ਕੁੰਜੀ ਬੀ ਉਸ ਨਾਲ ਪ੍ਰੇਮ ਕਰਨਾ ਹੈ। ਦਸਮੰ ਗੁਰੂ ਜੀ ਦਾ ਵਾਕ ਹੈ :—

"ਸਾਚ ਕਹੋਂ ਸੁਨਿ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥"

ਇਹ ਦੁਨੀਆ ਥੋੜ੍ਹੇ ਦਿਨ ਹੈ, ਅੰਤ ਨੂੰ ਪਰਮੇਸ਼ੁਰ ਦੀ ਦਰਗਾਹੇ ਚਲਣਾ ਹੈ, ਜਿਥੇ ਭਲੇ ਬੁਰੇ ਕੰਮਾਂ ਦਾ ਨਿਸਤਾਰਾ ਹੋਣਾ ਹੈ। ਜਾਂ ਸਦਾ ਦੀ ਖ਼ੁਸ਼ੀ ਜਾਂ ਚੁਰਾਸੀ ਲੱਖ ਜੂਨ ਦਾ ਨਰਕ। ਤਾਂ ਤੇ ਭਲਾ ਇਹ ਹੈ ਕਿ ਉਸ ਪਾਪੀ ਵਾਂਗੂ ਇਸੇ ਜਗਤ ਵਿਚ ਪਿਤਾ ਥੋਂ ਪਾਪ ਬਖਸ਼ਾ ਕੇ ਕੁਝ ਭਜਨ ਰੂਪੀ ਖੇਪ ਲੱਦ ਲਉ। ਜਗਤ ਦਾ ਵਿਹਾਰ ਸ਼ੁੱਧ ਰਖੋ ਤੇ ਮਨ ਕਰਤਾਰ ਵਲ ਰੱਖੋ ਅਰ ਸਦੀਵ ਇਹ ਪ੍ਰਾਰਥਨਾ ਕਰੋ :—

"ਰਾਖਹੁ ਅਪਨੀ ਸਰਨਿ ਪ੍ਰਭ ਮੋਹਿ ਕਿਰਪਾ ਧਾਰੇ ॥
ਸੇਵਾ ਕਛੂ ਨਾ ਜਾਨਊ ਨੀਚੁ ਮੂਰਖਾਰੇ ॥੧॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥
ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ ॥੧॥ ਰਹਾਉ ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮ ਨਿਰਗੁਨ ਦਾਤਾਰੇ ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੁਮ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥
ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹ ਮੁਗਧ ਉਧਾਰੇ "
॥੪॥੪॥੩੪॥

ਮਾਝ ਮਹਲਾ ੫

"ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈਂ ਤਾ ਭਉ ਕੇਹਾ ਕਾੜਾਜੀਉ ॥
ਤੁਮਰੀ ਕਿਰਪਾ ਤੇ ਤੁਧੁ ਪਛਾਣਾ ॥
ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ ॥
ਤੁਝ ਬਿਨੁ ਦੂਜਾ ਅਵਰੁ ਨਾ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥
ਜੀਅ ਜੰਤ੍ਰ ਸਭਿ ਤੁਧੁ ਉਪਾਏ ॥
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥
ਨਾਮੁ ਧਿਆਇ ਮਹਾ ਸੁਖੁ ਪਾਇਆ ॥
ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥
ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ"
॥੪॥੨੪॥੩੧॥
('ਲੰਮੀ ਨਦਰ' ਵਿਚੋਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਪ੍ਰਿੰ: ਤੇਜਾ ਸਿੰਘ)

ਵਿਹਲੀਆਂ ਗੱਲਾਂ

ਅੱਜ ਕਲ੍ਹ ਦੀ ਜ਼ਿੰਦਗੀ ਇਕ ਹੁੱਲੜ ਹੈ, ਵਾ-ਵਰੋਲਾ ਹੈ। ਇਸ ਵਿਚ ਵਿਹਲ ਕਿਥੇ ? ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿਥੇ ? ਫਿਰ ਸਾਰੇ ਸਿਆਣੇ, ਧਾਰਮਕ ਲਿਖਾਰੀ ਤੇ ਸਮਾਜਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿਚ ਬਿਤਾਇਆ ਜਾਏ। ਕਹਿੰਦੇ ਨੇ ਕਿ ਜਿਥੇ ਅਸਾਂ ਆਪਣੇ ਹਰ ਕਰਮ ਦਾ ਜਵਾਬ ਦੇਣਾ ਹੈ, ਉਥੇ ਹਰ ਕਥਨ ਦਾ ਭੀ ਗਿਣ-ਗਿਣ ਕੇ ਲੇਖਾ ਦੇਣਾ ਪਵੇਗਾ। ਇਸ ਲਈ ਹਰ ਇਕ ਆਦਮੀ ਨੂੰ ਆਪਣੀ ਜੀਭ ਨੂੰ ਲਗਾਮ ਪਾ ਕੇ ਰੱਖਣਾ ਚਾਹੀਦਾ ਹੈ। ਸਿਰਫ ਲੋੜ ਪਏ ਤੇ ਮੂੰਹ ਖੋਲ੍ਹਣਾ ਚਾਹੀਦਾ ਹੈ। ਜਦ ਮਤਲਬ ਦੀ ਗੱਲ ਪੂਰੀ ਹੋ ਗਈ ਝਟ ਜੰਦਾ ਲਾ ਕੇ ਚੁੱਪ ਵਟ ਲੈਣੀ ਚਾਹੀਦੀ ਹੈ। ਚੁੱਪ ਜਿਹੀ ਕੋਈ ਚੀਜ਼ ਨਹੀਂ। 'ਚੁੱਪ ਸੁਨਹਿਰੀ ਹੈ ਤੇ ਬੋਲ ਰੁਪਹਿਰੀ।' ਕਈਆਂ ਨੇ ਤਾਂ ਚੁੱਪ ਦੇ ਮਜ਼ਮੂਨ ਉਤੇ ਕਿਤਾਬਾਂ ਲਿਖ ਮਾਰੀਆਂ ਹਨ। ਇਹ ਤਾਂ ਇਉਂ ਹੋਇਆ, ਜਿਵੇਂ ਕੋਈ ਅਰਾਮ ਢੂੰਢਣ ਲਈ ਸੌ ਕੋਹ ਪੈਂਡਾ ਮਾਰੇ, ਜਾਂ ਵਰਤਾਂ ਦੀ ਤਿਆਰੀ ਲਈ ਰੋਟੀਆਂ ਦਾ ਕੋਠਾ ਭਰ ਲਵੇ। ਚੁੱਪ ਦੇ ਇਤਨੇ ਗੁਣ ਗਾਏ ਗਏ ਹਨ ਕਿ ਹੁਣ ਹਰ ਇਕ ਸਿਆਣੇ ਆਦਮੀ ਨੂੰ ਚੁੱਪ ਦਾ ਅਭਿਆਸ ਕਰਨਾ ਪੈਂਦਾ ਹੈ। ਹਫ਼ਤੇ ਭਰ ਦੇ ਲੈਕਚਰਾਂ ਤੇ ਇੰਟਰ-ਵਿਊਆਂ ਮਗਰੋਂ ਮਹਾਤਮਾ ਗਾਂਧੀ ਨੂੰ ਪ੍ਰਾਸਚਿਤ ਵਜੋਂ ਇਕ ਦਿਨ ਮੌਨ ਵਰਤ ਰੱਖਣਾ ਪੈਂਦਾ ਸੀ। ਜਿਤਨਾ ਕੋਈ ਆਦਮੀ ਧਰਮਾਤਮਾ ਜਾਂ ਉੱਚੀ ਸ਼ਾਨ ਵਾਲਾ ਹੁੰਦਾ ਹੈ, ਉਤਨਾ ਹੀ ਚੁੱਪੂ ਤੇ ਖੁਲ੍ਹੀਆਂ ਗੱਲਾਂ ਕਰਨ ਤੋਂ ਸੰਗਣ ਵਾਲਾ ਹੁੰਦਾ ਹੈ। ਉਸ ਨੂੰ ਹਰ ਵਕਤ ਖ਼ਤਰਾ ਰਹਿੰਦਾ ਹੈ ਕਿ ਮੇਰੀ ਕਿਸੇ ਗੱਲ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੋਈ ਗ਼ਲਤ ਫ਼ਾਇਦਾ ਨਾ ਉਠਾ ਲਵੇ। ਨਾਲੇ ਕਈ ਵੱਡੇ ਨਿਰੇ ਧਨ ਕਰਕੇ ਜਾਂ ਪਦਵੀ ਕਰਕੇ ਵੱਡੇ ਹੁੰਦੇ ਹਨ। ਉਹਨਾਂ ਵਿਚ ਕੋਈ ਗੁਣ ਵੱਡਾ ਨਹੀਂ ਹੁੰਦਾ। ਇਸ ਲਈ ਉਹ ਆਪਣਾ ਕੰਮ ਪ੍ਰਾਈਵੇਟ ਸਕੱਤ੍ਰਾਂ ਰਾਹੀਂ ਟਪਾ ਲੈਂਦੇ ਹਨ ਅਤੇ ਲੋਕਾਂ ਸਾਮ੍ਹਣਿਉਂ ਮੱਥੇ ਤੇ ਘੂਰੀ ਪਾਂਦੇ ਜਾਂ ਮੁੱਛਾਂ ਨੂੰ ਤਾਅ ਦੇਂਦੇ ਲੰਘ ਜਾਂਦੇ ਹਨ। ਫ਼ਾਰਸੀ ਦੇ ਅਖਾਣ ਮੂਜਬ, ਜਦ ਤੋੜੀ ਉਹ ਮੂੰਹ ਖੋਲ੍ਹ ਕੇ ਗੱਲ ਨਹੀਂ ਕਰਦੇ, ਤਦ ਤੋੜੀ ਉਨ੍ਹਾਂ ਦੇ ਗੁਣ ਔਗੁਣ ਛੁਪੇ ਰਹਿੰਦੇ ਹਨ।

ਜੇ ਉਨ੍ਹਾਂ ਅੰਦਰ ਗੁਣ ਹੋਣ ਭੀ, ਤਾਂ ਭੀ ਜ਼ਰੂਰੀ ਨਹੀਂ ਕਿ ਉਹ ਦੱਸ ਸਕਣ। ਕਿਉਂਕਿ ਗੱਲਬਾਤ ਕਰਨ ਦਾ ਵੱਲ ਹਰ ਇਕ ਨੂੰ ਨਹੀਂ ਆਉਂਦਾ। ਆਮ ਲੋਕੀ ਤਾਂ ਸੰਗਲ ਫੜ ਕੇ ਨਹਾ ਛਡਦੇ ਹਨ। ਖੁਲ੍ਹੀ ਤਾਰੀ ਕੋਈ ਹੀ ਲਾਉਂਦਾ ਹੈ। ਪਰ ਜਦ ਤਕ ਕੋਈ ਆਦਮੀ ਖੁਲ੍ਹ ਕੇ ਗੱਲ ਨਾ ਕਰੇ ਉਸ ਦੇ ਦਿਲ ਦਾ ਰੌਂ ਪਤਾ ਨਹੀਂ ਲਗ ਸਕਦਾ।

ਆਮ ਤੌਰ ਤੇ ਵੱਡਿਆਂ ਦੇ ਦਿਲ ਤਕ ਪਹੁੰਚਣਾ ਔਖਾ ਹੁੰਦਾ ਹੈ। ਲੋਕੀ ਕਹਿੰਦੇ ਤਾਂ ਹਨ ਕਿ ਬੋਲੀ ਅੰਦਰ ਦਾ ਭਾਵ ਜ਼ਾਹਰ ਕਰਨ ਵਾਸਤੇ ਬਣੀ ਹੈ (ਵਿਆਕਰਣ ਦੇ ਮੁਢਲੇ ਭਾਗ ਵਿਚ ਇਉਂ ਹੀ ਪੜ੍ਹੀਦਾ ਹੈ) ਪਰ ਅਮਲ ਵਿਚ ਜੋ ਗੱਲ ਦੇਖੀ ਜਾਂਦੀ ਹੈ ਉਹ ਇਹ ਹੈ ਕਿ ਅੱਜ ਕਲ੍ਹ ਬੋਲੀ ਬਹੁਤ ਕਰਕੇ ਦਿਲ ਦੇ ਭਾਵ ਨੂੰ ਲੁਕਾਣ ਲਈ ਵਰਤੀ ਜਾਂਦੀ ਹੈ। ਵਡਿਆਂ ਦੇ ਚਿਹਰੇ ਨੂੰ ਵੇਖ ਕੇ ਭੀ ਅਨੁਮਾਨ ਲਾਣਾ ਔਖਾ ਹੁੰਦਾ ਹੈ। ਚਿਹਰਾ ਕੀ ਹੁੰਦਾ ਹੈ ਦਿਲ ਦੇ ਬੂਹੇ ਤੇ ਪਿਆ ਇਕ ਪਰਦਾ, ਜਿਸ ਦੇ ਰੰਗ-ਬਰੰਗੀ ਚਿੱਤਰਾਂ ਤੋਂ ਅੰਦਰ ਦਾ ਹਾਲ ਲਭਣਾ ਔਖਾ ਹੁੰਦਾ ਹੈ। ਇਹੋ ਜਿਹੇ ਆਦਮੀ ਦੀ ਹਰ ਗੱਲ, ਹਰ ਹਰਕਤ ਰਸਮੀ ਹੋਵੇਗੀ। ਜੇ ਕਿਤੇ ਉਹ ਆਪਣੇ ਅਸਲੀ ਰੂਪ ਵਿਚ ਦੇਖਿਆ ਜਾ ਸਕਦਾ ਹੈ ਤਾਂ ਕੇਵਲ ਉਸ ਵੇਲੇ ਜਦ ਉਹ ਆਪਣੇ ਦੋ ਚਾਰ ਮਿੱਤਰਾਂ ਨਾਲ ਅੰਦਰਖਾਨੇ ਬਹਿ ਕੇ ਵਿਹਲੀਆਂ ਗੱਪਾਂ ਮਾਰ ਰਿਹਾ ਹੁੰਦਾ ਹੈ। ਉਸ ਵੇਲੇ ਉਸ ਦੇ ਮੂੰਹ ਤੋਂ, ਦਿਲ ਤੋਂ, ਬੋਲੀ ਤੋਂ ਪਰਦਾ ਲਹਿ ਗਿਆ ਹੁੰਦਾ ਹੈ ਤੇ ਉਹ ਪਲ ਛਿਨ ਲਈ ਆਪਣੇ ਆਪ ਨੂੰ ਹਊ ਬਹੂ ਜ਼ਾਹਰ ਕਰ ਰਿਹਾ ਹੁੰਦਾ ਹੈ।

ਇਸ ਪੈਂਤੜੇ ਤੋਂ ਦੇਖੀਏ ਤਾਂ ਵਿਹਲੀਆਂ ਗੱਲਾਂ, ਲੈਕਚਰਾਂ ਤੇ ਉਪਦੇਸ਼ਾਂ ਕੋਲੋਂ ਵਧੇਰੇ ਨਰੋਲ ਤੇ ਸੱਚ-ਪਰਖਾਊ ਹੁੰਦੀਆਂ ਹਨ, ਕਿਉਂਕਿ ਲੈਕਚਰ, ਕਥਾ ਜਾਂ ਬਹਿਸ ਕਰਨ ਵੇਲੇ ਆਦਮੀ ਇਕ ਰਸਮੀ ਚੋਗਾ ਆਪਣੇ ਮਨ ਦੀ ਬੋਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਪਾ ਲੈਂਦਾ ਹੈ, ਜਿਸ ਦੇ ਹੇਠਾਂ ਉਸ ਦਾ ਆਪਣਾ ਅਸਲਾ ਛੁਪਿਆ ਰਹਿੰਦਾ ਹੈ। ਪਰ ਉਹੀ ਆਦਮੀ ਜਦ ਨਵੇਕਲਾ ਬਹਿ ਕੇ ਕਿਸੇ ਨਾਲ ਖੁਲ੍ਹੀਆਂ ਗੱਲਾਂ ਕਰਦਾ ਹੈ, ਤਾਂ ਉਸ ਦਾ ਅੰਦਰਲਾ ਵਧੇਰੇ ਨਿਖਰ ਕੇ, ਸਭ ਸੁੰਗੜੇਵੇਂ ਤੇ ਦਿਖਾਵੇ ਦੂਰ ਕਰ ਕੇ, ਪ੍ਰਤੱਖ ਹੁੰਦਾ ਹੈ। ਉਸ ਵੇਲੇ ਉਸ ਦੀ ਸਾਰੀ ਸ਼ਖ਼ਸੀਅਤ ਖਿੜ ਕੇ ਬਾਹਰ ਆਉਂਦੀ ਹੈ। ਇਹ ਸ਼ਖ਼ਸੀਅਤ ਉਸ ਦੀ ਆਪਣੀ ਹੁੰਦੀ ਹੈ। ਇਸ ਵਿਚ ਕਿਸੇ ਹੋਰ ਦਾ ਰਲਾ ਨਹੀਂ ਹੁੰਦਾ। ਬੋਲੀ ਭੀ ਉਸ ਵੇਲੇ ਸੁਤੰਤਰ, ਨਰੋਲ ਅਤੇ ਸਭ ਬਨਾਵਟਾਂ ਤੋਂ ਬਰੀ ਹੁੰਦੀ ਹੈ। ਉਹ ਕਿਸੇ ਉਤੇ ਖ਼ਾਸ ਅਸਰ ਪਾਣ ਲਈ 'ਚਰਨਾਰਬਿੰਦ' 'ਮੁਖਾਰਬਿੰਦ' 'ਦੋਹਾਂ ਜਹਾਨਾਂ ਦੇ ਵਾਲੀ' 'ਜਗਤ ਰਖਿਅਕ' ਆਦਿ ਰਸਮੀ ਇਸਤਲਾਹਾਂ ਵਰਤਣ ਤੇ ਮਜਬੂਰ ਨਹੀਂ ਹੁੰਦਾ। ਉਹ 'ਸੀਤਲ ਜਲ ਛਕਦੇ ਹਨ' ਨਹੀਂ ਕਹਿੰਦਾ, ਬਲਕਿ 'ਠੰਢਾ ਪਾਣੀ ਪੀਓ' ਜਹੇ ਸਾਧਾਰਨ ਵਾਕ ਵਰਤਦਾ ਹੈ।

ਕਈ ਸੱਜਣ ਆਪਣੇ ਖਿਆਲਾਂ ਨੂੰ ਲੈਕਚਰ ਦੀ ਸ਼ਕਲ ਵਿਚ ਜ਼ਾਹਰ ਕਰਨੋਂ ਝਕਦੇ ਹਨ। ਜੇ ਔਖੇ ਸੌਖੇ ਹੋ ਕੇ ਖੜੇ ਹੋ ਭੀ ਜਾਣ ਤਾਂ ਉਨ੍ਹਾਂ ਦੇ ਖਿਆਲ ਦੀ ਸੰਗਲੀ ਟੁਟ ਟੁਟ ਪੈਂਦੀ ਹੈ, ਅਤੇ ਬੋਲੀ ਭੀ ਰਸਮੀ ਵਾਹਾਂ ਵਿਚ ਵਹਿਣ ਤੋਂ ਸੰਗਦੀ ਹੈ। ਪਰ ਜਦ ਉਹ ਵਿਹਲੇ ਬਹਿ ਕੇ ਗੱਲਾਂ ਕਰਨ ਲਗਣ ਤਾਂ ਬਹੁਤ ਸੋਹਣਾ ਅਸਰ ਪਾਂਦੇ ਹਨ। ਕਈ ਵਾਰੀ ਡੂੰਘੇ ਖਿਆਲਾਂ ਵਾਲੇ ਜਾਂ ਬਹੁਤ ਪਿਘਲਦੇ ਜਜ਼ਬੇ ਵਾਲੇ ਲੋਕ ਆਪਣੇ ਆਪ ਨੂੰ ਬੱਝਵੇਂ ਵਖਿਆਨਾਂ ਰਾਹੀਂ ਨਹੀਂ ਜ਼ਾਹਰ ਕਰ ਸਕਦੇ। ਪਰ ਨਿੱਜੀ ਤੌਰ ਤੇ ਆਪਣੇ ਸੰਗੀਆਂ ਸਾਥੀਆਂ ਵਿਚ ਬੈਠੇ ਉਹ ਉਹ ਗੱਲਾਂ ਕਰ ਸਕਦੇ ਹਨ ਜਿਨ੍ਹਾਂ ਦਾ ਅਸਰ ਸਦੀਵੀ ਤੇ ਜੀਵਣ-ਪਲਟਾਊ ਹੁੰਦਾ ਹੈ। ਜਿਸ ਕਿਸੇ ਨੂੰ ਭਗਤ ਲਛਮਣ ਸਿੰਘ ਜੀ ਅਤੇ ਭਾਈ ਵੀਰ ਸਿੰਘ ਜੀ ਨਾਲ ਬਹਿ ਕੇ ਗੱਲਾਂ ਕਰਨ ਦਾ ਅਵਸਰ ਮਿਲਿਆ ਹੈ, ਉਹ ਦਸ ਸਕਦਾ ਹੈ ਕਿ ਪ੍ਰਾਈਵੇਟ ਗੱਲਬਾਤ ਕਰਨ ਵਿਚ ਕਿਤਨੀ ਕਰਾਮਾਤੀ ਸ਼ਕਤੀ ਹੋ ਸਕਦੀ ਹੈ। ਇਨ੍ਹਾਂ ਨੇ ਆਪਣੀਆਂ ਲਿਖਤਾਂ ਦੁਆਰਾ ਜੋ ਅਸਰ ਲੋਕਾਂ ਦੇ ਆਚਰਣ ਬਣਾਉਣ ਵਿਚ ਕੀਤਾ ਹੈ, ਉਸ ਤੋਂ ਬਹੁਤ ਜ਼ਿਆਦਾ ਅਸਰ ਇਨ੍ਹਾਂ ਦੀਆਂ ਗੱਲਾਂ ਦਾ ਹੋਇਆ ਹੈ। ਭਗਤ ਜੀ ਨੇ ਪਿੰਡੀ ਤੋਂ ਸੈਦ-ਪੁਰ ਨੂੰ ਜਾਂਦੀ ਸੜਕ ਉਤੇ ਸੈਰ ਕਰਦਿਆਂ ਆਪਣੀਆਂ ਅਮੁੱਕ ਗੱਲਾਂ ਨਾਲ ਕਿਤਨਿਆਂ ਨੌਜਵਾਨਾਂ ਦੇ ਦਿਲਾਂ ਵਿਚ ਦਸਮੇਸ਼ ਜੀ ਲਈ ਸ਼ਰਧਾ ਭਰੀ, ਪੰਥਕ ਸੇਵਾ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਸ਼ਾਹ ਦਿੱਤਾ, ਥਾਪੜ ਕੇ, ਪੁਚਕਾਰ ਕੇ, ਕੁਰਾਹੋਂ ਰਾਹੇ ਪਾਇਆ। ਭਾਈ ਵੀਰ ਸਿੰਘ ਜੀ ਨੇ ਆਪਣੇ ਸੋਹਣੇ ਬਾਗ਼ ਦੇ ਕੋਮਲ ਦੁਆਲੇ ਵਿਚ ਬਹਿ ਕੇ, ਆਪਣੀਆਂ ਗੱਲਾਂ ਦੀ ਮੀਂਹ ਵਾਂਗੂ ਕਿਣ-ਮਿਣ ਲਾ ਕੇ ਕਿਤਨਿਆਂ ਦੇ ਜੀਵਨ ਵਿਚ ਰਸ ਭਰਿਆ, ਸੁਗੰਧਤ ਕੀਤਾ ਤੇ ਕੋਮਲ ਬਣਾਇਆ।

ਇਸੇ ਤਰ੍ਹਾਂ ਹਰ ਸ਼ਹਿਰ, ਹਰ ਪਿੰਡ ਵਿਚ ਕੁਝ ਕੁ ਆਦਮੀ ਹੁੰਦੇ ਹਨ ਜੋ ਕਿਤਾਬਾਂ ਤਾਂ ਨਹੀਂ ਲਿਖਦੇ, ਤੇ ਨਾ ਕਿਧਰੇ ਖੜੋ ਕੇ ਲੈਕਚਰ ਕਰਦੇ ਹਨ, ਪਰ ਪਰ੍ਹੇ ਵਿਚ ਬਹਿ ਕੇ ਜੋ ਅਸਰ ਉਹ ਆਪਣੀਆਂ ਗੱਲਾਂ ਨਾਲ ਪਾਂਦੇ ਹਨ, ਉਸ ਦੇ ਨਾਲ ਦਾ ਅਸਰ ਪਿੰਡ ਦਾ ਗ੍ਰੰਥੀ, ਪੰਡਤ ਜਾਂ ਮੁੱਲਾਂ ਭੀ ਨਹੀਂ ਪਾ ਸਕਦਾ। ਗੁਰਦੁਆਰਿਆਂ, ਮੰਦਰਾਂ ਤੇ ਮਸੀਤਾਂ ਵਿਚ ਜੋ ਕੁਝ ਥੋਕ ਕਰਕੇ ਵਿਕਦਾ ਹੈ, ਇਥੇ ਪਰਚੂਣ ਕਰਕੇ ਵਿਹਾਜਿਆ ਜਾਂਦਾ ਹੈ; ਜੋ ਉਥੇ ਖ਼ਰਾਸ ਵਾਂਗੂ ਦਗਲਿਆ ਜਾਂਦਾ ਹੈ, ਇਥੇ ਚੱਕੀ ਵਾਂਗੂ ਮਹੀਨ ਪੀਠਾ ਜਾਂਦਾ ਹੈ; ਜਾਂ ਇਉਂ ਕਹੋ ਕਿ ਜੋ ਉਥੇ ਬਿਨਾਂ ਸੋਚੇ ਸਮਝੇ ਨਿਗਲਿਆ ਜਾਂਦਾ ਹੈ, ਉਹ ਉਥੇ ਉਗਾਲੀ ਕਰ ਕੇ ਪਚਾਇਆ ਜਾਂਦਾ ਹੈ। ਇਹ ਇਕ ਪਾਰਲੀਮਿੰਟ ਹੈ ਜੋ ਹਰ ਥਾਂ ਹਰ ਵੇਲੇ ਲੱਗੀ ਰਹਿੰਦੀ ਹੈ ਇਸ ਵਿਚ ਆਮ ਰਾਇ ਬਣਦੀ, ਵੱਡੀਆਂ ਗੱਲਾਂ ਦੇ ਫੈਸਲੇ ਹੁੰਦੇ, ਕੌਮਾਂ ਉਸਰਦੀਆਂ, ਨਿਸਰਦੀਆਂ ਤੇ ਢਹਿੰਦੀਆਂ ਹਨ। ਕੌਂਸਲਾਂ ਤੇ ਐਸੰਬਲੀਆਂ ਵਿਚ ਜਾ ਕੇ ਮਤੇ ਪਿਛੋਂ ਪਾਸ ਹੁੰਦੇ ਹਨ, ਪਰ ਪਹਿਲਾਂ ਉਹ ਮਤੇ ਇਥੇ ਬਣਦੇ, ਵੋਟਾਂ ਦੀ ਤਿਆਰੀ ਹੁੰਦੀ ਤੇ ਪਾਸ ਫੇਲ੍ਹ ਕਰਨ ਦੇ ਮਨਸੂਬੇ ਬੱਝਦੇ ਹਨ। ਜੋ ਖ਼ਿਆਲ ਅੰਤਮ ਸ਼ਕਲ ਵਿਚ ਅਖਬਾਰਾਂ ਮੈਗ਼ਜ਼ੀਨਾਂ ਤੇ ਕਿਤਾਬਾਂ ਵਿਚ ਪ੍ਰਕਾਸ਼ਤ ਹੁੰਦੇ ਹਨ, ਪਹਿਲਾਂ ਵਿਹਲੀਆਂ ਗੱਪਾਂ ਦੀ ਸ਼ਕਲ ਵਿਚ ਇਧਰ ਉਧਰ ਗੇੜੇ ਲਾਂਦੇ ਰਹਿੰਦੇ ਹਨ। ਜਦ ਉਹ ਇਸ ਛੱਜ ਵਿਚੋਂ ਛਟ-ਛਟੀ ਕੇ ਸਾਫ਼ ਹੋ ਕੇ ਸਾਰੀ ਜਨਤਾ ਦੇ ਸਾਮ੍ਹਣੇ ਆਉਂਦੇ ਹਨ ਤਾਂ ਵਧੇਰੇ ਪ੍ਰਮਾਣੀਕ ਗਿਣੇ ਜਾਂਦੇ ਹਨ। ਪਰ ਕੀ ਇਹ ਛਟਣ-ਛਟਾਣ ਵਾਲਾ ਕੰਮ ਨਿਕੰਮਾ ਹੈ ? ਇਸ ਤੋਂ ਬਿਨਾਂ ਕੋਈ ਖ਼ਿਆਲ, ਕੋਈ ਰਾਇ ਪੱਕੀ ਨਹੀਂ ਹੋ ਸਕਦੀ, ਅਤੇ ਜੋ ਉਸਾਰੀ ਕੌਮ ਦੀ ਜਾਂ ਇਸ ਦੇ ਕੰਮਾਂ ਦੀ ਹੋਵੇਗੀ, ਉਹ ਕੱਚੀ ਪਿੱਲੀ ਜਾਂ ਛੇਤੀ ਬਦਲਣ ਵਾਲੀ ਹੋਵੇਗੀ। ਇਹੋ ਇਕ ਸਕੂਲ ਹੈ ਜਿਸ ਵਿਚ ਅਕਬਰ, ਰਣਜੀਤ ਸਿੰਘ, ਡਿਕਨਸ, ਟੈਗੋਰ, ਬ੍ਰਾਊਨਿੰਗ ਆਦਿ ਮਹਾਂ ਪੁਰਖ ਪੜ੍ਹੇ।

ਆਮ ਗੱਲਬਾਤ ਉਤੇ ਕੋਈ ਕਾਪੀ-ਰਾਈਟ ਦਾ ਦਾਬਾ ਨਹੀਂ ਹੁੰਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹੜਾ ਭੀ ਖਿਆਲ ਚੰਗਾ ਲਗੇ ਉਹੋ ਤੁਸੀਂ ਲੈ ਕੇ ਆਪਣਾ ਬਣਾ ਸਕਦੇ ਹੋ। ਕੋਈ ਨੁਕਤਾਚੀਨ ਜਾਂ ਪੜਚੋਲੀਆ ਤੁਹਾਡੇ ਖਿਆਲਾਂ ਦੇ ਸੋਮੇ ਲਭ ਲਭ ਕੇ ਤੁਹਾਨੂੰ ਚੋਰ ਨਹੀਂ ਆਖ ਸਕਦਾ।

6940

ਇਸ ਵਿਚ ਆਜ਼ਾਦੀ ਪੂਰੀ ਪੂਰੀ ਹੈ। ਨਾ ਇਸ ਵਿਚ ਖੁਫ਼ੀਆ ਪੁਲਿਸ ਦਾ ਡਰ, ਨਾ ਕਿਸੇ ਕਾਨੂੰਨ ਨੂੰ ਉਲੰਘਣ ਦਾ। (ਘਰ ਬੈਠੇ ਜੁ ਇਕ ਦੋ ਨਾਲ ਗੱਲ ਕਰਨੀ ਹੋਈ।) ਕਿਤਾਬ ਲਿਖਣ ਲਈ ਹਜ਼ਾਰ ਪਿਟਣੇ ਕਰਨੇ ਪੈਂਦੇ ਹਨ। ਪਹਿਲਾਂ ਮਸਾਲਾ ਇਕੱਠਾ ਕਰਨਾ; ਫਿਰ ਉਸ ਨੂੰ ਸੋਧ ਕੇ ਇਉਂ ਛਾਪਣਾ ਕਿ ਕੋਈ ਗਲਤੀ ਨਾ ਪਕੜ ਸਕੇ; ਫਿਰ ਸਜਣਾਂ ਮਿੱਤਰਾਂ ਦੀਆਂ ਨਾਰਾਜ਼ਗੀਆਂ, ਲੋਕਾਂ ਦੇ ਵਹਿਮਾਂ ਤੇ ਕਾਨੂੰਨ ਦੀਆਂ ਪਕੜਾਂ ਤੋਂ ਬਚਣਾ। ਜ਼ਬਾਨੀ ਗੱਲ-ਕਥ ਕਰਨ ਵਿਚ ਇਹ ਪਵਾੜੇ, ਇਹ ਸੰਘਾਂ, ਇਹ ਰੁਕਾਵਟਾਂ ਨਹੀਂ ਹੁੰਦੀਆਂ, ਇਸ ਲਈ ਇਸ ਵਿਚ ਵਧੇਰੇ ਖੁਲ੍ਹ ਹੁੰਦੀ ਹੈ, ਜਿਸ ਕਰਕੇ ਇਸ ਵਿਚ ਵਧੇਰੇ ਅਪਣੱਤ, ਵਧੇਰੇ ਨੇਕ-ਨੀਤੀ, ਵਧੇਰੇ ਦਿਆਨਤਦਾਰੀ ਵਰਤਣ ਦਾ ਅਵਸਰ ਮਿਲਦਾ ਹੈ।

ਹਰਿਦੁਆਰ

ਜੇ ਇਸ ਖੁਲ੍ਹ ਦੇ ਵਰਤਣ ਦੀ ਜਾਚ ਜਾਂ ਜ਼ੁੰਮੇਵਾਰੀ ਦਾ ਭਾਵ ਨਾ ਹੋਵੇ ਤਾਂ ਇਹ ਖੁਲ੍ਹ ਬਹੁਤ ਖਰੂਦ ਮਚਾਂਦੀ ਹੈ। ਆਪ ਹੁਦਰਾ ਆਦਮੀ ਗੱਪ ਸ਼ਪ ਨੂੰ ਵੈਰ ਕਢਣ ਦਾ ਸਾਧਨ ਬਣਾ ਲੈਂਦਾ ਹੈ। ਉਹ ਲੋਕਾਂ ਦੀ ਨਿੰਦਾ ਚੁਗਲੀ ਕਰਦਾ, ਘਰ ਨੂੰ ਘਰ ਤੋਂ ਪਾੜਦਾ, ਦੋਸਤਾਂ ਮਿੱਤਰਾਂ ਵਿਚ ਗ਼ਲਤ ਫਹਿਮੀਆਂ ਪਾ ਕੇ ਨਖੇੜਦਾ ਤੇ ਸਾਰੇ ਭਾਈਚਾਰੇ ਵਿਚ ਕੁਰੱਸ ਤੇ ਗੁੰਝਲਾਂ ਪਾ ਦਿੰਦਾ ਹੈ। ਪਰ ਗੱਪੀ ਹੋਣ ਕਰਕੇ ਉਸ ਦੇ ਅੰਦਰ ਦੇ ਔਗੁਣ ਛੇਤੀ ਬਾਹਰ ਆ ਜਾਂਦੇ ਹਨ। ਲੋਕੀ ਉਸ ਨੂੰ ਪਛਾਣ ਕੇ ਜਾਂ ਤਾਂ ਉਸੇ ਵੇਲੇ ਕੁਟ ਕੁਟਾ ਕਰ ਕੇ ਸੋਧ ਲੈਂਦੇ ਹਨ। ਜਾਂ ਉਸ ਤੋਂ ਦੂਰ ਰਹਿ ਕੇ ਉਸ ਤੋਂ ਪਿੱਛਾ ਛੁੜਾ ਲੈਂਦੇ ਹਨ।

ਖੁਲ੍ਹੀਆਂ ਗੱਲਾਂ ਕਰਨ ਦਾ ਵੀ ਇਕ ਹੁਨਰ ਹੈ, ਜੋ ਹਰ ਕਿਸੇ ਨੂੰ ਨਹੀਂ ਆਉਂਦਾ। ਇਸ ਨੂੰ ਕਾਮਯਾਬੀ ਨਾਲ ਨਿਬਾਹੁਣ ਲਈ ਕਈ ਗੁਣਾਂ ਦੀ ਲੋੜ ਹੈ। ਸਭ ਤੋਂ ਪਹਿਲੀ ਲੋੜ ਇਸ ਗੱਲ ਦੀ ਹੈ ਕਿ ਗੱਲ ਕਰਨ ਵਾਲਾ ਹੱਸਮੁਖ ਹੋਵੇ। ਉਸ ਦੇ ਦਿਲ ਵਿਚ ਲੰਮੇ ਲੰਮੇ ਵੈਰ ਨਾ ਹੋਣ। ਉਸ ਦੀ ਆਮ ਵਾਕਫ਼ੀ ਤੇ ਤਜਰਬਾ ਬਹੁਤ ਹੋਵੇ, ਜੋ ਬਹੁਤ ਕਰਕੇ ਸਫ਼ਰ ਕਰਨ ਤੇ ਦੇਸਾਂ ਵਿਚ ਭਉਣ ਚਉਣ ਤੋਂ ਮਿਲਦਾ ਹੈ। ਸ਼ਾਇਦ ਇਸੇ ਲਈ ਗੁਰੂ ਨਾਨਕ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਕਿਹਾ ਸੀ : ਬਹੁ ਤੀਰਥ ਭਵਿਆ ਤੇਤੋ ਲਵਿਆ । ਜੋ ਕੁਝ ਆਲੇ-ਦੁਆਲੇ ਵਿਚ ਵਰਤ ਰਿਹਾ ਹੋਵੇ ਉਸ ਦੀ ਪਛਾਣ ਰਖਦਾ ਹੋਵੇ, ਨਹੀਂ ਤਾਂ ਉਸ ਦੀਆਂ ਗੱਲਾਂ, ਉਸ ਦੇ ਮਖੌਲ. ਇਕ ਦੋ ਵਾਰੀ ਦੁਹਰਾਏ ਜਾ ਕੇ ਬਾਸੀ ਜਿਹੇ ਲਗਣ ਲਗ ਪੈਣਗੇ। ਉਸਨੂੰ ਲੋਕਾਂ ਦੇ ਸੁਭਾ ਤੇ ਮੌਕਾ ਪਛਾਨਣ ਦੀ ਜਾਚ ਹੋਵੇ, ਲੋਕਾਂ ਦੀਆਂ ਆਮ ਰੁਚੀਆਂ ਨਾਲ ਹਮਦਰਦੀ ਹੋਵੇ ਅਤੇ ਆਪਣੀ ਰਾਇ ਤੇ ਦਲੀਲ ਉਤੇ ਹੱਠ ਨਾ ਕਰੇ। ਖਾਸ ਕਰਕੇ ਆਪਣੀ ਬੋਲੀ ਉਤੇ ਚੰਗਾ ਕਾਬੂ ਹੋਵੇ।

ਇਹੋ ਜਿਹਾ ਗੱਲਾਂ ਦਾ ਹੁਨਰਮੰਦ ਭਾਈਚਾਰੇ ਦਾ ਭੂਸ਼ਣ ਹੁੰਦਾ ਹੈ। ਲੋਕੀ ਸਿਖੇ ਸਿਖਾਏ ਵਿਹਲੀਆਂ ਗੱਲਾਂ ਨੂੰ ਐਵੇਂ ਪਏ ਨਿੰਦਣ, ਪਰ ਦਿਲੋਂ ਹਰ ਕੋਈ ਜਾਣਦਾ ਹੈ ਕਿ ਵਿਹਲੀਆਂ ਗੱਲਾਂ ਬਿਨਾਂ ਗੁਜ਼ਾਰਾ ਨਹੀਂ। ਅੱਜ ਕਲ੍ਹ ਦੀ ਘੂਕੀ ਹੋਈ ਚਲਦੀ ਦੁਨੀਆਂ ਵਿਚ ਜਿਥੇ ਇੰਨੇ ਦੁਖ ਤੇ ਰੁਝੇਵੇਂ ਹਨ, ਵਿਹਲੀਆਂ ਗੱਲਾਂ ਦਾ ਹੁਨਰ ਬਹੁਤ ਲਾਭਵੰਦਾ ਹੈ। ਕਾਰਖਾਨੇ ਵਿਚ ਕੰਮ ਕਰ ਕਰ ਕੇ ਠੱਕੇ ਟੁਟੇ ਮਜ਼ੂਰਾਂ ਦੀ ਥੱਕੀ ਹੋਈ ਤਬੀਅਤ ਲਈ ਇਹ ਇਕ ਤਰ੍ਹਾਂ ਦੀ ਮਲ੍ਹਮ ਹੈ। ਜੇ ਦਫ਼ਤਰੋਂ ਆਏ ਬਾਬੂ ਨੂੰ ਆਪਣੀ ਵਹੁਟੀ ਸਾਰੇ ਦਿਨ ਦੀਆਂ ਚੋਂਦੀਆਂ-ਚੋਂਦੀਆਂ ਗੱਲਾਂ ਨਾ ਸੁਣਾਏ, ਜਾਂ ਸ਼ਾਮ ਨੂੰ ਉਸ ਦਾ ਮਿੱਤਰ ਸੈਰ ਕਰਦੇ-ਕਰਦੇ ਵਿਹਲੀਆਂ ਠੋਕ ਕੇ ਉਸਨੂੰ ਨਾ ਹਸਾਏ, ਤਾਂ ਉਸ ਵਿਚਾਰੇ ਦਾ ਥੋੜ੍ਹੇ ਦਿਨਾਂ ਵਿਚ ਹੀ ਘਾਣ ਹੋ ਜਾਏ।

ਜੇ ਕਿਸੇ ਸਬੰਧੀ ਦੇ ਘਰ ਮਰਨੇ ਉਤੇ ਜਾ ਕੇ ਪਰਚਾਉਣੀ ਕਰਨੀ ਪਏ ਤਾਂ ਲਕੀਰ ਦਾ ਫਕੀਰ ਤਾਂ ਆਪਣੇ ਸੰਬੰਧੀ ਨੂੰ ਮੌਤ ਚੇਤੇ ਕਰਾ ਕਰਾ ਕੇ ਉਸ ਦੇ ਅੱਲੇ ਘਾ ਇਉਂ ਉਚੇੜੇਗਾ, 'ਵਿਚਾਰਿਆ ! ਤੇਰਾ ਕੁਝ ਨਹੀਂ ਰਿਹਾ। ਤੇਰਾ ਹੁਣ ਜੀਣਾ ਕਿਸ ਅਰਥ ?' ਪਰ ਜਿਹੜਾ ਆਦਮੀ ਸਮਝਦਾਰ ਹੈ, ਉਹ ਗੱਲਾਂ ਗੱਲਾਂ ਵਿਚ ਆਪਣੇ ਦੁਖੀ ਸੰਬੰਧੀ ਨੂੰ ਆਪਣੀ ਹਮਦਰਦੀ ਦਸ ਦਏਗਾ, ਪਰ ਉਮੈਦ ਵਾਲੀਆਂ, ਢਾਰਸ ਵਾਲੀਆਂ ਗੱਲਾਂ ਦੇ ਜ਼ਰੀਏ ਉਸ ਦੇ ਖ਼ਿਆਲ ਨੂੰ ਮੌਤ ਤੇ ਇਸ ਦੇ ਨਾਲ ਆਏ ਕਸ਼ਟਾਂ ਨੂੰ ਉਸਦੀਆਂ ਅੱਖਾਂ ਤੋਂ ਓਹਲੇ ਰਖਣ ਦੀ ਕੋਸ਼ਿਸ਼ ਕਰੇਗਾ। ਇਉਂ ਕਰਨ ਲਈ ਬਹੁਤ ਸਾਰੀਆਂ ਵਿਹਲੀਆਂ ਗੱਲਾਂ ਦੀ ਲੋੜ ਹੈ ਜੋ ਇਸ ਹੁਨਰ ਵਿਚ ਪਰਪੱਕ ਆਦਮੀ ਹੀ ਕਰ ਸਕਦਾ ਹੈ।

ਇਸੇ ਤਰ੍ਹਾਂ ਜਦ ਭੀ ਕੋਈ ਜ਼ਰੂਰੀ ਕੰਮ ਦੀ ਗਲ ਕਰਨ ਲਗੋ ਤਾਂ ਭੂਮਿਕਾ ਦੇ ਤੌਰ ਤੇ ਕੁਝ ਚਿਰ ਆਸ ਪਾਸ ਦੀਆਂ ਵਿਹਲੀਆਂ ਗੱਲਾਂ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਲੋੜ ਹੁੰਦੀ ਹੈ। ਕਿਸੇ ਮਿੱਤਰ ਪਾਸ (ਜੋ ਸ਼ਾਹੂਕਾਰ ਨਾ ਹੋਵੇ) ਉਧਾਰ ਲੈਣ ਜਾਓ ਤਾਂ ਤੁਹਾਨੂੰ ਹਜ਼ਾਰ ਵੇਲਣੇ ਸਿਧੇ ਪੁਠੇ ਵੇਲਣੇ ਪੈਣਗੇ, ਤਦ ਜਾ ਕੇ ਅਸਲੀ ਮਜ਼ਮੂਨ ਵਲ ਆਉਗੇ। ਗੱਲ ਸ਼ੁਰੂ ਕਰਨੀ ਹੀ ਔਖੀ ਹੁੰਦੀ ਹੈ। ਜਦ ਇਕ ਵੇਰ ਗੱਲ ਰਿੜ੍ਹ ਪਏ ਤਾਂ ਖਿਦੋ ਵਾਂਗੂ ਖੇਡ ਜਾਰੀ ਰਹਿੰਦੀ ਹੈ। ਵਿਚ ਵਿਚਾਲੇ ਜਿਥੇ ਭੀ ਮੌਕਾ ਲਗ ਜਾਏ, ਆਪਣੇ ਮਤਲਬ ਦੀ ਗੱਲ ਠੇਲ੍ਹ ਦਈਦੀ ਹੈ।

"ਸੁਣਾ ਯਾਰ! ਤੂੰ ਤਾਂ ਈਦ ਦਾ ਚੰਦ ਹੀ ਹੋ ਗਿਉਂ। ਕਿਥੇ ਰਹਿੰਦਾ ਏਂ?"

"ਰਹਿਣਾ ਕੀ ਏ? ਕਈ ਦਿਨਾਂ ਤੋਂ ਮੰਜੇ ਤੇ ਪਿਆ ਪਾਸੇ ਮਾਰਦਾ ਹਾਂ। ਗੋਡੇ ਵਿਚ ਜੁ ਦਰਦ ਆ ਨਿਕਲੀ ਐ।'

"ਹਾਂ ਜੀ! ਧਨੀ ਲੋਕਾਂ ਦੀਆਂ ਬੀਮਾਰੀਆਂ ਵੀ ਆਰਾਮ ਵਾਲੀਆਂ ਹੁੰਦੀਆਂ ਨੇ। ਡਾਕਟਰ ਹੋ ਨਾ। ਲੋਕੀ ਮੰਜੇ ਤੇ ਪਿਆਂ ਨੂੰ ਭੀ ਆ ਦੁਆਈ ਪੁਛਦੇ ਨੇ ਤੇ ਫੀਸਾਂ ਪਏ ਦਿੰਦੇ ਨੇ। ਜੇ ਮੇਰੇ ਵਰਗਾ ਕੰਗਾਲ ਹੁੰਦੋਂ, ਤਾਂ ਬੀਮਾਰ ਪਏ ਦੇਖਦੋਂ ਕਿ ਕਿੰਨੀ ਵੀਹੀਂ ਸੌ ਹੁੰਦਾ ਹੈ।"

"ਵਾਹ ਭਈ! ਤੂੰ ਕਦੋਂ ਦਾ ਕੰਗਾਲ ਹੋ ਗਿਉਂ?"

"ਤੈਨੂੰ ਪਤਾ ਨਹੀਂ? ਮਕਾਨ ਬਣਾ ਬੈਠਾ ਹਾਂ। ਸਭ ਕੁਝ ਵਿਚੇ ਲਗ ਗਿਐ। ਛੇ ਕੁ ਮਹੀਨੇ ਦੀ ਔੜ ਹੈ। ਫੇਰ ਜਲ ਥਲ ਹੋ ਜਾਏਗਾ। ਹਾਂ ਸੱਚੀਂ। ਇਕ ਸੌ ਰੁਪਏ ਦੀ ਡਾਢੀ ਲੋੜ ਹੈ। ਭਰਜਾਈ ਕੋਲੋਂ ਪੁਛ ਖਾਂ, ਕਿਤੇ ਏਧਰ ਓਧਰ ਰਖੇ ਹੋਣ ਤਾਂ ਕੁਝ ਦਿਨਾਂ ਲਈ ਦੇ ਦੇਵੇ।"

ਬਸ ਇਥੋਂ ਆਪਣੇ ਮਤਲਬ ਦੀ ਗੱਲ ਸਿਧੀ ਸ਼ੁਰੂ ਕਰ ਲਈਦੀ ਹੈ। ਔਖ ਕੇਵਲ ਸ਼ੁਰੂ ਕਰਨ ਵਿਚ ਹੀ ਹੁੰਦਾ ਹੈ। ਸੋ ਇਹ ਸ਼ੁਰੂ ਕਰਨ ਦਾ ਹੁਨਰ ਗਪ ਸ਼ਪ ਅਖਵਾਂਦਾ ਹੈ। ਕੋਈ ਦੁਖ ਵਾਲਾ ਸੁਨੇਹਾ ਦੇਣਾ ਹੋਵੇ, ਕੋਈ ਸਫ਼ਾਰਸ਼ ਪਾਣੀ ਹੋਵੇ, ਕੋਈ ਸਾਕ ਸੰਬੰਧ ਕਰਨਾ ਪਏ, ਤਾਂ ਅਸਲੀ ਮਤਲਬ ਦੀ ਇਮਾਰਤ ਖੜੀ ਕਰਨ ਤੋਂ ਪਹਿਲਾਂ ਕੁਝ ਵਿਹਲੀਆਂ ਗੱਲਾਂ ਦੀ ਡੇਉੜੀ ਉਸਾਰਨੀ ਪੈਂਦੀ ਹੈ। ਕੌਣ ਕਹਿ ਸਕਦਾ ਹੈ ਕਿ ਇਹ ਕੰਮ ਸੌਖਾ ਹੈ ਜਾਂ ਲੋੜੀਂਦਾ ਨਹੀਂ?

ਪਿਆਰ ਦੇ ਮਾਮਲੇ ਵਿਚ ਤਾਂ ਵਿਹਲੀਆਂ ਗੱਲਾਂ ਇਕ ਖ਼ਾਸ ਮਹਾਨਤਾ ਰਖਦੀਆਂ ਹਨ। ਇਹ ਪਰੇਮੀਆਂ ਦੇ ਰੂਹ ਦੀ ਖ਼ੁਰਾਕ ਹਨ। ਹਰ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਰੇਮੀ ਇਹੋ ਕਹਿੰਦਾ ਹੈ, ਕਿ ਦੁਨੀਆਂ ਸਾਰੀ ਲਾਂਭੇ ਹੋ ਜਾਏ ਤੇ ਬਸ, 'ਇਕ ਤੂੰ ਹੋਵੇਂ ਤੇ ਇਕ ਮੈਂ ਹੋਵਾਂ', ਤੇ ਦੋਵੇਂ ਬਹਿ ਕੇ ਗੱਲਾਂ ਕਰੀਏ।

"ਟਾਲ੍ਹੀ ਦੇ ਥੱਲੇ, ਬਹਿ ਕੇ
ਹਾਂ ਮਾਹੀਆ ਵੇ!
ਆ ਕਰੀਏ ਦਿਲ ਦੀਆਂ ਗੱਲਾਂ।
ਤੂੰ ਮੇਰਾ ਦਰਦ ਵੰਡਾਵੇਂ
ਮੈਂ ਤੇਰੇ ਦਰਦ ਉਥੱਲਾਂ।"

ਅੰਬੀ ਦਾ ਬੂਟਾ ਹੋਵੇ ਜਾਂ ਖੜ-ਖੜ ਕਰਦੇ ਪਤਰਾਂ ਵਾਲਾ ਪਿਪਲ, ਜਿਥੇ ਭੀ ਬਹਿ ਕੇ ਦਿਲ ਦੀਆਂ ਕੋਮਲ ਗੱਲਾਂ ਕੀਤੀਆਂ ਹੋਣ ਉਹ ਥਾਂ ਦਿਲ ਤੋਂ ਨਹੀਂ ਭੁਲਦਾ, ਬਲਕਿ ਯਾਦਗਾਰ ਕਾਇਮ ਕਰਨ ਦੇ ਲਾਇਕ ਹੋ ਜਾਂਦਾ ਹੈ।

"ਜਿਥੇ ਬਹਿ ਗੱਲਾਂ ਕੀਤੀਆਂ
ਬੂਟਾ ਰਖਿਆ ਨਿਸ਼ਾਨੀ।"

ਮੈਨੂੰ ਆਪਣੇ ਮਿੱਤਰ ਤੇ ਜਮਾਤੀ ਕਰਨਜੀਤ ਸਿੰਘ ਦੇ ਪਿਆਰ ਦੀਆਂ ਯਾਦਗਾਰਾਂ ਵਿਚੋਂ ਸਭ ਤੋਂ ਵਧੇਰੇ ਯਾਦ ਰਹਿਣ ਵਾਲੀ ਉਹ ਝਾਕੀ ਹੈ ਕਿ ਜਦੋਂ ਅਸੀਂ ਅੰਟ੍ਰੈਂਸ ਦੇ ਇਮਤਿਹਾਨ ਤੋਂ ਵਿਹਲੇ ਹੋ ਕੇ ਕਾਲਜ ਦੇ ਸਾਮ੍ਹਣੇ ਵਾਲੇ ਕਿੱਕਰ ਹੇਠ ਰਲ ਕੇ ਬੈਠੇ ਸਾਂ ਤੇ ਘੰਟਿਆਂ ਬੱਧੀ ਅਗੇ ਪਿਛੇ ਦੀਆਂ ਗੱਲਾਂ ਕਰਦੇ ਰਹੇ ਸਾਂ। ਪਿਛਲੀਆਂ ਯਾਦਾਂ ਤੇ ਅੱਗੇ ਆਉਣ ਵਾਲੇ ਵਿਛੋੜੇ ਦੇ ਖਿਆਲ ਨੇ ਸਾਡੀਆਂ ਨਾੜਾਂ ਨੂੰ ਤਾਣ ਰਖਿਆ ਸੀ ਤੇ ਅਸੀਂ ਇੰਨੇ ਸੂਖਮ ਭਾਵ ਵਾਲੇ ਹੋ ਗਏ ਸਾਂ ਕਿ ਲਹਿੰਦੇ ਸੂਰਜ ਦੀ ਟਿਕੀ ਉਤੋਂ, ਸਰਕਦੇ ਬੱਦਲਾਂ ਦੇ ਪਰਛਾਵੇਂ ਨੂੰ ਆਪਣੇ ਉਤੋਂ ਲੰਘਦੇ ਦੇਖ ਕੇ ਤ੍ਰਿਬਕ ਪੈਂਦੇ ਸਾਂ, ਅਤੇ ਗੁਰਦੁਆਰੇ ਦੇ ਤੀਜੇ ਧੌਂਸੇ ਦੀ ਉਡੀਕ ਵਿਚ ਗੱਲਾਂ ਕਾਹਲੀ ਕਾਹਲੀ ਕਰਨ ਲਗ ਪੈਂਦੇ ਸਾਂ, ਪਰ ਗੱਲਾਂ ਅਮੁੱਕ ਸਨ। ਉਹ ਅਜੇ ਤਾਈਂ ਨਹੀਂ ਮੁਕੀਆਂ।

('ਨਵੀਆਂ ਸੋਚਾਂ' ਵਿਚੋਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded with compliments from the Department of Education, Govt. of India

ਗੁਰਬਖਸ਼ ਸਿੰਘ ਪ੍ਰੀਤਲੜੀ

ਜ਼ਿੰਦਗੀ ਦੀ ਕਵਿਤਾ

ਵ ਲਟ ਵਿਟਮੈਨ ਕਹਿੰਦਾ ਹੈ, "ਕਵਿਤਾ ਏਨਾ ਹੁਨਰ ਨਹੀਂ ਜਿੰਨੀ ਜ਼ੀਵਨ ਦੀ ਇਕ ਜਾਚ ਹੈ।" ਨਿਰੇ ਕਾਵਿ-ਹੁਨਰ ਨਾਲ ਕੋਈ ਕਵੀ ਨਹੀਂ ਬਣ ਜਾਂਦਾ, ਜਿੰਨਾ ਚਿਰ ਉਹਦੇ ਪਿੰਡੇ ਦਾ ਮਾਸ ਵੀ ਇਕ ਵੱਡੀ ਕਵਿਤਾ ਨਹੀਂ ਬਣ ਗਿਆ, ਉਨਾ ਚਿਰ ਉਹ ਵੱਡਾ ਕਵੀ ਨਹੀਂ ਬਣਿਆ। ਵਾਲਟ ਵਿਟਮੈਨ ਦੀ ਜਾਚੇ "ਸਭ ਖ਼ੂਬਸੂਰਤੀ ਇਕ ਖ਼ੂਬਸੂਰਤ ਲਹੂ ਤੇ ਇਕ ਖ਼ੂਬਸੂਰਤ ਦਿਮਾਗ਼ ਵਿਚੋਂ ਨਿਕਲਦੀ ਹੈ; ਅੰਦਰਲਾ ਵਿਕਾਸ ਬਾਹਰਲੇ ਨਕਸ਼ ਚਿਤਰਦਾ ਹੈ।"

ਤੇ ਵਾਲਟ ਵਿਟਮੈਨ ਦੀ ਜੀਵਨੀ ਲਿਖਣ ਵਾਲੇ ਏਸ ਗੱਲ ਦੀ ਗਵਾਹੀ ਦੇਂਦੇ ਹਨ ਕਿ ਸਾਰੀ ਉਮਰ, ਇਕ ਪਲ ਵੀ ਢਿੱਲਿਆਂ ਹੋਏ ਬਿਨਾਂ, ਉਹ ਆਪਣੀ ਲੰਮੀ ਜ਼ਿੰਦਗੀ ਨੂੰ ਇਕ ਕਵਿਤਾ ਦਾ ਰੂਪ ਦੇਣ ਦੇ ਜਤਨ ਕਰਦਾ ਰਿਹਾ ਹੈ। ਕਵਿਤਾ ਲਿਖ ਲੈਣਾ ਉਹਦਾ ਮੂਲ ਮਨੋਰਥ ਨਹੀਂ ਸੀ, ਮੂਲ ਮਨੋਰਥ ਉਹਦਾ ਆਪਣੀ ਜ਼ਿੰਦਗੀ ਨੂੰ ਹਰ ਪਾਸਿਉਂ ਇਕ ਕਵਿਤਾ ਬਣਾ ਸਕਣਾ ਸੀ। ਜਦੋਂ ਕਿਸੇ ਦੀ ਸਮੁੱਚੀ ਜ਼ਿੰਦਗੀ ਕਵਿਤਾ ਬਣ ਜਾਂਦੀ ਹੈ, ਉਹਦਾ ਬੋਲ, ਉਹਦੀ ਤੋਰ, ਉਹਦੀ ਲੇਖਣੀ, ਉਹਦਾ ਹਰ ਅਮਲ ਕਵਿਤਾ ਬਣ ਜਾਂਦੇ ਹਨ। ਉਹਦੀ ਅਖ਼ੀਰ ਉਮਰ ਵਿਚ ਜਦੋਂ ਆਪਣੀ ਕੁਟੀਆ ਵਿਚ ਵਿਟਮੈਨ ਰਹਿੰਦਾ ਸੀ, ਉਹਦੀ ਕਵਿਤਾ ਵਰਗੀ ਸੂਰਤ ਵੇਖਣ ਲਈ ਦੂਰ-ਦੂਰ ਮੁਲਕਾਂ ਤੋਂ ਉਹਦੇ ਪ੍ਰੀਤਵਾਨ ਆਇਆ ਕਰਦੇ ਸਨ।

ਵਾਲਟ ਵਿਟਮੈਨ ਦਾ ਜੀਵਨ-ਉਦੇਸ਼ ਮੈਂ ਆਪਣੇ ਨੌਜਵਾਨ ਸਮਕਾਲੀਆਂ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ :

"ਸਾਡੇ ਪਿੰਡੇ ਦਾ ਮਾਸ ਵੀ ਇਕ ਵੱਡੀ ਕਵਿਤਾ ਹੋਵੇ, ਕਿਉਂਕਿ ਸਭ ਖ਼ੂਬ-

CC-0. In Public Domain. Gurukul Kangri Collection, Haridwar

ਸੁਰਤੀ [illegible] ਵਿਚੋਂ ਨਿਕਲਦੀ ਹੈ।

Digitized by Arya Samaj Foundation Chennai and eGangotri

ਅਸੀਂ ਆਪਣੇ ਦੁਆਲੇ ਕੀ ਵੇਖਦੇ ਹਾਂ ? ਬਹੁਤਿਆਂ ਦੇ ਸਰੀਰ ਕਵਿਤਾ ਤਾਂ ਕੀ ਚੰਗੀ ਵਾਰਤਕ ਵੀ ਨਹੀਂ ਹੁੰਦੇ। ਪਰ ਵਾਲਟ ਵਿਟਮੈਨ ਸਰੀਰ ਤੋਂ ਸ਼ੁਰੂ ਕਰਕੇ ਸਾਰੀ ਉਮਰ ਨੂੰ ਇਕ ਕਵਿਤਾ ਬਣਾਨ ਦੀ ਸਿਫਾਰਿਸ਼ ਕਰਦਾ ਹੈ।

ਅਨੇਕਾਂ ਮਨੁੱਖ ਏਸ ਭੁਲੇਖੇ ਵਿਚ ਜ਼ਿੰਦਗੀ ਦਾ ਦੁਰਲੱਭ ਸਮਾਂ ਇਹਨਾਂ ਝੋਰਿਆਂ ਵਿਚ ਗੁਜ਼ਾਰ ਛਡਦੇ ਹਨ ਕਿ ਇਹ ਜੀਵਨ ਕਿਸੇ ਪਿਛਲੇ ਜਨਮ ਦੇ ਪੁੰਨਾਂ ਪਾਪਾਂ ਦਾ ਭੋਗ ਹੈ, ਜਿਦ੍ਹੀਆਂ ਹੋਣੀਆਂ ਨੀਯਤ ਹਨ, ਜਿਦ੍ਹੇ ਦੁਖ ਅਟੱਲ ਹਨ, ਜਿਦ੍ਹੀ ਅੰਤਲੀ ਘੜੀ ਨਾ ਅਗਾਂਹ ਤੇ ਨਾ ਪਿਛਾਂਹ ਹੋ ਸਕਦੀ ਹੈ।

ਵਾਲਟ ਵਿਟਮੈਨ ਸਮਝਦਾ ਹੈ ਕਿ ਹਰ ਮਨੁੱਖ ਇਕ ਕਵੀ ਹੈ; ਉਹ ਆਪਣੇ ਜੀਵਨ ਦੀ ਕਵਿਤਾ ਰਚਨ ਲਈ ਜੰਮਿਆਂ ਹੈ। ਖੁਸ਼ੀਆਂ ਮਾਣਨਾ ਤੇ ਦੁਖ ਭੋਗਣਾ ਉਹਦਾ ਕਰਤੱਵ ਨਹੀਂ, ਉਹ ਉਹਦੀ ਕਵਿਤਾ ਦੇ ਚੰਗੇ ਮਾੜੇ ਕੁਝ ਬੰਦ ਹਨ। ਮਨੋਰਥ ਏਸ ਕਵੀ-ਮਨੁੱਖ ਦਾ ਦੁਖਾਂ ਸੁਖਾਂ ਦੇ ਭੋਗ ਨਾਲੋਂ ਬਹੁਤ ਵੱਡਾ ਹੈ—ਆਪਣੇ ਜੀਵਨ ਨੂੰ, ਸਾਥੀਆਂ ਦੇ ਜੀਵਨ ਨੂੰ, ਸਾਰੀ ਧਰਤੀ ਦੇ ਜੀਵਨ ਨੂੰ ਕਵਿਤਾ ਬਣਾਨਾ।

ਅਸਲੀਅਤ ਨਾ ਸਿਹਾਣਨ ਵਾਲਾ ਮਨੁੱਖ ਆਪਣੀ ਕਿਸਮਤ ਬਾਰੇ ਪੁੱਛਾਂ ਕਰਦਾ ਹੈ, ਗ੍ਰਹੁ ਟਾਲਣ ਲਈ ਸੁਖਣਾਂ ਸੁਖਦਾ ਹੈ; ਬਖਸ਼ੇ ਜਾਣ ਲਈ ਡੰਡੋਤਾਂ ਕਰਦਾ ਹੈ, ਤਸੀਹੇ ਲੈਂਦਾ ਹੈ, ਤੀਰਥ ਨਹਾਉਂਦਾ ਹੈ, ਤੇ ਕਿਸੇ ਬੰਦੀ-ਛੋੜ ਲਈ ਵਿਆਕੁਲ ਰਹਿੰਦਾ ਹੈ, ਜਿਸ ਕਰਕੇ ਉਹ ਆਪਣੇ ਮੂਲ ਮਨੋਰਥ ਤੋਂ ਭੁਲਿਆ ਰਹਿੰਦਾ ਹੈ; ਨੇਪਰੇ ਚਾੜ੍ਹਣ ਤੇ ਸੁਹਣਾ ਕਵੀ ਬਣਦੇ ਜਾਣ ਦੀ ਪਲ ਪਲ ਲੋੜੀਂਦੀ ਤਸੱਲੀ ਤੋਂ ਵਿਰਵਾ ਰਹਿੰਦਾ ਹੈ।

ਕਈਆਂ ਦਾ ਜੀਵਨ ਕਵਿਤਾ ਦੀ ਸੈਂਚੀ ਨਹੀਂ, ਗ਼ਲਤੀਆਂ ਨਾਲ ਕਾਲੇ ਹੋਏ ਪਰੂਫਾਂ ਦਾ ਥੱਬਾ ਹੁੰਦਾ ਹੈ। ਕਈਆਂ ਦੀ ਜੀਵਨ-ਸੈਂਚੀ ਦੀ ਛਪਾਈ ਤਾਂ ਚੰਗੀ ਹੁੰਦੀ ਹੈ, ਪਰ ਸ਼ਬਦ-ਜੋੜ ਬਹੁਤੇ ਗ਼ਲਤ, ਤੇ ਫ਼ਿਕਰਿਆਂ ਦੀ ਬਣਤਰ ਬੇ-ਖਿੱਚ ਹੁੰਦੀ ਹੈ। ਕਈਆਂ ਵਿਚ ਇਹ ਨੁਕਸ ਨਹੀਂ ਹੁੰਦੇ, ਵੇਖਣ ਵਿਚ ਵੀ ਉਹ ਸੁਥਰੀਆਂ ਸੈਂਚੀਆਂ ਦਿਸਦੀਆਂ ਹਨ, ਪਰ ਪੜ੍ਹਿਆਂ ਉਨ੍ਹਾਂ ਵਿਚੋਂ ਕੋਈ ਖ਼ਿਆਲ ਉਘੜਦਾ ਨਹੀਂ, ਨਾ ਸ਼ਬਦਾਂ ਵਿਚ ਲਿਸ਼ਕ ਤੇ ਨਾ ਫ਼ਿਕਰਿਆਂ ਵਿਚ ਕੋਈ ਚਿੱਤਰ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਇਕ ਸੈਂਚੀਆਂ ਅਸੀਂ ਇਹੋ ਜਹੀਆਂ ਵੀ ਵੇਖਦੇ ਹਾਂ, ਜਿਨ੍ਹਾਂ ਦੀ ਸ਼ਬਦ-ਚੋਣ ਤੇ ਸ਼ਬਦ-ਤਸਵੀਰਾਂ ਵੀ ਠੀਕ ਹੁੰਦੀਆਂ ਹਨ, ਪਰ ਹਾਸ਼ੀਏ ਬੇ-ਪਰਵਾਹ, ਜਿਲਦ ਬੇ-ਰੰਗ, ਚੋਲੀ ਉਤੇ ਸ਼ਖਸੀਅਤ ਦੀ ਮੋਹਰ ਕੋਈ ਨਹੀਂ ਹੁੰਦੀ।

ਪਰ ਵਾਲਟ ਵਿਟਮੈਨ ਦੇ ਤੋਲ ਵਿਚ ਨਾ ਸਿਰਫ਼ ਲਹੂ ਤੇ ਦਿਮਾਗ ਦਾ ਕਵਿਤਾ ਭਰਪੂਰ ਹੋਣਾ ਹੀ ਕਾਫੀ ਹੈ, ਸਗੋਂ ਪਿੰਡੇ ਦੇ ਮਾਸ ਵਿਚ ਕਵਿਤਾ ਦੀ ਲੈਅ ਹੋਣੀ ਵੀ ਉਹ ਮੰਗਦਾ ਹੈ ਤੇ ਜਿਦ੍ਹੇ ਪਿੰਡੇ ਦੇ ਮਾਸ ਵਿਚ ਕਵਿਤਾ ਦੀ ਲੈਅ ਹੋਵੇਗੀ, ਉਹ ਇਹੋ ਜਿਹੇ ਪਿੰਡੇ ਨੂੰ ਕਵਿਤਾ ਤੋਂ ਖ਼ਾਲੀ ਪੁਸ਼ਾਕ ਵੀ ਨਹੀਂ ਪੁਆਏਗਾ, ਉਹਦੀ ਖ਼ੁਰਾਕ ਵੀ ਕਵਿਤਾ ਤੋਂ ਊਣੀ ਨਹੀਂ ਹੋ ਸਕਦੀ। ਨਤੀਜਾ ਇਹ ਹੋਵੇਗਾ ਕਿ ਉਹਦੀ ਰਫ਼ਤਾਰ, ਗੁਫ਼ਤਾਰ, ਤੇ ਵਰਤੋਂ-ਵਿਹਾਰ ਸਭਨਾਂ ਵਿਚ ਕਵਿਤਾ ਦਾ ਪ੍ਰਵੇਸ਼ ਹੁੰਦਾ ਜਾਏਗਾ।

ਜੀਵਨ-ਕਵਿਤਾ ਦਾ ਵਿਕਾਸ ਇਕ ਬ੍ਰਿਛ ਦਾ ਵਿਕਾਸ ਹੈ। ਬ੍ਰਿਛ ਉੱਗਦਾ ਹੈ, ਬੂਟਾ ਬਣਦਾ, ਟਹਿਣੀਆਂ ਪੱਤੇ ਕੱਢਦਾ ਹੈ; ਉਹਦੇ ਉਤੇ ਸੀਏ ਪੈਂਦੇ ਹਨ, ਖਿਜ਼ਾਂ ਆਉਂਦੀ ਹੈ, ਸੁੱਕੇ ਸਮੇਂ ਲੰਘਦੇ ਹਨ, ਪਰ ਉਹ ਅਮੁਕ ਸਬਰ ਨਾਲ ਬਹਾਰ ਨੂੰ ਉਡੀਕਦਾ ਰਹਿੰਦਾ ਹੈ। ਤੇ ਬਹਾਰ ਆਈ ਉਤੇ ਕਾਹਲੀ ਕਾਹਲੀ ਆਪਣੀ ਸਾਰੀ ਜਿੰਦ ਨੂੰ ਉਹ ਅਖ਼ੀਰਲੇ ਪੱਤੇ ਦੀ ਬੂੰਬਲ ਤਕ ਪੁਚਾ ਦੇਂਦਾ ਹੈ। ਇਹਦੇ ਫਲਾਂ 'ਚੋਂ ਬੀਜ ਢਹਿੰਦੇ ਹਨ, ਉਨ੍ਹਾਂ ਵਿਚੋਂ ਨਵੇਂ ਬੂਟੇ ਫੁੱਟਦੇ ਹਨ। ਇਹਨਾਂ ਨਿਕਿਆਂ ਦੇ ਵੱਡੇ ਹੋਣ ਤਕ ਵੱਡਾ ਬ੍ਰਿਛ ਫਲਾਂ ਫੁੱਲਾਂ ਤੇ ਪੱਤਿਆਂ ਨਾਲ ਲਦਿਆ ਜਾਂਦਾ ਹੈ। ਜਦੋਂ ਇਹ ਨਿੱਕੇ ਇਹਦੇ ਵਰਗੇ ਬ੍ਰਿਛ ਬਣ ਜਾਂਦੇ ਹਨ, ਉਦੋਂ ਉਹਨਾਂ ਲਈ ਧਰਤੀ ਦਾ ਰਸ ਵਿਹ-ਲਿਆਂ ਕਰਨ ਲਈ ਇਹ ਥੋੜੇ ਤੋਂ ਥੋੜੇ ਨਾਲ ਗੁਜ਼ਾਰਾ ਕਰਦਾ ਹੈ, ਤੇ ਓੜਕ ਸਾਰਾ ਅਪਣਾ ਹਿੱਸਾ ਛਡ ਦੇਂਦਾ, ਤੇ ਜਿਸ ਕੰਮ ਇਹਨੂੰ ਕੋਈ ਲਿਆ ਸਕੇ ਉਸ ਲਈ ਕੱਟੇ ਜਾਣ ਨੂੰ ਤਿਆਰ ਰਹਿੰਦਾ ਹੈ। ਇਹਦੀਆਂ ਟਹਿਣੀਆਂ ਬਾਲੀਆਂ ਜਾਂਦੀਆਂ ਹਨ, ਇਹਦੇ ਪੱਤੇ ਖਾਦ ਬਣ ਜਾਂਦੇ ਹਨ, ਇਹਦੇ ਤਣੇ ਵਿਚੋਂ ਫੱਟੇ ਚੀਰੇ ਜਾਂਦੇ ਹਨ; ਇਹਦੇ ਅਤਿ ਨਿੱਗਰ ਭਾਗ ਵਿਚੋਂ ਕਈ ਵਾਰੀ ਸ਼ਿੰਗਾਰ-ਪੀੜ੍ਹੇ ਸਜਾਏ ਜਾਂਦੇ, ਤੇ ਸਦੀਵੀ ਚਿੱਤਰਾਂ ਲਈ ਚੁਖਾਟਾਂ ਜੋੜੀਆਂ ਜਾਂਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਗੀ ਜੀਵਨ-ਕਵਿਤਾ ਦਾ ਵਿਕਾਸ ਵੀ ਏਸੇ ਤਰ੍ਹਾਂ ਹੁੰਦਾ ਹੈ। ਜੀਉਂਦਿਆਂ ਉਸ ਨੇ ਖ਼ੂਬਸੂਰਤੀ ਖਿਲਾਰੀ; ਦੋਸਤੀ, ਪਿਆਰ ਦੇ ਤਰਾਨੇ ਗਾਵੇਂ; ਦੁਖੇ ਦਿਲ ਸਰਸਾਏ, ਨਿੰਮੋਝੂਣ ਦਿਲ ਗਰਮਾਏ, ਡਿਗਿਆਂ ਨੂੰ ਸਾਹਸ ਦਿੱਤਾ, ਨਿਰਬਲਾਂ ਨੂੰ ਹੱਥ ਫੜਾਇਆ ਤੇ ਜਦੋਂ ਜੀਵਨ-ਕਵਿਤਾ ਅੰਤ ਹੋ ਗਈ, ਉਹਦੀ ਯਾਦ ਸਦੀਆਂ ਦੇ ਦਿਲਾਂ ਵਿਚ ਸਾਂਭੀ ਰਹੀ ਤੇ ਕਈਆਂ ਦੀ ਪ੍ਰੇਰਣਾ ਬਣੀ।

ਕਿਸੇ ਮਨੁੱਖ ਦੀ ਉਮਰ ਅੱਜ ਤਕ ਭਾਵੇਂ ਘਟ ਜਾਂ ਵਧ ਚੰਗੀ, ਗੁਜ਼ਰੀ ਹੋਵੇ, ਉਹਦੇ ਦਿਲ ਦੀਆਂ ਡੂੰਘਾਈਆਂ ਜਦੋਂ ਵੀ ਥਰਕੀਆਂ, ਉਹਦੀ ਬਾਕੀ ਉਮਰ ਕਵਿਤਾ ਬਣ ਸਕਦੀ ਹੈ। ਇਹ ਠੀਕ ਹੈ ਕਿ ਉਹਦੇ ਜੀਵਨ ਦੀ ਕਿਤਾਬ ਜਨਮ ਤੋਂ ਹੀ ਲਿਖੀ ਜਾ ਰਹੀ ਹੈ, ਜਿਦ੍ਹੇ ਕਈ ਕਾਂਡ ਲਿਖੇ ਜਾ ਚੁਕੇ ਹਨ; ਚੰਗੇ ਜਾਂ ਮੰਦੇ ਉਹ ਹੁਣ ਕੱਢੇ ਨਹੀਂ ਜਾ ਸਕਦੇ, ਪਰ ਇਹਦੇ ਲਿਖਾਰੀ ਨੂੰ ਕੋਈ ਨਵਾਂ ਚਾਨਣ ਦਿਸ ਪੈਂਦਾ ਹੈ, ਉਦੋਂ ਉਹ ਚੰਗੇਰੇ ਪਾਤਰ ਆਪਣੀ ਕਹਾਣੀ ਵਿਚ ਲਿਆ ਸਕਦਾ, ਤੇ ਕਹਾਣੀ ਦੇ ਅੰਤ ਦਾ ਰੁਖ਼ ਚੋਖੀ ਹੱਦ ਤਕ ਬਦਲ ਸਕਦਾ ਹੈ, ਕੋਈ ਜੀਨ ਵੈਲਜੀਨ ਕਿਸੇ ਪਾਦਰੀ ਦੀ ਆਤਮਕ ਸਖ਼ਾਵਤ ਦੇ ਅਸਰ ਹੇਠਾਂ ਕਾਤਲ ਬਣਨ ਦੀ ਥਾਂ ਦੇਵਤਾ ਵੀ ਬਣ ਸਕਦਾ ਹੈ।

ਚੰਗੀ ਜੀਵਨ-ਕਵਿਤਾ ਲਿਖਣਾ ਸਿਰਫ਼ ਲਫ਼ਜ਼ਾਂ ਦੇ ਜਾਦੂਗਰਾਂ ਦਾ ਹੀ ਕਸਬ ਨਹੀਂ। ਕਈ ਕਵੀਆਂ ਨੇ ਉਚ-ਕੋਟੀ ਦੀ ਸਾਹਿੱਤਕ ਕਵਿਤਾ ਲਿਖੀ ਹੈ, ਪਰ ਉਹਨਾਂ ਵਿਚੋਂ ਕਈਆਂ ਦਾ ਜੀਵਨ ਖ਼ਲਾਵਾ ਨਾਲ ਭਰਿਆ ਰਿਹਾ, ਜਿਨ੍ਹਾਂ ਖ਼ਲਾਵਾਂ ਨੂੰ ਭਰਨ ਲਈ ਉਹ ਸ਼ਰਾਬ ਵਿਚ ਮਖ਼ਮੂਰ ਰਹੇ, ਆਪਣੀ ਸੰਤਾਨ ਨਾਲ ਉਹ ਆਪਣਾ ਫ਼ਰਜ਼ ਪੂਰਾ ਨਾ ਕਰ ਸਕੇ, ਕਈਆਂ ਨੂੰ ਖੁਦਕਸ਼ੀ ਕਰਨੀ ਪਈ। ਉਹਨਾਂ ਆਪਣੀ ਅਦੁਤੀ ਲਿਆਕਤ ਨੂੰ ਕਾਵਿ-ਹੁਨਰ ਦੇ ਵਾਧੇ ਲਈ ਤਾਂ ਵਰਤਿਆ, ਪਰ ਆਪਣੀ ਜੀਵਨ-ਜਾਚ ਵਿਚ ਉਹਨਾਂ ਕੋਈ ਵਾਧਾ ਨਾ ਕੀਤਾ। ਉਹ ਜੀਵਨ ਸਫਲਾ ਨਹੀਂ ਕਰ ਸਕੇ, ਕਿਉਂਕਿ "ਕਵਿਤਾ ਏਨਾ ਹੁਨਰ ਨਹੀਂ ਜਿੰਨੀ ਜੀਵਨ-ਜਾਚ ਹੈ।"

ਕਵਿਤਾ ਦੇ ਹੁਨਰ ਲਈ ਜ਼ਬਾਨ ਤੇ ਛੰਦ ਦਾ ਗਿਆਨ ਲੋੜੀਂਦਾ ਹੈ, ਪਰ ਜੀਵਨ-ਕਵਿਤਾ ਲਈ ਸਰੀਰ, ਮਨ, ਸਮਾਜ ਤੇ ਕੁਦਰਤ ਦਾ ਗਿਆਨ ਵਧੇਰੇ ਲੋੜੀਂਦਾ ਹੁੰਦਾ ਹੈ। ਜੀਵਨ ਦਾ ਕਵੀ ਆਪਣੇ ਸਰੀਰ ਤੋਂ ਕਵਿਤਾ ਸ਼ੁਰੂ ਕਰਦਾ ਹੈ। ਕਿਉਂਕਿ ਸਰੀਰ ਜੀਵਨ-ਕਵਿਤਾ ਦਾ ਕਾਗਜ਼ ਹੈ, ਜਿਦ੍ਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਸਾਡੀ ਜੀਵਨ-ਕਹਾਣੀ ਦੇ ਸਾਰੇ ਪਾਤਰ ਚਿੱਤਰੇ ਜਾਣੇ ਹਨ। ਜਿਦ੍ਹੀ ਕਹਾਣੀ ਦਾ ਪਲਾਟ ਲੰਮਾ ਛੁਹਿਆ ਗਿਆ ਹੈ. ਉਹਦੇ ਲਈ ਜ਼ਰੂਰੀ ਹੈ ਕਿ ਉਹ ਵੱਡੀ ਉਮਰ ਤਕ ਵੀ ਆਪਣੇ ਸਰੀਰ ਨੂੰ ਕਵਿਤਾ ਦਾ ਰੂਪ ਦੇਈ ਰਖੇ। ਅਭਿਨੇਤਰੀ ਸਾਰਾ ਬਰਨਾਰਟ ਅੱਸੀ ਵਰ੍ਹੇ ਦੀ ਉਮਰ ਤਕ ਜਵਾਨ ਇਸਤਰੀ ਦਾ ਪਾਰਟ ਬੜੀ ਖ਼ੂਬੀ ਨਾਲ ਕਰਦੀ ਰਹੀ। ਅੱਜ ਵੀ ਏਨੀ ਉਮਰ ਦੀਆਂ ਅਭਿਨੇਤਰੀਆਂ ਦਰਸ਼ਕਾਂ ਦੀ ਖ਼ੁਸ਼ੀ ਤੇ ਹੈਰਾਨੀ ਬਣ ਰਹੀਆਂ ਹਨ। ਵਰ੍ਹੇ ਸਰੀਰ ਦੀ ਕਵਿਤਾ ਘਟਾਂਦੇ ਨਹੀਂ, ਚਿੱਟੇ ਵਾਲ ਕਵਿਤਾ ਤੋਂ ਖ਼ਾਲੀ ਨਹੀਂ ਹੁੰਦੇ।

ਕਵਿਤਾ ਦਾ ਨਿਵਾਸ ਨਕਸ਼ਾਂ ਵਿਚ ਨਹੀਂ ਹੁੰਦਾ। ਕਈ ਸੁਨੱਖੇ ਮੂੰਹ ਕਵਿਤਾ ਤੋਂ ਕੋਹੇ ਹੁੰਦੇ, ਤੇ ਕਈ ਮੋਟੇ ਨਕਸ਼ ਕਵਿਤਾ ਨਾਲ ਬਿਜਲਾਏ ਦਿਸਦੇ ਹਨ। ਸਾਰੀ ਬਿਜਲੀ, ਸਾਰੀ ਮਿਕਨਾਤੀਸੀਅਤ ਲਹੂ ਦੀ ਤੰਦਰੁਸਤੀ ਤੇ ਪਿੰਡੇ ਦੀ ਸੁਬਕਤਾ ਵਿਚ ਹੁੰਦੀਆਂ ਹਨ। ਲਹੂ ਬੜੀ ਮੁੱਦਤ ਤਕ ਸੁਹਣਾ ਤੇ ਪਿੰਡਾ ਬੇਲੋੜੇ ਮਾਸ ਤੋਂ ਸੁਤੰਤਰ ਰਖਿਆ ਜਾ ਸਕਦਾ ਹੈ। ਰੋਜ਼ਾਨਾ ਅਭਿਆਸ ਤੇ ਸਾਦੀ ਸਿਆਣੀ ਖ਼ੁਰਾਕ ਨਾਲ ਲਹੂ ਜਵਾਨ ਤੇ ਪਿੰਡਾ ਸੁਬਕ ਰਖੇ ਜਾ ਸਕਦੇ ਹਨ। ਪੌਣ, ਪਾਣੀ ਤੇ ਖੁਲ੍ਹਾ ਆਕਾਸ਼ ਕਵਿਤਾ ਦੇ ਅਮੁੱਕ ਸੋਮੇ ਹਨ, ਜਿਹੜੇ ਅੰਗ ਵਿਚ ਕੋਈ ਚਾਹੇ ਇਹ ਕਵਿਤਾ ਦਾ ਜਾਦੂ ਭਰ ਸਕਦੇ ਹਨ। ਹਰ ਅੰਗ ਵਿਚ ਕਵਿਤਾ ਦੀ ਲੈਅ ਪੈ ਸਕਦੀ ਹੈ। ਕਈਆਂ ਸੁਹਣਿਆਂ ਦੇ ਹੱਥ ਹੀ ਨਹੀਂ ਪੈਰ ਵੀ ਪੂਰੀ ਕਵਿਤਾ ਹੁੰਦੇ ਹਨ, ਹੱਥ ਦੋ ਘੁੱਗੀਆਂ ਗੁਟਕਦੀਆਂ, ਪੈਰ ਦੋ ਹੰਸ ਤਰਦੇ ਦਿਸਦੇ ਹਨ। ਅੱਖਾਂ ਦੀ ਕਵਿਤਾ ਉਤੇ ਕਿਸ ਨੇ ਆਪਣੀ ਸਾਰੀ ਜਿੰਦ ਕਦੇ ਝੁਮਾਈ ਨਹੀਂ ਹੋਣੀ ? ਕਵਿਤਾ ਭਰੀਆਂ ਅੱਖਾਂ ਦੀ ਜੋੜ ਤੋੜ ਉਮਰ ਤਕ ਕਾਇਮ ਰਹਿੰਦੀ ਹੈ। ਸਿਰਫ਼ ਉਦੋਂ ਹੀ ਅੱਖਾਂ ਵਿਚੋਂ ਜੋਟ ਘਟਦੀ ਹੈ, ਜਦੋਂ ਜੀਵਨ ਵਿਚੋਂ ਕਵਿਤਾ ਘਟਣ ਲਗ ਪੈਂਦੀ ਹੈ।

ਸਾਡਾ ਕੱਦ ਤਾਂ ਬਹੁਤਾ ਕਰਕੇ ਸਾਡੇ ਵਸ ਨਹੀਂ ਹੁੰਦਾ, ਪਰ ਏਸ ਛੋਟੇ ਜਾਂ ਲੰਮੇ ਕੱਦ ਵਿਚ ਜਿੰਨੀ ਕੋਈ ਚਾਹੇ ਕਵਿਤਾ ਜ਼ਰੂਰ ਪਾ ਸਕਦਾ ਹੈ। ਜੀਵਨ ਦੇ ਕਾਮਲ ਕਵੀ ਆਪਣੇ ਨਹੁੰਆਂ ਵਿਚੋਂ ਵੀ ਕਵਿਤਾ ਨਹੀਂ ਮੁੱਕਣ ਦੇਂਦੇ। ਕਵਿਤਾ ਭਰਿਆ ਬੁਢਾਪਾ ਬੇ-ਕਾਵਿ ਜਵਾਨੀ ਨਾਲੋਂ ਕਿਤੇ ਵਧ ਤਲਿਸਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਖਦਾ ਹੈ। ਕੇਸ ਬਹੁਤੇ ਰਹਿਣ ਜਾਂ ਥੋੜੇ, ਲੰਮੇ ਰਹਿਣ ਜਾਂ ਛੋਟੇ, ਕਾਲੇ ਰਹਿਣ ਜਾਂ ਚਿੱਟੇ, ਜਿੰਨਾ ਚਿਰ ਉਹਨਾਂ ਉਤੇ ਕਵਿਤਾ ਦੀ ਲਿਸ਼ਕ ਕਾਇਮ ਹੈ, ਹੁਸਨ ਦਾ ਪਾਰਖੂ ਭੌਰਾ ਧਾ ਧਾ ਕੇ ਉਹਨਾਂ ਨੂੰ ਚੁੰਮਣ ਦੇਣ ਆਉਂਦਾ ਰਹੇਗਾ। ਬੁਲ੍ਹਾਂ ਤੇ ਦੰਦਾਂ ਦੀ ਕਵਿਤਾ ਉਤੇ ਕਿਹੜਾ ਹੈ ਜਿਸ ਕਦੇ ਅਸ਼-ਅਸ਼ ਨਹੀਂ ਕੀਤਾ ? ਬੁਲ੍ਹਾਂ ਦੀਆਂ ਫੁੱਲ-ਪੱਤੀਆਂ ਤੇ ਦੰਦਾਂ ਦੇ ਮੋਤੀਆਂ ਤੋਂ ਕਿਹੜਾ ਹੈ ਜਿਸ ਕਦੇ ਸਾਰਾ ਦਿਲ ਸਦਕੇ ਕਰਨਾ ਨਹੀਂ ਚਾਹਿਆ ?

ਤੇ ਕੇਡੇ ਸ਼ੁਕਰ ਦੀ ਗੱਲ ਹੈ ਕਿ ਕਵਿਤਾ ਔਖੇ ਸ਼ਬਦ ਨਹੀਂ ਮੰਗਦੀ। ਔਖੇ ਸ਼ਬਦ ਬੇਕਾਵਿ ਸਮਝੇ ਗਏ ਹਨ। ਗਾਲ੍ਹਾਂ ਕਿਸੇ ਕਵਿਤਾ ਵਿਚ ਨਹੀਂ ਲਿਖੀਆਂ ਜਾਂਦੀਆਂ, ਨਾ ਚੰਗੇ ਤੇ ਨਾ ਗਹਿਣਿਆਂ ਲੱਦੇ ਸ਼ਬਦ ਹੀ ਕਵਿਤਾ ਵਿਚ ਚੰਗੀ ਤਰ੍ਹਾਂ ਪਰੋਏ ਜਾ ਸਕਦੇ ਹਨ। ਕਵਿਤਾ ਸਾਦੇ, ਸਰਲ ਤੇ ਜਜ਼ਬਿਆਂ ਬਿਆਂ ਨਾਲ ਰੱਤੇ ਸ਼ਬਦਾਂ ਦੀ ਹੀ ਸੁਚੱਜੀ ਮਾਲਾ ਹੁੰਦੀ ਹੈ। ਨਿੱਕੇ ਨਿੱਕੇ ਸ਼ਬਦਾਂ ਨੂੰ ਇਕ ਦੂਜੇ ਨਾਲ ਸੁਖਾ ਕੇ ਰਖਣਾ ਹੀ ਕਵਿਤਾ ਦਾ ਦੈਵੀ ਹੁਨਰ ਹੈ। ਦੈਵੀ ਏਸ ਲਈ ਕਿ ਸਰਿਸ਼ਟੀ ਦੀ ਸਭ ਤੋਂ ਮਹਾਨ ਕਵਿਤਾ ਸਾਡਾ ਤਾਰਕਾ-ਮੰਡਲ ਹੈ, ਜਿਦ੍ਹੇ ਵਿਚ ਹਰ ਤਾਰਾ ਇਕ ਦੂਜੇ ਨਾਲ ਸੁਖਾਵਾਂ ਤੇ ਇਕ ਦੂਜੇ ਦੇ ਆਸਰੇ ਜੁੜਿਆ ਹੋਇਆ ਹੈ।

ਏਸੇ ਦੈਵੀ ਕਮਾਲ ਦਾ ਮਨੁੱਖੀ ਨਮੂਨਾ ਸਾਡੀ ਜੀਵਨ-ਕਵਿਤਾ ਹੈ। ਏਸ ਕਵਿਤਾ ਲਈ ਨਾ ਮਹਾਨ ਕੋਸ਼ਾਂ ਵਿਚੋਂ ਔਖੇ ਸ਼ਬਦ ਢੂੰਡਣ ਤੇ ਨਾ ਜ਼ਿੰਦਗੀ ਵਿਚੋਂ ਲਾਸਾਨੀ ਬਰਕਤਾਂ ਮੰਗਣ ਦੀ ਲੋੜ ਹੈ। ਸਾਧਾਰਨ ਮਨੁੱਖੀ ਜ਼ਬਾਨ ਉਤੇ ਦਿਲ ਦੇ ਲਹੂ ਦਾ ਲਿਸ਼ਕਾਰਾ ਤੇ ਸਾਧਾਰਨ ਮਨੁੱਖੀ ਅਮਲਾਂ ਉਤੇ ਦਿਲ ਦੀ ਮਰਹਮਤ ਦੀ ਮੁਲਾਇਮੀ—ਛੋਟੇ ਤੋਂ ਛੋਟਾ ਮਨੁੱਖ, ਜੀਵਨ ਦਾ ਵੱਡਾ ਕਵੀ ਬਣ ਸਕਦਾ ਹੈ।

ਸਰੀਰ ਨੂੰ ਕਵਿਤਾ ਬਣਾਨ ਲਈ ਕਿਸੇ ਜਮਾਂਦਰੂ ਹੁਸਨ ਦੀ ਮੁਥਾਜੀ ਵੀ ਨਹੀਂ। ਹਰ ਚਿਹਰਾ ਕਵਿਤਾ ਦਾ ਮੁਖੜਾ ਬਣ ਸਕਦਾ ਹੈ, ਜੇ ਉਹਦੇ ਹੇਠਾਂ ਪਿਆਰ, ਦੋਸਤੀ ਤੇ ਖ਼ੂਬਸੂਰਤੀ ਲਈ ਚਾਹ ਹੈ। ਹਰ ਕੱਦ ਤੇ ਹਰ ਰੰਗ ਵਾਲਾ ਸਰੀਰ ਕਵਿਤਾ ਦਿਸ ਸਕਦਾ ਹੈ, ਜੇ ਉਹਦੇ ਅੰਗਾਂ ਉਤੇ ਛਟਾਂਕੀ ਵਾਧੂ ਮਾਸ ਨਹੀਂ, ਕੋਈ ਵਾਧੂ ਕਪੜਾ ਨਹੀਂ।

ਵਾਧੂ ਕਪੜੇ ਦੀ ਗੱਲ ਕਰਦਿਆਂ ਪੁਸ਼ਾਕ ਦਾ ਵਿਸ਼ਾ ਸਾਹਮਣੇ ਆ ਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਕਵਿਤਾ ਵਰਗੇ ਸਰੀਰ ਨੂੰ ਬੇ-ਕਵਿਤਾ ਕਪੜਿਆਂ ਨਾਲ ਕੱਜਣਾ ਜਾਂ ਲੱਦਣਾ ਉਹਦੇ ਨਾਲ ਬੇਇਨਸਾਫ਼ੀ ਕਰਨਾ ਹੈ। ਕਪੜੇ ਸਰੀਰ ਦੀਆਂ ਚੰਗੀਆਂ ਲਕੀਰਾਂ ਉਘਾੜਣ ਤੇ ਘਟ-ਚੰਗੀਆਂ ਦਾ ਅਸਰ ਲੁਕਾਣ। ਕਪੜੇ ਸਰੀਰ ਨਾਲੋਂ ਵਧੇਰੇ ਧਿਆਨ ਖਿੱਚਣ ਵਾਲੇ ਨਾ ਹੋਣ। ਕਪੜਿਆਂ ਦਾ ਕਰਤੱਵ ਮੌਸਮ ਕੋਲੋਂ ਹਿਫਾਜ਼ਤ ਤੇ ਸਰੀਰ ਦੀਆਂ ਲੀਕਾਂ ਦਾ ਉਘਾੜ ਹੈ। ਅਮੀਰੀ ਦਾ ਵਿਖਾਲਾ ਸਰੀਰ ਦੀ ਕਵਿਤਾ ਨੂੰ ਪਿੱਛੇ ਪਾਂਦਾ ਹੈ। ਬਹੁਤੇ ਲੋਕ ਆਪਣੇ ਕਪੜਿਆਂ ਦਾ ਮਾਨ ਵਿਖਾਂਦੇ ਹਨ; ਪਰ ਵਿਖਾਣ ਵਾਲਾ ਮਾਨ ਤਾਂ ਸਰੀਰ ਦਾ ਮਾਨ ਹੈ। ਜੇ ਗਲੀਆਂ, ਬਜ਼ਾਰਾਂ ਤੇ ਪਾਰਕਾਂ ਵਿਚ ਸਰੀਰਕ ਮਾਨ ਬਹੁਤਾ ਪ੍ਰਤੱਖ ਹੋਵੇ, ਤਾਂ ਜ਼ਿੰਦਗੀ ਦਾ ਦ੍ਰਿਸ਼ ਕੇਡਾ ਵਧ ਪਿਆਰਾ ਹੋ ਜਾਵੇ। ਸੁਹਣਾ ਮਨੁੱਖੀ ਸਰੀਰ ਹੀ ਕੁਦਰਤ ਦੇ ਸੁਹਣੇ ਪੰਛੀਆਂ, ਫੁੱਲਾਂ ਤੇ ਤਾਰਿਆਂ ਦੀ ਸੁਡੌਲਤਾ ਨਾਲ ਮੇਲ ਖਾ ਸਕਦਾ ਹੈ। ਅੱਜ ਕੁਦਰਤ ਦਾ ਸ਼ਹਿਜ਼ਾਦਾ ਮਨੁੱਖ ਕੁਦਰਤ ਦੀ ਸਾਰੀ ਹੁਸਨ ਨੁਮਾਇਸ਼ ਵਿਚ ਇਕੋ ਤਰਸ-ਯੋਗ ਝਾਤੀ ਹੈ।

ਧਰਤੀ ਤੇ ਆਕਾਸ਼ ਦੇ ਚੱਪੇ ਚੱਪੇ ਉਤੇ ਕੁਦਰਤ ਦਾ ਖਿਲਾਰਿਆ ਹੁਸਨ ਵੰਗਾਰਦਾ ਹੈ ਕਿ ਸਭ ਤੋਂ ਬਹੁਤੀਆਂ ਸੰਭਾਵਨਾਵਾਂ ਦਾ ਮਾਲਕ ਮਨੁੱਖ ਪੈਰਾਂ ਤੋਂ ਲੈ ਕੇ ਸਿਰ ਤਕ ਇਕ ਕਵਿਤਾ ਹੋਵੇ। ਜੁੱਤੀ ਤੋਂ ਲੈ ਕੇ ਟੋਪੀ ਪਗੜੀ ਤਕ ਉਹ ਇਕ ਸੁਖਾਵਾਂ ਦ੍ਰਿਸ਼ ਹੋਵੇ। ਉਹਦਾ ਘਰ, ਉਹਦੇ ਘਰ ਦਾ ਦੁਆਲਾ ਉਹਦੀ ਜੀਵਨ-ਕਵਿਤਾ ਦੇ ਤੋਲ ਵਿਚ ਪੂਰੇ ਬੰਦ ਹੋਣ।

ਮਨੁੱਖ ਦਾ ਘਰ-ਨਿਰਾ ਉਹਦੀ ਕਵਿਤਾ ਦਾ ਇਕ ਬੰਦ ਹੀ ਨਹੀਂ ਉਹਦੀ ਕਵਿਤਾ ਵਿਚ ਨਵੀਆਂ ਤਾਲਾਂ ਦਾ ਪ੍ਰੇਰਕ ਵੀ ਹੁੰਦਾ ਹੈ। ਜੀਕਰ ਕਵਿਤਾ ਨੂੰ ਔਖੇ ਤੇ ਗਹਿਣਿਆਂ-ਸ਼ਿੰਗਾਰੇ ਦੁਰਲੱਭ ਲਫ਼ਜ਼ਾਂ ਦੀ ਮੁਥਾਜੀ ਨਹੀਂ, ਓਕਰ ਘਰ ਨੂੰ ਵੀ ਕਿਸੇ ਮਹਿੰਗੇ ਖਿਲਾਰੇ ਦੀ ਲੋੜ ਨਹੀਂ, ਜਿੰਨੀਆਂ ਚੀਜ਼ਾਂ ਆਪਣੇ ਜੀਵਨ-ਕਰਤੱਵ ਲਈ ਲੋੜੀਂਦੀਆਂ ਹੋਣ, ਉਨੀਆਂ ਨੂੰ ਪੈਦਾ ਕਰਦੇ ਰਹਿਣ ਦੇ ਜਤਨਾਂ ਵਿਚ ਵੀ ਕਵਿਤਾ ਹੈ, ਤੇ ਉਹਨਾਂ ਨੂੰ ਕਵਿਤਾ ਵਾਂਗ ਚੁਣ ਕੇ ਘਰ ਦੀ ਸ਼ਖਸੀਅਤ ਬਣਾਨਾ ਵੀ ਕਵਿਤਾ ਹੈ। ਹਰ ਘਰ ਦੀ ਆਪਣੀ ਸ਼ਖਸੀਅਤ ਹੋਵੇ; ਇਹ ਸ਼ਖਸੀਅਤ ਪਰਵਾਰ ਦੀ ਸਮੁੱਚੀ ਸ਼ਖਸੀਅਤ ਦਾ ਚਿੱਤਰ ਹੁੰਦਾ ਹੈ। ਏਸ ਚਿੱਤਰ ਵਿਚ ਕਵਿਤਾ ਦੀ ਤਾਲ ਪਾਣਾ ਕੋਈ ਔਖੀ ਗੱਲ ਨਹੀਂ, ਸਿਰਫ਼ ਜੀਵਨ-ਜਾਚ ਹੈ। ਸੁਹਜ ਦੀ ਭੁਖ, ਸਫ਼ਾਈ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉੱਦਮ, ਨਵੀਆਂ ਤਰਤੀਬਾਂ ਦੀ ਲਿੱਲ, ਘਰ ਨੂੰ ਸੁਹਣਾ ਬਣਾ ਸਕਣ ਲਈ ਕਾਫ਼ੀ ਹਨ, ਪਰ ਇਹਨੂੰ ਕਵਿਤਾ ਦੀ ਰੰਗਣ ਦੇਣ ਲਈ ਪਰਵਾਰਕ ਸਾਥੀਆਂ ਦੇ ਰਿਸ਼ਤੇ ਵਿਚ ਤਾਲ ਦਾ ਹੋਣਾ ਜ਼ਰੂਰੀ ਹੈ।

ਕੋਈ ਘਰ ਭਾਵੇਂ ਕੇਡਾ ਸੁਹਣਾ ਹੋਵੇ, ਜੇ ਉਸ ਘਰ ਵਿਚ ਸਾਥੀ ਉੱਚਾ ਬੋਲਣ ਲਈ ਮਜਬੂਰ ਰਹਿੰਦੇ ਹਨ, ਜੇ ਇਕ ਦੂਜੇ ਦੇ ਨੁਕਸ ਸੁਭਾਵਕ ਹੀ ਉਹਨਾਂ ਦੇ ਮੂੰਹਾਂ ਉਤੇ ਆ ਜਾਂਦੇ ਹਨ; ਜੇ ਇਕ ਦੂਜੇ ਦੀਆਂ ਮੁਸ਼ਕਲਾਂ ਘਟਾਣ ਤੇ ਕਾਮਯਾਬੀ ਵਧਾਣ ਲਈ ਜ਼ੋਰ ਲਾਣ ਦੀ ਸੁਭਾਵਕ ਰੁਚੀ ਕੋਈ ਨਹੀਂ; ਜੇ ਕਿਸੇ ਦੀ ਗ਼ੈਰ-ਹਾਜ਼ਰੀ ਵਿਚ ਉਹਦੀ ਨਿੰਦਾ ਹੋ ਸਕਦੀ ਹੈ ; ਜੇ ਖਿਮਾ ਮੰਗਣਾ ਤੇ ਖਿਮਾ ਦੇਣਾ ਔਖ ਸਮਝਿਆ ਜਾਂਦਾ ਹੈ, ਜੇ ਘਰ ਦੇ ਸਹਾਇਕ ਕਾਮਿਆਂ ਨਾਲ ਬੋਲੀ ਤੇ ਸਲੂਕ ਵਿਚ ਵਖਰੇਵਾਂ ਹੈ, ਜੇ ਉਸ ਘਰ ਵਿਚ ਮਹਿਮਾਨ ਦਾ ਦਰਜਾ ਉੱਚਾ ਨਹੀਂ; ਜੇ ਗੁਆਂਢੀਆਂ ਨੂੰ ਉਸ ਘਰੋਂ ਕੋਈ ਆਸ ਨਹੀਂ, ਤਾਂ ਅਮੀਰ ਉਹ ਘਰ ਪਿਆ ਅਖਵਾਏ, ਪਰ ਉਹ ਕਵਿਤਾ ਤੋਂ ਕੋਰਾ ਹੈ, ਕਵਿਤਾ ਹੋਣ ਲਈ ਕਵੀ-ਭਾਵ ਹੋਣੇ ਜ਼ਰੂਰੀ ਹਨ।

ਕਵੀ ਸ਼ੁਹਰਤਾਂ ਢਾਹੁਦਾ ਨਹੀਂ, ਸ਼ੁਹਰਤਾਂ ਬਣਾਨ ਵਿਚ ਸਹਾਈ ਹੁੰਦਾ ਹੈ। ਕਵੀ ਦੋਸ਼ ਲਾਣ ਵਾਲੀ ਧਿਰ ਦਾ ਵਕੀਲ ਨਹੀਂ ਹੁੰਦਾ, ਊਜ ਲਗਿਆਂ ਦਾ ਵਕੀਲ ਹੁੰਦਾ ਹੈ। ਕਵੀ ਔਗੁਣਾਂ ਦਾ ਸਮਾਲੋਚਕ ਨਹੀਂ ਹੁੰਦਾ, ਕਵੀ ਹਰ ਸ੍ਵੈ-ਪ੍ਰਕਾਸ਼ ਦਾ ਪ੍ਰਸੰਸਕ ਹੁੰਦਾ ਕੌਮਾਂ, ਨਸਲਾਂ; ਮੁਲਕਾਂ ਦੀਆਂ ਮਿਲਣੀਆਂ ਦਾ ਚਿੱਤਰਕਾਰ ਹੁੰਦਾ ਹੈ; ਲੜਾਈ ਤੇ ਨਫ਼ਰਤ ਇਹਦੀ ਕਵਿਤਾ ਦੇ ਵਿਸ਼ੇ ਨਹੀਂ ਹੋ ਸਕਦੇ।

ਨਾ ਕਵੀ ਇਨਾਮਾਂ ਦਾ ਜਾਚਕ ਹੁੰਦਾ ਹੈ, ਤੇ ਨਾ ਅਗਾਂਹ ਖੜੋਣ ਲਈ ਤਾਂਘਦਾ ਹੈ। ਕਵੀ ਸ਼ੁਹਰਤ ਦਾ ਮੁਥਾਜ ਨਹੀਂ ਹੁੰਦਾ, ਨਾ ਮੁਕਾਬਲੇ ਚਾਹੁੰਦਾ ਹੈ। ਕਵੀ ਜੀਵਨ-ਮੋਹੀ ਇਕ ਜਿੰਦ ਹੈ, ਜ਼ਿੰਦਗੀ ਤੋਂ ਬਲ-ਬਲ ਜਾਣ ਵਿਚ ਉਹ ਜੁਟਿਆ ਹੈ। ਪਹਿਲਾਂ ਉਹ ਆਪਣੇ ਸਰੀਰ ਨੂੰ, ਫੇਰ ਆਪਣੇ ਘਰ ਨੂੰ, ਫੇਰ ਆਪਣੇ ਪਿੰਡ, ਸ਼ਹਿਰ, ਮੁਲਕ ਤੇ ਸਾਥੀਆਂ ਨੂੰ ਤੇ ਓੜਕ ਸਾਰੀ ਧਰਤੀ ਨੂੰ ਜਿਦ੍ਹੇ ਉਤੇ ਉਹਦੇ ਇਹ ਸਾਰੇ ਪਿਆਰੇ ਵਸਦੇ ਹਨ, ਸੁਹਣੀ ਕਵਿਤਾ ਵਿਚ ਰੰਗ ਪ੍ਹੋ ਦੇਣਾ ਆਪਣਾ ਜੀਵਨ ਮਨੋਰਥ ਸਮਝਦਾ ਹੈ। ਏਸ ਮਨੋਰਥ ਦੀ ਪੂਰਤੀ ਦਾ ਇਨਾਮ ਕੋਈ ਦੂਜਾ ਉਹਨੂੰ ਨਹੀਂ ਦੇ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਦਾ ਇਨਾਮ ਕਦਮ ਕਦਮ ਉਤੇ ਪਲ-ਪਲ ਉਤੇ, ਉਹਦੀ ਤਕਣੀ, ਉਹਦੇ ਬੋਲ, ਉਹਦੀ ਤੋਰ, ਉਹਦੇ ਸੁਪਨਿਆਂ ਵਿਚ ਰਚਦਾ ਜਾਂਦਾ ਹੈ। ਉਹਦੀ ਮਹਾਨ ਜੀਵਨ-ਕਵਿਤਾ ਦਾ ਅੰਤਲਾ ਬੰਦ ਇਹ ਹੁੰਦਾ ਹੈ :—

ਨਾ ਕੋ ਬੈਰੀ ਨਾਹਿ ਬੇਗਾਨਾ
ਸਗਲ ਸੰਗ ਹਮ ਕੌ ਬਣ ਆਈ।

('ਜ਼ਿੰਦਗੀ ਦੀ ਕਵਿਤਾ' ਵਿੱਚੋਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਤ ਸਿੰਘ ਸੇਖੋਂ

ਕਵਿਤਾ ਤੇ ਸੰਸਕ੍ਰਿਤੀ

ਇਕ ਪੁਰਖ, ਭਾਵੇਂ ਉਹ ਕਿਡਾ ਵੀ ਜੋਧਾ, ਪ੍ਰਾਕਰਮੀ ਤੇ ਪ੍ਰਤਿਭਾਸ਼ੀਲ ਕਿਉਂ ਨਾ ਹੋਵੇ, ਜਾਂ ਇਕ ਇਸਤ੍ਰੀ, ਜਿਹੜੀ ਭਾਵੇਂ ਪਦਮਨੀ ਜੇਹੀ ਸੁੰਦਰ ਜਾਂ ਸੀਤਾ ਜੇਹੀ ਸਥਿਰ ਤੇ ਸਾਵਿਤਰੀ ਜੇਹੀ ਸਤੀ ਕਿਉਂ ਨਾ ਹੋਵੇ, ਸਮੂਹ ਦੇ ਟਾਕਰੇ ਵਿਚ ਤੁੱਛ ਹੈ। ਮਨੁੱਖ ਦਾ ਜੀਵਨ, ਸੋਝੀਵਾਨ ਜੀਵਨ, ਜਿਸ ਨੂੰ ਉਹ ਕਲਾ ਜਾਂ ਕਵਿਤਾ ਦੀ ਸੇਵਾ ਵਿਚ ਵਰਤ ਸਕਦਾ ਹੈ, ਵਧ ਤੋਂ ਵਧ ਚਾਲ੍ਹੀ ਕੁ ਸਾਲ ਦਾ, ਹਦ ਪੰਜਾਹ ਸਾਲ ਦਾ ਹੋ ਸਕਦਾ ਹੈ, ਤੇ ਮਨੁੱਖੀ ਸਭਿਅਤਾ ਦੇ ਦਸ ਕੁ ਹਜ਼ਾਰ ਸਾਲ ਲੰਮੇ ਜੀਵਨ ਦੇ ਟਾਕਰੇ 'ਚ ਇਸ ਪੰਜਾਹ-ਵਰਸ਼ੀ ਅਨੁਭਵ ਦਾ ਕਿਤਨਾ ਕੁਝ ਮੁਲ ਹੋ ਸਕਦਾ ਹੈ ? ਇਸੇ ਲਈ ਉਹ ਕਵਿਤਾ ਜੋ ਕਵੀ ਦੇ ਜੀਵਨ ਨਾਲ ਹੀ ਆਸਕਤ ਹੈ, ਜਾਂ ਆਪਣੇ ਉਦਾਲੇ ਦੀਆਂ ਘਟਨਾਵਾਂ ਨਾਲ ਹੀ, ਬਹੁ-ਅਨੁਭਵੀ ਕਵਿਤਾ ਨਹੀਂ ਹੋ ਸਕਦੀ। ਇਸ ਲਈ ਅਨੁਭਵ ਨੂੰ ਕਲਪਨਾ ਦੀ ਸਹਾਇਤਾ ਦੀ ਲੋੜ ਪੈਂਦੀ ਹੈ। ਪਰ ਕਲਪਨਾ ਵੀ ਆਪਣੇ ਆਪ ਵਿਚ ਇਕ ਬੱਦਲ-ਛਾਉਂ ਤੋਂ ਵੱਧ ਬਹੁਤ ਕੁਝ ਨਹੀਂ ਹੋ ਸਕਦੀ। ਜੇਡਾ ਵੱਡਾ ਇਹਦੇ ਪਿਛੇ ਅਨੁਭਵ ਦਾ ਆਕਾਰ ਹੋਵੇਗਾ, ਉਡੀ ਵੱਡੀ ਇਹ ਛਾਇਆ ਹੋਵੇਗੀ। ਇਹ ਵੱਡਾ ਆਕਾਰ ਜਾਤੀ ਦਾ ਇਤਿਹਾਸ ਹੈ।

ਉਹ ਹੀ ਕਵੀ ਮਹਾਨ ਹੋ ਸਕਦਾ ਹੈ ਜੋ ਆਪਣੇ ਨਿਜੀ ਅਨੁਭਵ ਨੂੰ ਆਪਣੇ ਸਮੇਂ ਦੇ ਅਨੁਭਵ ਵਿਚ ਰਚਾ ਦੇਵੇ, ਤੇ ਆਪਣੇ ਸਮੇਂ ਦੇ ਅਨੁਭਵ ਨੂੰ ਆਪਣੀ ਜਾਤੀ ਦੇ ਇਤਿਹਾਸਕ ਅਨੁਭਵ ਵਿਚ ਰਚਾ ਦੇਵੇ। ਕਿਸੇ ਜਾਤੀ ਦਾ ਇਤਿਹਾਸਕ ਅਨੁਭਵ ਉਸ ਦੀ ਸੰਸਕ੍ਰਿਤੀ ਹੈ।

ਜਾਤੀ ਦੇ ਇਸ ਇਤਿਹਾਸਕ ਅਨੁਭਵ, ਸੰਸਕ੍ਰਿਤੀ ਦੇ ਇਸ ਸਮੁਚੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਭਵ ਬਿਨਾਂ ਕਵਿਤਾ ਮਹਾਨ ਨਹੀਂ ਹੋ ਸਕਦੀ। ਸਿਧੀ ਗੱਲ ਹੈ ਕਿ ਵਖ ਵਖ ਜਾਤੀਆਂ ਦੇ ਇਤਿਹਾਸਕ ਅਨੁਭਵ ਵਖ-ਵਖ ਮਿਤੀ ਤੇ ਆਕਾਰ ਵਾਲੇ ਹੋਣਗੇ। ਇਹ ਵਖੇਵਾਂ ਕੇਵਲ ਸਮੇਂ ਦੀ ਲੰਬਾਈ ਦੇ ਅਨੁਸਾਰ ਹੀ ਨਹੀਂ ਹੋਵੇਗਾ। ਇਕ ਪੰਜ ਹਜ਼ਾਰ ਸਾਲ ਪੁਰਾਣੀ ਸਭਿਅਤਾ ਤੇ ਸੰਸਕ੍ਰਿਤੀ ਵਾਲੀ ਜਾਤੀ ਦਾ ਇਤਿਹਾਸਕ ਅਨੁਭਵ ਇਕ ਦੋ ਹਜ਼ਾਰ ਵਰ੍ਹੇ ਲੰਮੀ ਸੰਸਕ੍ਰਿਤੀ ਵਾਲੀ ਜਾਤੀ ਨਾਲੋਂ ਵਧ ਵੀ ਹੋ ਸਕਦਾ ਹੈ ਤੇ ਘੱਟ ਵੀ। ਇਸ ਵਖੇਵੇਂ ਦਾ ਆਧਾਰ ਸਮੇਂ ਦੀ ਲੰਮਾਈ ਤੋਂ ਬਿਨਾਂ ਜਾਤੀ ਦੇ ਪ੍ਰਾਕਰਮ ਤੇ ਪ੍ਰਾਪਤੀ ਵੀ ਹਨ। ਕੋਈ ਜਾਤੀ ਦੋ ਹਜ਼ਾਰ ਵਰ੍ਹੇ ਪੁਰਾਣੀ ਜਾਤੀ ਤੋਂ ਵਡੇਰੇ ਪ੍ਰਾਕਰਮ ਤੇ ਪ੍ਰਾਪਤੀ ਵਾਲੀ ਹੋ ਸਕਦੀ ਹੈ ਅਜੇਹੀ ਜਾਤੀ ਦਾ ਇਤਿਹਾਸਕ ਅਨੁਭਵ ਵਧੇਰੇ ਮੁੱਲ ਵਾਲਾ ਤੇ ਇਸ ਦੀ ਕਲਾ ਆਪਣੇ ਸਮੁਚੇ ਰੂਪ ਵਿਚ ਵਡੇਰੀ ਉਮਰ ਵਾਲੀ ਜਾਤੀ ਨਾਲੋਂ ਮਹਾਨਤਰ ਹੋ ਸਕਦੀ ਹੈ। ਯੂਨਾਨ,ਇਟਲੀ,ਇੰਗਲਿਸਤਾਨ, ਫਰਾਂਸ, ਜਰਮਨੀ ਤੇ ਰੂਸ, ਯੂਰਪ ਵਿਚ, ਤੇ ਅਰਬ, ਈਰਾਨ, ਭਾਰਤ ਤੇ ਚੀਨ ਏਸ਼ੀਆ ਵਿਚ ਵਡੀ ਪ੍ਰਾਪਤੀ ਵਾਲੇ ਦੇਸ ਹਨ। ਪਰ ਕਿਸੇ ਨੂੰ ਇਹ ਮੰਨਣ ਵਿਚ ਝਿਜਕ ਨਹੀਂ ਹੋਣੀ ਚਾਹੀਦੀ ਕਿ ਉਕਤ ਯੂਰਪੀਨ ਦੇਸਾਂ ਦੀ ਪ੍ਰਾਪਤੀ ਉਕਤ ਏਸ਼ੀਆਈ ਦੇਸਾਂ ਦੀ ਪ੍ਰਾਪਤੀ ਨਾਲੋਂ ਸਮੁਚੇ ਰੂਪ ਵਿਚ ਵਧੇਰੇ ਹੈ। ਸਮੁਚੇ ਰੂਪ ਵਿਚ, ਕਿਉਂਕਿ ਹੋ ਸਕਦਾ ਹੈ ਕਿਧਰੇ-ਕਿਧਰੇ, ਭਾਰਤ ਦੀਆਂ ਅਜੰਤਾ ਤੇ ਅਲੋਰਾ ਦੀਆਂ ਕੰਦਰਾਂ, ਮਹਾਬਲੇਸ਼ਰਮ ਆਦਿ, ਮੰਦਰਾਂ ਤੇ ਤਾਜ ਮਹਲ, ਆਦਿ, ਸਮਾਧੀਆਂ ਦੇ ਮੇਚ ਦੀਆਂ ਕਲਾ-ਵਸਤਾਂ ਇੰਗਲਿਸਤਾਨ ਵਿਚ ਨਾ ਹੋਣ। ਪਰ ਸਮੁਚੇ ਰੂਪ ਵਿਚ ਯੂਰਪ ਦੀ ਚਿੱਤਰ ਕਲਾ, ਸਾਹਿਤ, ਕਵਿਤਾ ਤੇ ਸ਼ਾਇਦ ਸੰਗੀਤ ਦੇ ਖੇਤਰਾਂ ਵਿਚ ਏਸ਼ੀਆਈ ਦੇਸਾਂ ਦੀ ਪ੍ਰਾਪਤੀ ਚੋਖੀ ਅਧਮ ਹੈ।

ਇਸ ਉਪਰੋਕਤ ਟਾਕਰੇ ਦਾ ਭਾਵ ਕੇਵਲ ਇਹ ਦਰਸਾਣ ਦਾ ਹੈ ਕਿ ਕਿਸੇ ਜਾਤੀ ਜਾਂ ਬੋਲੀ ਦੀ ਕਲਾ ਜਾਂ ਕਵਿਤਾ ਆਪਣੀ ਸੰਸਕ੍ਰਿਤੀ ਦੇ ਮਿਤ ਅਨੁਸਾਰ ਹੀ ਮਹਾਨ ਹੋ ਸਕਦੀ ਹੈ।

ਇਸ ਤੋਂ ਅੱਗੇ ਵੇਖਣ ਵਾਲੀ ਗੱਲ ਇਹ ਹੈ ਕਿ ਕੋਈ ਕਵੀ ਆਪਣੀ ਸੰਸਕ੍ਰਿਤੀ ਦੇ ਮਿਤ ਅਨੁਸਾਰ ਹੀ ਮਹਾਨ ਹੋ ਸਕਦਾ ਹੈ।

ਇਸ ਤੋਂ ਅੱਗੇ ਵੇਖਣ ਵਾਲੀ ਗੱਲ ਇਹ ਹੈ ਕਿ ਕੋਈ ਕਵੀ ਆਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਸਕ੍ਰਿਤੀ ਨੂੰ ਕਿਸ ਮਿਤੀ ਵਿਚ ਆਪਣੀ ਕਵਿਤਾ ਦਾ ਆਧਾਰ ਬਣਾ ਸਕਦਾ ਹੈ। ਇਕ ਕਵੀ ਦੀ ਇਸ ਸ਼ਕਤੀ ਦਾ ਨਿਰਤਰ ਵਧੇਰੇ ਕਰਕੇ ਉਸਦੀ ਵਿਦਵਤਾ ਉਤੇ ਹੈ। ਇਕ ਗੰਵਾਰ ਕਵੀ ਕਦੀ ਵੀ ਇਕ ਵਿਦਵਾਨ ਕਵੀ ਦੇ ਟਾਕਰੇ ਦਾ ਨਹੀਂ ਹੋ ਸਕਦਾ, ਭਾਵੇਂ ਆਪਣੀ ਕਿਸੇ ਪੰਕਤੀ ਵਿਚ, ਜਾਂ ਕਿਸੇ ਪ੍ਰਸੰਗ ਵਿਚ ਉਹ ਕਿਡੀ ਉਚੀ ਵੀ ਸਿਖ਼ਰ ਕਿਉਂ ਨਾ ਛੂਹ ਗਿਆ ਹੋਵੇ। ਕਾਰਣ ਇਹ ਹੈ ਕਿ ਇਕ ਵਿਦਵਾਨ ਆਪਣੀ ਜਾਤੀ ਦੇ ਇਤਿਹਾਸਕ ਅਨੁਭਵ ਤੇ ਸੰਸਕ੍ਰਿਤੀ ਤੋਂ ਇਕ ਅਨਪੜ੍ਹ ਜਾਂ ਥੋੜੇ ਪੜ੍ਹੇ ਹੋਏ ਵਿਅਕਤੀ ਨਾਲੋਂ ਵਧੇਰ ਜਾਣੂ ਹੁੰਦਾ ਹੈ। ਪਰ ਇਸ ਦਾ ਇਹ ਭਾਵ ਨਹੀਂ ਕਿ ਕੇਵਲ ਵਿਦਵਤਾ ਹੀ ਕਵੀ ਦੀ ਮਹਾਨਤਾ ਦਾ ਮਾਪ ਹੈ, ਤੇ ਇਕ ਵਧੇਰੇ ਵਿਦਵਾਨ ਕਵੀ ਆਪਣੇ ਤੋਂ ਘੱਟ ਵਿਦਵਾਨ ਕਵੀ ਨਾਲੋਂ ਹਮੇਸ਼ਾਂ ਮਹੱਤਰ ਹੋਵੇਗਾ। ਇਸ ਦਾ ਭਾਵ ਕੇਵਲ ਇਹ ਹੈ ਕਿ ਕਵਿਤਾ ਵਿਚ ਮਹਾਨਤਾ ਪ੍ਰਾਪਤ ਕਰਨ ਲਈ ਚੋਖੇ ਪ੍ਰਮਾਣ ਦੀ ਵਿਦਵਤਾ ਦੀ ਲੋੜ ਹੈ। ਕਈ ਲੋਕ ਸ਼ੈਕਸਪੀਅਰ ਨੂੰ ਇਕ ਸਾਧਾਰਣ ਅਭਿਨੇਤਾ, ਥੋੜੀ ਜੇਹੀ ਵਿਦਿਆ ਵਾਲਾ ਵਿਅਕਤੀ ਸਮਝਦੇ ਹੋਏ, ਉਪਰੋਕਤ ਕਥਨ ਉਤੇ ਕਿੰਤੂ ਕਰਨਗੇ। ਪਰ ਜੇ ਸ਼ੈਕਸਪੀਅਰ ਦੀ ਰਚਨਾ ਤੋਂ ਵੇਖਿਆ ਜਾਵੇ; ਤਾਂ ਇਹ ਸਪੱਸ਼ਟ ਹੈ ਕਿ ਉਹ ਇਕ ਚੋਖੇ ਪ੍ਰਮਾਣ ਦਾ ਵਿਦਵਾਨ ਸੀ। ਉਸ ਦੀ ਰਚਨਾ ਵਿਚਲੀ ਵਿਦਵਤਾ ਕਰਕੇ ਹੀ ਕਈ ਲੋਕਾਂ ਲਈ ਇਹ ਮੰਨਣਾ ਔਖਾ ਹੈ ਕਿ ਸ਼ੈਕਸਪੀਅਰ ਦੇ ਨਾਟਕ ਇਕ ਸਾਧਾਰਣ ਅਭਿਨੇਤਾ ਦੀ ਕਿਰਤ ਹਨ, ਤੇ ਉਹ ਇਹਨਾਂ ਨੂੰ ਬੇਕਨ ਅਥਵਾ ਹੋਰ ਵਿਦਵਾਨਾਂ ਦੀ ਕਿਰਤ ਸਿਧ ਕਰਨ ਦੇ ਯਤਨ ਕਰਦੇ ਹਨ। ਸਿਧ ਹੈ ਕਿ ਜੋ ਕੋਈ ਵੀ ਇਹਨਾਂ ਨਾਟਕਾਂ ਦਾ ਕਰਤਾ ਹੈ, ਉਹ ਇਕ ਉਚ ਕੋਟੀ ਦਾ ਵਿਦਵਾਨ ਸੀ। ਹੋ ਸਕਦਾ ਹੈ ਇਹ ਵਿਦਵਤਾ ਉਸ ਨੇ ਆਪਣੇ ਦੇਸ ਦੀਆਂ ਪ੍ਰਸਿਧ ਵਿਦਿਅਕ ਸੰਸਥਾਵਾਂ ਜਾਂ ਪਰਣਾਲੀਆਂ ਰਾਹੀਂ ਪਰਾਪਤ ਨਾ ਕੀਤੀ ਹੋਵੇ, ਐਵੇਂ ਹੀ ਆਪਣਾ ਸਾਧਾਰਣ ਵਿਵਹਾਰ ਕਰਦੇ-ਕਰਦੇ ਆਪਣੇ ਨਿਜੀ ਪ੍ਰਯਾਸ ਅਭਿਆਸ ਨਾਲ ਪਰਾਪਤ ਕੀਤੀ ਹੋਵੇ। ਗੁਰੂ ਨਾਨਕ ਕਦੀ ਕਿਸੇ ਗੁਰੂਕੁਲ ਦੇ ਵਿਦਿਆਰਥੀ ਨਹੀਂ ਸਨ, ਪਰ ਉਹਨਾਂ ਦੀ ਵਿਦਵਤਾ ਤੋਂ ਕਿਸ ਨੂੰ ਇਨਕਾਰ ਹੋ ਸਕਦਾ ਹੈ ?

ਪੰਜਾਬੀ ਕਵੀਆਂ ਵਿਚ ਵਿਦਵਤਾ ਦੀ ਘਾਟ ਹੈ, ਕਿਉਂਕਿ ਸਿਖ ਪੰਜਾਬੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਇਕ ਦਾਇਰੇ ਤੋਂ ਬਿਨਾਂ ਦੂਜੇ ਪੰਜਾਬੀ ਦਾਇਰਿਆਂ ਦੇ ਵਿਦਵਾਨਾਂ ਨੇ ਪੰਜਾਬੀ ਸਾਹਿਤ ਰਚਨਾ ਵਲ ਧਿਆਨ ਨਹੀਂ ਕੀਤਾ। ਪਰ ਇਸ ਪੰਜਾਬੀ ਸਿਖ ਦਾਇਰੇ ਵਿਚ ਹੀ ਜੇ ਵੇਖੀਏ ਤਾਂ ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਤੇ ਪ੍ਰੋ: ਮੋਹਨ ਸਿੰਘ ਜੇਹੇ ਵਿਦਵਾਨ ਹੀ ਪ੍ਰਤਿਸ਼ਠਾ ਪਰਾਪਤ ਕਰ ਸਕੇ ਹਨ। ਪ੍ਰੀਤਮ ਸਿੰਘ ਸਫੀਰ ਵਿਚ ਵੀ ਯੁਕਤ ਪ੍ਰਮਾਣ ਹੀ ਵਿਦਵਤਾ ਜ਼ਰੂਰ ਹੈ। ਅੰਮ੍ਰਿਤਾ ਪ੍ਰੀਤਮ, ਠੀਕ ਹੈ, ਯੋਗ ਵਿਦਵਤਾ ਤੋਂ ਬਿਨਾਂ ਕਵਿਤਾ ਦੇ ਖੇਤਰ ਵਿਚ ਪ੍ਰਵਿਸ਼ਟ ਹੋਈ ਸੀ, ਤੇ ਉਸ ਨੂੰ ਹੁਣ ਵੀ ਵਿਦਵਾਨਾਂ ਵਿਚ ਸ਼ੁਮਾਰ ਨਹੀਂ ਕੀਤਾ ਜਾ ਸਕਦਾ। ਪਰ ਨਿਕਟਵਰਤੀ ਜਾਣਦੇ ਹਨ ਕਿ ਉਸ ਨੇ ਆਪਣੇ ਪਿਛਲੇ ਦਸਾਂ ਬਾਰਾਂ ਸਾਲਾਂ ਵਿਚ ਕਿਤਨਾ ਸਾਹਿਤ ਤੇ ਗਿਆਨ ਅਭਿਆਸ ਕੀਤਾ ਹੈ।

ਪਰ ਇਸ ਸਭ ਕੁਝ ਦੇ ਬਾਵਜੂਦ ਹਾਲੇ ਵੀ ਆਧੁਨਿਕ ਪੰਜਾਬੀ ਕਵਿਤਾ ਤਾਂ ਕੀ, ਬਹੁਤੀ ਆਧੁਨਿਕ ਭਾਰਤੀ ਕਵਿਤਾ ਯੂਰਪੀਨ ਕਵਿਤਾ ਦੇ ਉਚੇ ਪਧਰ ਤਕ ਘਟ ਹੀ ਪਹੁੰਚਦੀ ਹੈ, ਕਿਉਂਕਿ ਸਮੁਚੀ ਮਿਤੀ ਵਿਚ ਭਾਰਤੀ ਕਵੀਆਂ ਨਾਲੋਂ ਵਿਦਵਤਾ, ਅਭਿਆਸ ਤੇ ਪਰਾਦਰਸ਼ਕਤਾ ਦੀ ਸ਼ਕਤੀ ਘੱਟ ਹੈ। ਅਤੇ ਇਸ ਵਿਚ ਕਸੂਰ ਅਸਾਡੀ ਜਾਤੀ ਦੇ ਘਟ ਭਰਪੂਰ ਇਤਿਹਾਸਕ ਅਨੁਭਵ ਜਾਂ ਸੰਸਕ੍ਰਿਤੀ ਦਾ ਹੈ !

ਕਈ ਲੋਕਾਂ ਲਈ ਇਹ ਮੰਨਣਾ ਔਖਾ ਹੋਵੇਗਾ ਕਿ ਅਸਾਡੀ ਸੰਸਕ੍ਰਿਤੀ ਕਿਸੇ ਯੂਰਪੀਨ ਦੇਸ ਦੀ ਸੰਸਕ੍ਰਿਤੀ ਨਾਲੋਂ ਨੀਵੇਂ ਪੱਧਰ ਦੀ ਹੈ, ਤੇ ਇਸ ਸ਼ੰਕੇ ਦੀ ਪੁਸ਼ਟੀ ਲਈ ਉਹ ਅਸਾਡੇ ਉਪਨਿਸ਼ਦਾਂ, ਗੀਤਾ, ਕਾਲੀਦਾਸ ਦੇ ਨਾਟਕਾਂ, ਤੇ ਬੁੱਧ ਮਤ ਦੇ ਧਰਮ ਗ੍ਰੰਥਾਂ, ਆਦਿ ਦੇ ਹਵਾਲੇ ਦੇਣਗੇ। ਪਰ ਵਾਸਤਵ ਵਿਚ, ਅਜੰਤਾ ਐਲੋਰਾ ਦੀਆਂ ਕੰਦਰਾਂ ਵਿਚਲੀ ਕਲਾ ਵਾਕਰ ਅਸਾਡੀ ਸੰਸਕ੍ਰਿਤੀ ਦੇ ਇਹ ਸਿਖਰ ਵੀ ਇਸਦੇ ਸਮੁਚੇ ਪੱਧਰ ਦੇ ਸੂਚਕ ਨਹੀਂ। ਅਸਾਡੀ ਸੰਸਕ੍ਰਿਤੀ ਯੂਰਪੀਨ ਸੰਸਕ੍ਰਿਤੀ ਜਿਤਨੀ ਬਹੁ-ਪੱਖੀ ਨਹੀਂ ਤੇ ਨਾਲੇ ਜੋ ਵਾਧਾ ਯੂਰਪੀਨ ਸੰਸਕ੍ਰਿਤੀ ਵਿਚ ਪਿਛਲੇ ਹਜ਼ਾਰ ਕੁਝ ਵਰ੍ਹਿਆਂ ਵਿਚ ਹੋਇਆ ਹੈ, ਉਸ ਦਾ ਇਕ ਭਾਗ ਵੀ ਅਸਾਡੀ ਸੰਸਕ੍ਰਿਤੀ ਵਿਚ ਨਹੀਂ ਵੇਖਿਆ ਜਾ ਸਕਦਾ।

ਯੂਰਪੀਨ ਸੰਸਕ੍ਰਿਤੀ ਦੇ ਮੁਖ ਅਧਾਰ ਹਨ ਯੂਨਾਨੀ ਤੇ ਅਤਾਲਵੀ ਮਿਥਿਹਾਸ, ਇਤਿਹਾਸ, ਕਲਾ ਤੇ ਸਾਹਿਤ, ਯਹੂਦੀ ਪ੍ਰਾਕ-ਇਤਿਹਾਸ, ਈਸਾਈ ਮਤ ਤੇ ਇਸ ਦੀ ਪਰੰਪਰਾ, ਯੂਰਪੀਨ ਦੇਸਾਂ ਦੇ ਆਪਣੇ ਜਾਤੀ ਅਨੁਭਵ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਤਿੰਨ-ਚਾਰ ਸੌ ਵਰ੍ਹੇ ਦੀ ਆਧੁਨਿਕ ਇਤਿਹਾਸਕ ਪਰਾਪਤੀ, ਜਿਸ ਦੇ ਮੁਖ ਰੂਪ ਅਮਰੀਕਾ ਦੀਪਾਂ ਦੀ ਲਭਤ ਤੇ ਸੰਸਾਰ ਦੇ ਵਿਉਪਾਰ ਦੀ ਅਗਵਾਈ ਹਨ। ਇਸ ਤੋਂ ਉਪਰੰਤ ਇਸ ਦੀ ਪਿਛਲੇ ਦੋ ਸੌ ਸਾਲ ਦੀ ਵਿਗਿਆਨਕ ਪਰਾਪਤੀ, ਪੂੰਜਵਾਦੀ ਉਨਤੀ ਤੇ ਸਮਾਜਵਾਦੀ ਸੰਘਰਸ਼ ਦੀ ਮਿਤੀ ਤਾਂ ਅਸਾਡੇ ਏਸ਼ੀਆਈ ਮਾਪਾਂ ਵਿਚ ਹਾਲੀ ਆ ਹੀ ਨਹੀਂ ਸਕਦੀ।

ਅਸਾਡੀ ਸੰਸਕ੍ਰਿਤੀ ਦਾ ਮੁਖ ਆਧਾਰ ਅਸਾਡਾ ਆਪਣਾ ਜਾਤੀ ਅਨੁਭਵ ਹੈ, ਜਿਸ ਵਿਚੋਂ ਅਸਾਡੀ ਦੇਵ-ਗਾਥਾ, ਅਸਾਡਾ ਮਿਥਿਹਾਸ, ਸਾਹਿਤ ਤੇ ਦਰਸ਼ਨ, ਆਦਿ, ਉਤਪੰਨ ਹੋਏ। ਇਸ ਤੋਂ ਉਪਰੰਤ ਪਿਛਲੇ ਹਜ਼ਾਰ ਕੁ ਵਰ੍ਹੇ ਤੋਂ ਆਇਆ ਹੋਇਆ ਇਸਲਾਮੀ ਇਤਿਹਾਸਕ ਅਨੁਭਵ ਹੈ, ਤੇ ਬੱਸ। ਇਸ-ਲਾਮੀ ਇਤਿਹਾਸਕ ਅਨੁਭਵ ਕੋਈ ਵਡਮੁਲਾ ਅਨੁਭਵ ਨਹੀਂ, ਯੂਰਪੀਨ ਇਤਿਹਾਸਕ ਪਰਾਪਤੀ ਦੇ ਮੁਕਾਬਲੇ ਵਿਚ। ਇਸ ਦਾ ਆਪਣਾ ਸਾਂਸਕ੍ਰਿਤਕ ਆਧਾਰ ਪੇਤਲੇ ਜੇਹੇ ਆਕਾਰ ਵਿਚ ਯੂਨਾਨੀ ਦਰਸ਼ਨ ਤੇ ਯਹੂਦੀ ਪ੍ਰਾਕ-ਇਤਿਹਾਸ ਹੈ। ਸਿਧ ਹੈ ਕਿ ਅਸਾਡੀ ਪਰੰਪਰਾ ਉਤਨੀ ਬਹੁ-ਪੱਖੀ ਨਹੀਂ ਜਿਤਨੀ ਯੂਰਪੀਨ ਪਰੰਪਰਾ। ਅਤੇ ਇਸ ਲਈ ਅਸਾਡੀ ਕਵਿਤਾ ਦੀ ਪਰੰਪਰਾ ਤੇ ਪਿਤਰੀ ਧਨ ਉਤਨਾ ਵਿਸ਼ਾਲ, ਘਨੇਰਾ, ਤੇ ਬਹੁਰੂਪੀ ਵੀ ਨਹੀਂ। ਪੰਜਾਬੀ ਦੀ ਕਵਿਤਾ ਦੀ ਪਰੰਪਰਾ ਬਾਰੇ ਉਪਰੋਕਤ ਚਰਚਾ ਦੇ ਵਿਸ਼ੇ ਨੂੰ ਸਮਝਣਾ ਅਤਿ ਜ਼ਰੂਰੀ ਹੈ। ਪੰਜਾਬ ਦੇ ਲੋਕ ਤਿੰਨ ਵਡੇ ਧਾਰਮਿਕ ਸਮੂਹਾਂ, ਹਿੰਦੂ, ਸਿਖ, ਮੁਸਲਮਾਨ, ਵਿਚ ਵੰਡੇ ਹੋਏ ਹਨ। ਇਹਨਾਂ ਵਿਚੋਂ ਤੀਸਰੇ ਸਮੂਹ ਦੀ ਸੰਸਕ੍ਰਿਤੀ ਤੇ ਪਰੰਪਰਾ ਪਹਿਲੇ ਦੋ ਨਾਲੋਂ ਚੋਖੀ ਭਿੰਨ ਹੋ ਚੁਕੀ ਹੈ। ਆਮ ਕਰ ਕੇ ਪੰਜਾਬੀ ਮੁਸਲਮਾਨਾਂ ਦਾ ਉਪਰ-ਪਦਾਰਥਕ ਜੀਵਨ ਪੰਜਾਬੀ ਹਿੰਦੂ ਸਿਖਾਂ ਨਾਲੋਂ ਬਹੁਤ ਵਖਰਾ ਹੈ। ਉਹਨਾਂ ਵਿਚੋਂ ਬਹੁਤ ਵਧੇਰਾ ਭਾਗ ਆਪਣਾ ਅੰਤਮ ਕਲਿਆਣ ਉਸ ਸਾਂਸਕ੍ਰਿਤਕ ਪਰੰਪਰਾ ਵਿਚ ਵੇਖਦੇ ਹਨ, ਜਿਸ ਵਿਚ ਭਾਰਤੀ ਸਾਂਸਕ੍ਰਿਤਕ ਪਰੰਪਰਾ ਦਾ ਭਾਗ ਨਾ ਹੋਣ ਬਰਾਬਰ ਹੈ। ਇਕ ਬਾਹਰ-ਭਾਰਤੀ ਸਾਂਸਕ੍ਰਿਤਕ ਪਰੰਪਰਾ ਨੂੰ ਧਾਰਣ ਕਰਕੇ ਉਹਨਾਂ ਨੇ ਅਸਾਡੇ ਉਸ ਇਤਿਹਾਸਕ ਅਨੁਭਵ ਨੂੰ ਜੋ ਭਾਰਤ ਵਿਚ ਆਏ ਮੁਸਲਮਾਨ ਤੁਰਕਾਂ, ਪਠਾਣਾਂ, ਮੁਗਲਾਂ, ਆਦਿ ਤੋਂ ਪਹਿਲਾਂ ਦਾ ਹੈ, ਕਰੀਬ-ਕਰੀਬ ਤਿਲਾਂਜਲੀ ਹੀ ਦੇ ਦਿਤੀ ਹੋਈ ਹੈ। ਉਹ ਸਾਰੇ ਸੂਖਮ ਵਿਚਾਰ, ਕਲਪ ਤੇ ਭਾਵ ਜੋ ਹਿੰਦੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਖਾਂ ਦੇ ਮਨ ਤੇ ਬੁਧੀ ਨੂੰ ਸੰਚਲਿਤ ਕਰਦੇ ਹਨ, ਮੁਸਲਮਾਨਾਂ ਲਈ ਬਹੁਤ ਹਦ ਤਕ ਪਰਾਏ ਤੇ ਬੇਗਾਨੇ ਹਨ। ਰਾਮ ਚੰਦਰ, ਸੀਤਾ, ਕ੍ਰਿਸ਼ਨ, ਮਹਾਤਮਾ ਬੁੱਧ, ਸਮਰਾਟ ਅਸ਼ੋਕ, ਵਿਕਰਮਾਜੀਤ, ਹਰਸ਼; ਵੇਦ ਪੁਰਾਣ, ਸ਼ਾਸਤਰ, ਗੀਤਾ, ਰਾਮਾਇਣ, ਮਹਾਭਾਰਤ ਨਾਲ ਸੰਬੰਧਤ ਭਾਵ-ਉਦਗਾਰ ਆਮ ਕਰਕੇ ਇਕ ਮੁਸਲਮਾਨ ਕਵੀ ਦੀ ਰਚਨਾ ਵਿਚ ਅੰਕਿਤ ਨਹੀਂ ਹੁੰਦੇ, ਜਾਂ ਕਿਧਰੇ-ਕਿਧਰੇ ਕੋਈ ਨਾਮ ਮਾਤਰ ਸੰਕੇਤ ਹੁੰਦਾ ਹੈ। ਇਹ ਗੱਲ ਪੁਰਾਣੇ ਮੁਸਲਮਾਨ ਕਵੀਆਂ ਖ਼ਾਸ ਕਰਕੇ ਵਾਰਿਸ, ਸ਼ਾਹ ਹੁਸੈਨ ਉਤੇ ਇਤਨੀ ਲਾਗੂ ਨਹੀਂ, ਜਿਸ ਕਰ ਕੇ ਉਹਨਾਂ ਦੀ ਕਵਿਤਾ ਵਿਚ ਸਭ ਪੰਜਾਬੀਆਂ ਨੂੰ ਸ਼ਰਧਾ ਹੈ। ਪਰ ਅਜੋਕੇ ਸਮੇਂ, ਖ਼ਾਸ ਕਰਕੇ ਸਿਖ ਰਾਜ ਦੇ ਪਿਛੋਂ, ਅੰਗਰੇਜ਼ਾਂ ਦੇ ਆਉਣ ਸਮੇਂ ਤੋਂ ਮੁਸਲਮਾਨ ਜਨਤਾ ਵਿਚ ਹਿੰਦੂ-ਸਿਖ ਜਨਤਾ ਨਾਲ ਇਹ ਸੰਸਕ੍ਰਿਤੀ ਦੀ ਸਾਂਝ ਬਹੁਤ ਘਟ ਗਈ ਹੈ, ਜਿਸ ਕਾਰਣ ਮੁਸਲਮਾਨ ਬੁਧੀਮਾਨ ਵਰਗ ਪੰਜਾਬੀ ਸਾਹਿਤ ਦੀ ਪ੍ਰਗਤੀ ਵਲੋਂ ਬਹੁਤ ਬੇ-ਧਿਆਨਾ ਹੋ ਗਿਆ ਹੈ। ਇਥੋਂ ਤਕ ਕਿ ਜਦੋਂ ਕੋਈ ਫ਼ੀਰੋਜ਼ਦੀਨ ਸ਼ਰਫ ਵਰਗਾ ਮੁਸਲਮਾਨ ਪੰਜਾਬੀ ਕਵਿਤਾ ਲਿਖਦਾ ਹੈ ਤਾਂ ਉਹ ਬਹੁਤ ਕਰਕੇ ਪੰਜਾਬ ਦੀ ਸਿਖ ਜਨਤਾ ਨੂੰ ਸੰਬੋਧਨ ਕਰ ਰਿਹਾ ਹੁੰਦਾ ਹੈ। ਹੋਰ ਮੁਸਲਮਾਨ ਕਵੀ, ਜੋ ਟਾਵੇਂ ਟਾਵੇਂ ਹੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਮਿਲਦੇ ਹਨ, ਇਸਲਾਮੀ ਸਾਂਸਕ੍ਰਿਤਕ ਪਰੰਪਰਾ ਤੋਂ ਬਾਹਰ ਘੱਟ ਹੀ ਜਾਂਦੇ ਹਨ।

ਦੂਜੇ ਪਾਸੇ, ਸਿਖ ਰਾਜ ਤੋਂ ਪਿਛੋਂ ਹਿੰਦੂ ਮਤੀ ਬੁਧੀਮਾਨ ਵਰਗ ਵੀ ਵੀ ਪੰਜਾਬੀ ਤੋਂ ਚੋਖਾ ਉਪਰਾਮ ਹੋ ਗਿਆ ਹੈ। ਜਿਹੜਾ ਕੋਈ ਟਾਵਾਂ ਟਾਵਾਂ ਹਿੰਦੂ ਮਤੀ ਪੰਜਾਬੀ ਕਵਿਤਾ ਲਿਖਦਾ ਹੈ, ਉਸਨੂੰ ਪੜ੍ਹਨ ਵਾਲੇ ਵਧੇਰੇ ਸਿਖ ਹੀ ਹੁੰਦੇ ਹਨ, ਉਸ ਦੀ ਹਿੰਦੂ ਜਨਤਾ ਵਿਚ ਪ੍ਰਤਿਸ਼ਠਾ ਘਟ ਹੁੰਦੀ ਹੈ, ਭਾਵੇਂ ਉਹ ਜਨਤਾ ਪੰਜਾਬ ਦੇ ਸ਼ਹਿਰਾਂ ਵਿਚ ਵਸਦੀ ਹੈ ਤੇ ਭਾਵੇਂ ਪੰਜਾਬ ਦੇ ਪਹਾੜੀ ਪੇਂਡੂ ਇਲਾਕੇ ਵਿਚ। ਹਿੰਦੂ-ਮਤੀ ਬੁਧੀਮਾਨ ਵਰਗ, ਤੇ ਇਸ ਦੇ ਪਿਛੇ ਲਗ ਕੇ ਹਿੰਦੂ ਜਨਤਾ ਦਾ ਚੋਖਾ ਭਾਗ ਉਸ ਪਰੰਪਰਾ ਨੂੰ, ਜੋ ਗੁਰੂ ਨਾਨਕ ਤੋਂ ਚਲਦੀ ਹੈ, ਨਿਤ ਦਿਹਾੜੀ ਤਿਆਗਦਾ ਗਿਆ ਹੈ। ਅਤੇ ਇਸ ਤਿਆਗ ਦਾ ਫਲ-ਰੂਪ ਉਹ ਪੰਜਾਬੀ ਨੂੰ ਵੀ ਆਪਣੀ ਸੰਸਕ੍ਰਿਤੀ ਦੇ ਖੇਤਰ ਵਿਚੋਂ ਕਢਦਾ ਚਲਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇਵਲ ਸਿਖ ਬੁਧੀਮਾਨ ਵਰਗ ਦੀ ਸ਼ਰਧਾ ਪੰਜਾਬੀ ਵਿਚ ਪਰਪੱਕ ਹੈ। ਪਰ ਇਸ ਬੁਧੀਮਾਨ ਵਰਗ ਵਿਚ ਵੀ ਵਧੇਰਾ ਭਾਗ ਅਜੇਹਾ ਰਹਿਆ ਹੈ, ਜੋ ਕੁਝ ਹਿੰਦੂ ਮਤੀ ਬੁਧੀਮਾਨ ਵਰਗ ਨਾਲ ਚਿੜ੍ਹ ਕਰ ਕੇ ਗੁਰੂ ਨਾਨਕ ਦੇ ਸਮੇਂ ਤੋਂ ਪੁਰਾਣੀ ਭਾਰਤੀ ਸੰਸਕ੍ਰਿਤੀ ਤੋਂ ਉਦਾਸ ਹੈ। ਉਸ ਦੇ ਭਾਵਾਂ ਵਿਚ ਪੁਰਾਣੇ ਭਾਰਤੀ ਇਤਿਹਾਸਕ ਅਨੁਭਵ ਵਲ ਸ਼ਰਧਾ ਘਟਦੀ ਗਈ ਹੈ।

ਫਿਰ ਜੇ ਮੁਸਲਮਾਨ ਤੁਰਕ ਵਿਜਈਆਂ ਦੇ ਆਉਣ ਤੋਂ ਪਿਛੋਂ ਦੇ ਇਤਿ-ਹਾਸਕ ਅਨੁਭਵ ਨੂੰ ਲਈਏ, ਤਾਂ ਹਿੰਦੂ-ਸਿਖ ਤੇ ਮੁਸਲਮਾਨ ਵਿਚਕਾਰ ਇਹ ਭਾਵਾਂ ਦਾ ਪਾੜ ਹੋਰ ਵੀ ਵਡੇਰਾ ਹੈ। ਹਿੰਦੂ-ਸਿਖ ਬੁੱਧੀਮਾਨ ਵਰਗ ਆਮ ਕਰਕੇ ਮੁਸਲਮਾਨ, ਤੁਰਕ, ਪਠਾਨ, ਮੁਗਲ, ਬਾਦਸ਼ਾਹਾਂ ਨਵਾਬਾਂ ਨੂੰ ਅਨਭਾਰਤੀ, ਬਦੇਸ਼ੀ ਹਾਕਿਮ ਸਮਝਦਾ ਰਿਹਾ ਹੈ, ਤੇ ਅਕਬਰ ਤੋਂ ਬਿਨਾਂ ਹੋਰ ਕਿਸੇ ਵਲ ਉਸ ਨੂੰ ਸ਼ਰਧਾ ਭਾਵ ਕੋਈ ਨਹੀਂ। ਕਈਆਂ ਵਲ, ਖ਼ਾਸ ਕਰ ਕੇ ਔਰੰਗਜ਼ੇਬ ਤੇ ਉਸ ਦੇ ਪਿਛਲਿਆਂ ਵਲ ਤਾਂ ਉਸਦੇ ਭਾਵ ਅਸ਼ਰਧਾ ਤੇ ਵਿਰੋਧ ਵਾਲੇ ਹਨ। ਇਸ ਦੇ ਉਲ਼ਟ ਮੁਸਲਮਾਨ ਵਰਗ ਦੇ ਭਾਵ ਆਮ ਕਰਕੇ ਇਹਨਾਂ ਮੁਸਲਮਾਨ ਬਾਦਸ਼ਾਹਾਂ ਤੇ ਹਾਕਿਮ ਸ਼ਰੇਣੀ ਵਲ ਸ਼ਰਧਾ ਦੇ ਰਹੇ ਹਨ, ਇਥੋਂ ਤਕ ਬੁਲ੍ਹੇ ਸ਼ਾਹ ਜੇਹੇ ਸੂਫ਼ੀ ਤੇ ਵਾਰਿਸਸ਼ਾਹ ਜੇਹੇ ਆਜ਼ਾਦ ਖਿਆਲ ਵਿਅਕਤੀ ਵੀ ਇਸ ਸ਼ਰਧਾ ਤੋਂ ਖਾਲੀ ਨਹੀਂ।

ਇਸ ਤਰ੍ਹਾਂ ਇਸ ਸਾਰੇ ਇਤਿਹਾਸਕ ਅਨੁਭਵ ਤੇ ਸਾਂਸਕ੍ਰਿਤਕ ਪਰੰਪਰਾ ਵਲ ਪੰਜਾਬੀ ਲੋਕਾਂ ਦੇ ਭਾਵ ਬਹੁਤ ਭਿੰਨ-ਭਿੰਨ ਰਹੇ ਹਨ ਤੇ ਹੁਣ ਵੀ ਹਨ। ਇਸ ਲਈ ਅੱਜ ਕੱਲ੍ਹ ਕਿਸੇ ਪੰਜਾਬੀ ਕਵੀ ਜਾਂ ਸਾਹਿਤਕਾਰ ਲਈ ਸਾਰੀ ਪੰਜਾਬੀ ਜਨਤਾ ਦਾ ਪ੍ਰਤੀਨਿਧ ਹੋਣਾ ਕਰੀਬ ਕਰੀਬ ਅਸੰਭਵ ਹੀ ਹੋ ਗਿਆ ਹੈ।

੧੯੪੭ ਵਿਚ ਅੰਗਰੇਜ਼ੀ ਸਾਮਰਾਜ ਤੋਂ ਛੁਟਕਾਰੇ ਤੋਂ ਉਪਰੰਤ, ਪੰਜਾਬ, ਪੰਜਾਬੀ ਬੋਲੀ, ਤੇ ਪੰਜਾਬੀ ਸਾਹਿਤ ਦੀ ਦਸ਼ਾ ਵਿਚ ਇਕ ਮਹਾਨ ਪਰਿਵਰਤਨ ਹੋਇਆ ਹੈ, ਜੋ ਸਾਰੀਆਂ ਪ੍ਰਤਿਕੂਲ ਘਟਨਾਵਾਂ ਦੇ ਬਾਵਜੂਦ ਆਸ ਭਰਿਆ ਹੈ। ਪੰਜਾਬੀ ਕੌਮ ਦੋ ਭਾਗਾਂ, ਪਾਕਿਸਤਾਨੀ ਤੇ ਭਾਰਤੀ ਵਿਚ ਵੰਡੀ ਗਈ ਹੈ। ਇਹ ਪੰਜਾਬੀ ਸੰਸਕ੍ਰਿਤੀ ਤੇ ਸਾਹਿਤ ਲਈ ਇਕ ਬਹੁਤ ਸੰਸ਼ੇ ਭਰੀ ਘਟਨਾ ਹੈ, ਪਰ ਇਸ ਵੰਡ ਨਾਲ ਪੰਜਾਬੀ ਕੌਮ ਨੂੰ ਆਪਣੀ ਹੋਂਦ ਤੋਂ ਗਾਫ਼ਿਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿਣ ਦਾ ਅਨੁਭਵ ਵੀ ਭਾਵੇਂ ਵਧ ਗਿਆ ਹੈ। ਭਾਰਤੀ ਪੰਜਾਬ ਵਿਚ ਪੰਜਾਬੀ ਬੋਲਣ ਵਾਲੇ ਪੰਜਾਬ, ਵਿਚ, ਬਹੁ-ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਦੀ ਸ਼ਰਧਾ ਪੰਜਾਬੀ ਬੋਲੀ, ਸਾਹਿਤ ਤੇ ਸੰਸਕ੍ਰਿਤੀ ਵਿਚ ਅਤੁਟ ਤੇ ਪਰਪੱਕ ਹੈ। ਪੰਜਾਬੀ-ਬੋਲਦੇ ਭਾਗ ਵਿਚ ਖ਼ਾਸ ਕਰਕੇ ਤੇ ਹਰਿਆਣੇ ਵਿਚ ਕੁਝ ਹੱਦ ਤਕ ਪੰਜਾਬੀ ਨੂੰ ਇਕ ਗੌਰਵ ਭਰੀ ਪਦਵੀ ਪਰਾਪਤ ਹੋ ਰਹੀ ਹੈ, ਭਾਵੇਂ ਲੋਕ ਇਸ ਦੇ ਰਾਹ ਵਿਚ ਰੁਕਾਵਟਾਂ ਪਾਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਪੰਜਾਬੀ ਭਾਗ ਲਈ ਇਕ ਯੂਨੀਵਰਸਿਟੀ ਦੀ ਸਥਾਪਤੀ ਬੜੀ ਨੇੜੇ ਦੀ ਸੰਭਾਵਨਾ ਬਣ ਗਈ ਹੈ, ਅਤੇ ਪੰਜਾਬ ਤੇ ਭਾਰਤ ਦੋਵੇਂ ਸਰਕਾਰਾਂ ਪੰਜਾਬੀ ਬੋਲੀ ਦੀ ਉਨਤੀ ਨੂੰ ਆਪਣਾ ਇਕ ਵਿਸ਼ੇਸ਼ ਕਰਤੱਵ ਮੰਨ ਰਹੀਆਂ ਹਨ। ਭਾਰਤੀ ਵਿਧਾਨ ਵਿਚ ਪੰਜਾਬੀ ਇਕ ਰਾਜ-ਬੋਲੀ ਦੀ ਪਦਵੀ ਪ੍ਰਾਪਤ ਕਰ ਚੁਕੀ ਹੈ। ਪੰਜਾਬ ਦੀ ਹਿੰਦੂ ਜਨਤਾ ਤੇ ਬੁਧੀਮਾਨ ਵਰਗ ਦਾ ਝੁਕਾਉ ਵੀ ਪੰਜਾਬੀ ਵਲ ਕੁਝ ਵਧ ਰਿਹਾ ਹੈ। ਪਰ ਸਭ ਤੋਂ ਵੱਧ ਸਹਾਇਤਾ ਦੇਣ ਵਾਲੀ ਗੱਲ ਪੰਜਾਬੀ ਨੂੰ ਭਾਰਤ ਵਿਚ ਕੌਮੀਅਤਾਂ ਅਥਵਾ ਰਾਜ-ਜਾਤੀਆਂ ਦੇ ਰੂਪ ਦਾ ਸਪਸ਼ਟ ਹੋ ਜਾਣਾ ਹੈ। ਭਾਰਤ ਹੁਣ ਇਕ ਭੂਗੋਲਿਕ ਜਾਂ ਰਾਜਸੀ ਸਾਮਰਾਜ ਨਹੀਂ, ਰਾਜ-ਜਾਤੀਆਂ ਦਾ ਸੰਜੋਗ ਹੈ। ਤੇ ਇਹਨਾਂ ਰਾਜ-ਜਾਤੀਆਂ ਵਿਚ ਜਿਥੇ ਦੱਖਣ ਦੇਸ਼ ਦੀਆਂ ਤਮਿਲ, ਮਲਿਆਲਮ, ਕੰਨੜ ਤੇ ਤੇਲਗੂ; ਪੱਛਮੀ ਭਾਰਤ ਦੀਆਂ ਅਸਾਮੀ, ਬੰਗਾਲੀ ਤੇ ਉੜੀਆ ਰਾਜ-ਜਾਤੀਆਂ ਆਪਣੀਆਂ-ਆਪਣੀਆਂ ਬੋਲੀਆਂ ਦੇ ਸੰਸਕ੍ਰਿਤੀ ਤੇ ਸਾਹਿਤ ਦੇ ਆਧਾਰ ਉਤੇ ਨਿਰੂਪਣ ਹੋ ਕੇ ਸਾਵਧਾਨ ਹਨ, ਉਥੇ ਪੰਜਾਬੀ ਵੀ ਇਕ ਰਾਜ-ਜਾਤੀ ਦੀ ਬੋਲੀ ਦੇ ਰੂਪ ਵਿਚ ਵਿਦਮਾਨ ਹੋ ਚੁਕੀ ਹੈ। ਇਹ ਠੀਕ ਹੈ ਕਿ ਦੇਸ ਵਿਚ ਇਕ ਹਿੰਦੀ ਸਾਮਰਾਜ-ਭਾਵ ਦੀ ਲਹਿਰ ਵੀ ਚਲੀ ਹੋਈ ਹੈ, ਪਰ ਆਸ ਹੈ ਕਿ ਦਸ ਹੋਰ ਰਾਜ-ਜਾਤੀਆਂ ਦੇ ਟਾਕਰੇ ਵਿਚ ਇਹ ਲਹਿਰ ਸਫ਼ਲ ਨਹੀਂ ਹੋ ਸਕੇਗੀ।

ਦੂਜਾ ਸੋਮਾ ਜਿਥੋਂ ਪੰਜਾਬੀ ਨੂੰ ਵਡਮੁਲੀ ਸਹਾਇਤਾ ਮਿਲ ਰਹੀ ਹੈ, ਉਹ ਸੰਸਾਰ ਵਿਚ ਸਮਾਜਵਾਦੀ ਭਾਗ ਦੀ ਵਧ ਰਹੀ ਸ਼ਕਤੀ ਹੈ। ਰਾਜ-ਜਾਤੀਵਾਦ ਸਮਾਜਵਾਦ ਦਾ ਇਕ ਵੱਡਾ ਆਧਾਰ ਹੈ ਤੇ ਰਾਜ-ਜਾਤੀਵਾਦ ਦਾ ਆਧਾਰ ਨਿਰੋਲ ਭਾਸ਼ਾ ਰੂਪੀ ਹੈ। ਇਸ ਤਰ੍ਹਾਂ ਸਮਾਜਵਾਦ ਦੀ ਸ਼ਕਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਜਾਬੀ ਰਾਜ-ਜਾਤੀ ਦੇ ਨਿਰਮਾਣ ਵਿਚ ਸਹਾਇਕ ਹੋ ਰਹੀ ਹੈ ਤੇ ਪੰਜਾਬੀ ਰਾਜ-ਜਾਤੀ ਦਾ ਨਿਰਮਾਣ ਪੰਜਾਬੀ ਬੋਲੀ ਦੀ ਪ੍ਰਗਤੀ ਉਤੇ ਆਧਾਰਿਤ ਹੈ। ਜਿਉਂ ਜਿਉਂ ਭਾਰਤ ਵਿਚ ਸਮ ਜਵਾਦ ਦੀ ਰੂਪ ਰੇਖਾ ਬਣ ਰਹੀ ਹੈ, ਰਾਜ-ਜਾਤੀਆਂ ਤਕੜੀਆਂ ਹੋ ਰਹੀਆਂ ਹਨ ਤੇ ਇਹਨਾਂ ਦਾ ਆਧਾਰ ਰਾਜ-ਬੋਲੀਆਂ ਆਪਣੀ ਜਵਾਨੀ ਵਿਚ ਆ ਰਹੀਆਂ ਹਨ।

ਪ੍ਰਸ਼ਨ ਉਠਦਾ ਹੈ, ਕੀ ਪਾਕਿਸਤਾਨ ਵਿਚ ਵੀ ਇਹ ਪ੍ਰਕਿਰਿਆ ਹੋ ਰਹੀ ਹੈ ? ਕੀ ਉਥੇ ਵੀ ਰਾਜ-ਜਾਤੀਆਂ ਦਾ ਨਿਰਮਾਣ ਹੋ ਰਿਹਾ ਹੈ, ਜਿਸ ਤੋਂ ਉਥੇ ਵੀ ਪੰਜਾਬੀ ਬੋਲੀ ਦਾ ਕੋਈ ਵਿਕਾਸ ਹੋਵੇ ? ਨਿਰਸੰਦੇਹ ਬੰਗਾਲੀ ਰਾਜ ਜਾਤੀ ਪਾਕਿਸਤਾਨ ਵਿਚ ਆਪਣਾ ਰੂਪ ਨਿਖਾਰ ਰਹੀ ਹੈ। ਪੂਰਬੀ ਪਾਕਿਸਤਾਨ ਵਿਚ ਬੰਗਾਲੀ ਰਾਜ-ਜਾਤੀ ਦੀ ਸ਼ਕਤੀ ਦਿਨ-ਦਿਨ ਵਧ ਰਹੀ ਹੈ। ਭਾਵੇਂ ਪੱਛਮੀ ਪਾਕਿਸਤਾਨ ਵਿਚ ਹਾਕਿਮ ਸ਼੍ਰੇਣੀ ਨੇ ਸਾਰੇ ਪੱਛਮੀ ਪਾਕਿਸਤਾਨ ਨੂੰ ਇਕ ਰਾਜਸੀ ਏਕਾਈ ਬਣਾ ਕੇ ਉਥੇ ਇਕ ਭਾਂਤ ਦਾ ਜਾਤੀ-ਸ਼ੰਕਰ ਕਰ ਦਿਤਾ ਹੈ, ਪਰ ਇਹ ਜਾਤੀ-ਸ਼ੰਕਰ ਥੋੜ੍ਹਾ ਚਿਰ ਹੀ ਰਹਿਣ ਵਾਲਾ ਪ੍ਰਤੀਤ ਹੁੰਦਾ ਹੈ। ਪੱਛਮੀ ਪਾਕਿਸਤਾਨ ਵਿਚ ਵੀ ਰਾਜ-ਜਾਤੀਵਾਦ ਦਾ ਸੰਕਲਪ ਸ਼ਕਤੀ ਪਕੜ ਰਿਹਾ ਹੈ। ਪੰਜਾਬੀ ਬੁਧੀਵਾਨ ਵਰਗ ਵਿਚ ਇਕ ਅਜੇਹਾ ਭਾਗ ਵਿਕਾਸ ਪਾ ਰਿਹਾ ਹੈ, ਜੋ ਪੰਜਾਬੀ ਬੋਲੀ ਤੇ ਸਾਹਿਤ ਦੇ ਆਧਾਰ ਉਤੇ ਪੰਜਾਬੀ ਰਾਜ-ਜਾਤੀ ਦਾ ਨਿਰਮਾਣ ਕਰਨਾ ਚਾਹੁੰਦਾ ਹੈ, ਤੇ ਇਸ ਲਈ ਇਸ ਦੇ ਆਧਾਰ ਤੇ ਪੰਜਾਬੀ ਬੋਲੀ ਨੂੰ ਪ੍ਰਗਤ ਕਰਨਾ ਚਾਹੁੰਦਾ ਹੈ। ਭਾਵੇਂ ਉਥੇ ਹਾਲੀ ਬਹੁਤ ਕੁਝ ਨਹੀਂ ਹੋਇਆ, ਪਰ ਮੁੱਢ ਜ਼ਰੂਰ ਇਸ ਕਾਰਜ ਦਾ ਬੱਝ ਰਿਹਾ ਹੈ।

ਪਰ ਅੱਗੋਂ ਇਕ ਹੋਰ ਪ੍ਰਸ਼ਨ ਇਹ ਉਠਦਾ ਹੈ ਕਿ ਜਦ ਪੱਛਮੀ ਪਾਕਿਸ-ਤਾਨ ਵਿਚ ਪੰਜਾਬੀ ਇਕ ਰਾਜ-ਬੋਲੀ ਦੇ ਰੂਪ ਵਿਚ ਵਿਕਾਸ ਪਾਵੇਗੀ ਤਾਂ ਉਹ ਰੂਪ ਕਿਹੋ ਜੇਹਾ ਹੋਵੇਗਾ। ਕੀ ਪੱਛਮੀ ਪੰਜਾਬੀ ਬੋਲੀ ਤੇ ਸਾਹਿਤ ਆਪਣੀ ਪਰੰਪਰਾ ਅਰਬੀ-ਫ਼ਾਰਸੀ ਸਾਹਿਤ ਭੰਡਾਰ ਤੇ ਇਸਲਾਮੀ ਸਾਂਸਕ੍ਰਿਤਕ ਪਰੰਪਰਾ ਤੋਂ ਨਹੀਂ ਲੈਣਗੇ ਤੇ ਕੀ ਉਥੋਂ ਦੀ ਪੰਜਾਬੀ ਭਾਰਤੀ ਪੰਜਾਬੀ ਨਾਲੋਂ ਚੋਖੀ ਵੱਖਰੀ ਨਹੀਂ ਹੋਵੇਗੀ, ਖਾਸ ਕਰਕੇ ਜਦੋਂ ਉਹ ਅਰਬੀ ਅੱਖਰਾਂ ਵਿਚ ਲਿਖੀ ਜਾਵੇਗੀ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਲੋਕਾਂ ਦਾ ਵਿਚਾਰ ਹੈ ਕਿ ਪੱਛਮੀ ਪਾਕਿਸਤਾਨ ਵਿਚ ਪੰਜਾਬੀ ਦਾ ਵਿਕਾਸ ਕੁਝ ਅਜੇਹੀਆਂ ਹੀ ਲੀਹਾਂ ਉਤੇ ਹੋਵੇਗਾ, ਤੇ ਉਹ ਭਾਰਤੀ ਪੰਜਾਬੀ ਦੀ ਅਜੋਕੀ ਸੰਸਕ੍ਰਿਤਕ-ਪੱਖੀ ਚਾਲ ਨੂੰ ਪਸੰਦ ਨਹੀਂ ਕਰਦੇ, ਕਿਉਂਕਿ ਇਸ ਤਰ੍ਹਾਂ, ਉਨ੍ਹਾਂ ਦੇ ਵਿਚਾਰ ਵਿਚ, ਦੋ ਪੰਜਾਬੀਆਂ ਅਰਬੀ-ਪੱਖੀ ਪੰਜਾਬੀ ਤੇ ਸੰਸਕ੍ਰਿਤ-ਪੱਖੀ ਪੰਜਾਬੀ, ਦੇ ਵਿਕਸਤ ਹੋ ਜਾਣ ਦਾ ਡਰ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਉਰਦੂ ਤੇ ਹਿੰਦੀ ਵਿਕਸਤ ਹੋਈਆਂ ਹਨ।

ਦਿਸਦਾ ਇਵੇਂ ਹੀ ਹੈ। ਹਾਲੀ ਚੋਖਾ ਚਿਰ, ਜਿਤਨਾ ਚਿਰ ਪੰਜਾਬੀ ਨੂੰ ਪਾਲਣਾ, ਜੋ ਕੁਝ ਵੀ ਮਿਲਦੀ ਹੈ, ਪਾਕਿਸਤਾਨ ਦੀ ਹੁਣ ਵਾਲੀ ਹਾਕਿਮ ਸ਼ਰੇਣੀ ਤੋਂ ਮਿਲਦੀ ਹੈ, ਪੰਜਾਬੀ ਦੀ ਰੂਪ-ਰੇਖਾ ਉਥੇ ਅਰਬੀ-ਪੱਖੀ ਹੀ ਰਹੇਗੀ। ਪਰ ਜਦੋਂ ਪੰਜਾਬੀ ਰਾਜ-ਜਾਤੀ ਦੀ ਸ਼ਕਤੀ ਤਕੜੀ ਹੋਵੇਗੀ ਤੇ ਪਾਕਿਸਤਾਨ ਦੀ ਰਾਜਾ ਸ਼੍ਰੇਣੀ ਜਾਤੀਵਾਦੀ ਬਣ ਜਾਵੇਗੀ, ਜੋ ਪਾਕਿਸਤਾਨ ਵਿਚ ਅਜੋਕੀ ਵਿਸ਼ਵ-ਚਾਲ ਅਨੁਸਾਰ ਸਮਾਜਵਾਦੀ ਪਰਭਾਵ ਹੇਠ ਹੀ ਹੋ ਸਕੇਗਾ, ਤਾਂ ਉਸ ਦੀ ਬੋਲੀ ਆਪਣੇ ਸੁਭਾਵ ਤੋਂ ਬਾਹਰ ਨਹੀਂ ਕਢੀ ਜਾ ਸਕੇਗੀ। ਹੁਣ ਵੀ ਪਾਕਿਸਤਾਨ ਵਿਚੋਂ ਜਿਹੜੀਆਂ ਕਵਿਤਾ ਦੀਆਂ ਵੰਨਗੀਆਂ ਆ ਰਹੀਆਂ ਹਨ, ਉਹਨਾਂ ਦੀ ਬੋਲੀ ਸੰਸਕ੍ਰਿਤ-ਆਧਾਰ ਵਾਲੀ ਪੰਜਾਬੀ ਹੈ, ਅਰਬੀ ਆਧਾਰ ਵਾਲੀ ਨਹੀਂ। ਸੰਸਾਰ ਦੀ ਚਾਲ ਹੁਣ ਅਜੇਹੀ ਹੈ ਕਿ ਹੁਣ ਕਿਸੇ ਪੰਜਾਬੀ-ਉਰਦੂ ਦਾ ਵਿਕਾਸ ਨਹੀਂ ਹੋ ਸਕਦਾ।

ਜਿਉਂ-ਜਿਉਂ ਸਮਾਜਵਾਦੀ ਪ੍ਰਭਾਵਾਂ ਹੇਠ ਪੰਜਾਬੀ ਲੋਕਾਂ ਦੇ ਮਨ ਵਿਸ਼ਾਲ ਹੁੰਦੇ ਜਾਣਗੇ, ਤਾਂ ਉਹ, ਮੁਸਲਮਾਨ ਇਕ ਪਾਸੇ ਤੇ ਹਿੰਦੂ ਸਿਖ ਦੂਜੇ ਪਾਸੇ, ਦੇਸ ਤੇ ਜਾਤੀ ਦੇ ਇਤਿਹਾਸਕ ਅਨੁਭਵ ਨੂੰ ਧਾਰਮਿਕ ਪੱਖਪਾਤ ਤੇ ਉਲਾਰਾਂ ਨੂੰ ਛੱਡ ਕੇ ਸਾਂਝੇ ਰੂਪ ਵਿਚ ਅਪਨਾਣ ਲਗ ਜਾਣਗੇ, ਤੇ ਇਸ ਤਰ੍ਹਾਂ ਉਹਨਾਂ ਵਿਚ ਸਾਂਸਕ੍ਰਿਤਕ ਸਾਂਝ ਵਧਣ ਨਾਲ, ਉਹ ਇਕ ਸਾਂਝੀ ਪਰੰਪਰਾ ਦਾ ਵਿਕਾਸ ਕਰ ਲੈਣਗੇ, ਜਿਹੜਾ ਪੰਜਾਬੀ ਕਵਿਤਾ ਦਾ ਇਕ ਸਰਬ-ਪਰਵਾਨ ਆਧਾਰ ਬਣ ਜਾਵੇਗਾ।

('ਸਾਹਿਤਿਆਰਥ' ਵਿਚੋਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਈਸ਼ਵਰ ਸਿੰਘ ਚਿੱਤ੍ਰਕਾਰ

ਮੇਰੀ ਦਾੜ੍ਹ ਪੀੜ

ਜਿਹੜਾ ਪੁਰਸ਼ ਕਦੀ ਬੀਮਾਰ ਨਹੀਂ ਹੁੰਦਾ ਮੇਰੀ ਜਾਚੇ ਤਾਂ ਉਸ ਦੀ ਸਿਹਤ ਵਿਚ ਵੀ ਕੁਛ ਨਾ ਕੁਛ ਨੁਕਸ ਜ਼ਰੂਰ ਹੈ। ਜ਼ਿੰਦਗੀ ਦੀ ਸ਼ਾਹ ਰਾਹ ਤੇ ਕਿਸੇ ਲੀਕ ਤੇ ਤੁਰੇ ਜਾਂਦੇ ਗੱਡੇ ਵਾਂਗ, ਸਦਾ ਇਕੋ ਚਾਲੇ ਤੁਰੇ ਜਾਣਾ ਕੋਈ ਬਹਾਦੁਰ ਜਾਂ ਸਿਹਤਵਰ ਹੋਣ ਦੀ ਦਲੀਲ ਨਹੀਂ। ਬੀਮਾਰੀ ਕੇਵਲ ਮੰਜੀ ਨਾਲ ਪੰਜ-ਸੱਤ ਦਿਨ ਬਿਨਾਂ ਕੁਛ ਖਾਣ-ਪੀਣ ਦੇ ਜੁੜੇ ਰਹਿਣ ਦਾ ਨਾਮ ਨਹੀਂ ਹੈ। ਮੈਂ ਰੋਜ਼ ਕਈ ਅਜੇਹੇ ਬੀਮਾਰ ਵੀ ਵੇਖਦਾ ਹਾਂ ਜਿਹੜੇ ਬਿਲਕੁਲ ਹੱਟੇ-ਕੱਟੇ ਤੇ ਤੰਦਰੁਸਤ ਹੁੰਦੇ ਹਨ, ਜਾਂ ਇਉਂ ਕਹਿ ਲਓ ਕਿ ਉਹ ਜੀਊਂਦੇ ਹੀ ਆਪਣੀ ਬਿਮਾਰੀ ਦੇ ਸਿਰ ਤੇ ਹਨ। ਜਿਵੇਂ ਕਿ 'ਦੇਸ਼-ਪਿਆਰ' ਤੇ 'ਮਜ਼ਹਬ' ਆਦਿ ਦੇ ਰੋਗੀ। ਹੋਰਨਾਂ ਨੂੰ ਵੀ ਬਦੋ-ਬਦੀ ਇਸ ਰੋਗ ਵਿਚ ਫਸਾਉਣ ਦੇ ਜਤਨ ਨੂੰ ਉਹ ਆਪਣਾ ਇਲਾਜ ਕਰਨਾ ਸਮਝਦੇ ਹਨ ਅਤੇ ਇਸ ਇਲਾਜ ਦੀ ਭਾਲ ਵਿਚ ਉਹ ਸ਼ਹਿਰ-ਸ਼ਹਿਰ, ਪਿੰਡ-ਪਿੰਡ ਤੇ ਘਰ ਘਰ ਹੋਕਾ ਦੇਂਦੇ ਫਿਰਦੇ ਹਨ। ਇਸ ਤੋਂ ਛੁਟ ਕਈਆਂ ਨੂੰ ਕਵਿਤਾ ਜਾਂ ਕਹਾਣੀ ਲਿਖਣ ਦੀ ਬੀਮਾਰੀ ਵੀ ਹੁੰਦੀ ਹੈ। ਇਸ ਦੇ ਇਲਾਜ ਲਈ ਇਹ ਰੋਗੀ ਇਕ ਦੂਸਰੇ ਦੇ ਵਿਰੁਧ ਕਈ ਛੋਟੀਆਂ-ਛੋਟੀਆਂ ਪਾਰਟੀਆਂ ਬਣਾ ਲੈਂਦੇ ਹਨ ਅਤੇ ਪਰਹੇਜ਼ ਦੇ ਤੌਰ ਤੇ ਹਰ ਨਵੇਂ ਉੱਠ ਰਹੇ ਲਿਖਾਰੀ ਨੂੰ ਕੁਚਲਣ ਦੀਆਂ ਤਰਕੀਬਾਂ ਸੋਚਦੇ ਰਹਿੰਦੇ ਹਨ। ਆਬੋ-ਹਵਾ ਦੀ ਤਬਦੀਲੀ ਲਈ ਇਨ੍ਹਾਂ ਦਾ ਇਕ ਦੋ ਕਿਸੇ ਗ਼ੈਰ ਜ਼ਬਾਨ ਵਿਚ ਛਪੀਆਂ ਹੋਈਆਂ ਕਿਤਾਬਾਂ ਤੇ ਕਾਪੀਆਂ ਕੱਛੇ ਮਾਰ ਕੇ ਗਲੀ-ਗਵਾਂਢ ਜਾਂ ਬਾਗਾਂ ਵਿਚ ਰੰਗ-ਬਰੰਗੀਆਂ ਚੁੰਨੀਆਂ ਤੇ ਸਾੜ੍ਹੀਆਂ ਦੇ ਮਗਰ-ਮਗਰ ਭੌਂ ਲੈਣਾ ਹੀ ਕਾਫ਼ੀ ਹੈ। ਦੂਸਰਿਆਂ ਦੇ ਖ਼ਿਆਲ

CC-0. In Public Domain. Gurukul Kangri Collection, Haridwar

ਚੁਰਾ ਲੈਣਾ ਤਾਂ ਇਨ੍ਹਾਂ ਦੇ 'ਅੱਗੇ-ਵਧੂ' ਹੋਣ ਦੀ ਅਤੇ ਚੰਗੇ ਹਾਜ਼ਮੇ ਦੀ Digitized by Arya Samaj Foundation Chennai and eGangotri ਨਿਸ਼ਾਨੀ ਹੈ। 'ਸ਼ੈਕਸਪੀਅਰ' ਦਾ ਕਥਨ ਹੈ ਕਿ 'ਦੰਦ-ਪੀੜ' ਸਭ ਤੋਂ ਭੈੜਾ ਰੋਗ ਹੈ। ਸੋ ਪਿੱਛੇ ਜਿਹੇ ਪੂਰੇ 22 ਦਿਨਾਂ ਦੇ ਤਜਰਬੇ ਪਿਛੋਂ ਮੈਨੂੰ ਵੀ ਇਸ ਕਥਨ ਦੀ ਪਰੋੜ੍ਹਤਾ ਕਰਨੀ ਹੀ ਪਈ। ਇਕ ਦਿਨ ਸਵੇਰੇ ਜਦ ਮੈਂ ਉਠਿਆ ਤਾਂ ਇਕ ਪਾਸਿਉਂ ਮੈਨੂੰ ਆਪਣਾ ਮੂੰਹ ਕੁਛ ਭਾਰਾ ਭਾਰਾ ਮਲੂਮ ਹੋਇਆ। ਮੈਂ ਕੁਛ ਪਰਵਾਹ ਨਾ ਕੀਤੀ। ਜਦ ਲੌਢਾ ਵੇਲਾ ਹੋਇਆ ਤਾਂ ਲੱਗੀਆਂ ਚੀਸਾਂ ਪੈਣ। ਅਗਲੇ ਦਿਨ ਵੱਡੇ ਹਸਪਤਾਲ ਗਿਆ, ਪਰ ਉਥੇ ਇਕ ਦੋ ਵਾਰ ਜਾਣ ਨਾਲ ਹੀ ਮੈਨੂੰ ਯਕੀਨ ਹੋ ਗਿਆ ਕਿ ਉਥੋਂ ਦੇ ਡਾਕਟਰਾਂ ਦਾ ਵਰਤਾਵਾ ਤੇ ਇਲਾਜ ਦੀਆਂ ਸ਼ਰਤਾਂ ਇਸ ਦਾੜ੍ਹ-ਪੀੜ ਨਾਲੋਂ ਕਿਤੇ ਵੱਧ ਦੁਖਦਾਈ ਹਨ। ਫੇਰ ਮੈਂ ਹੋਰ ਇਕ ਦੋ ਪ੍ਰਾਈਵੇਟ ਡਾਕਟਰਾਂ ਕੋਲ ਗਿਆ, ਪਰ ਉਹਨਾਂ ਵੀ ਆਪ ਇਲਾਜ ਕਰਨ ਦੀ ਥਾਂ ਮੈਨੂੰ ਕੰਪੌਂਡਰਾਂ ਦੇ ਰਹਿਮ ਤੇ ਹੀ ਛੱਡ ਦਿਤਾ। ਮੇਰੇ ਅਸਲੀ ਰੋਗ ਨੂੰ, ਜਿਹੜਾ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਮੁਹੱਬਤ ਦੇ ਰੋਗ ਨਾਲੋਂ ਕਿਸੇ ਸੂਰਤ ਵੀ ਘੱਟ ਨਹੀਂ ਸੀ, ਕਿਸੇ ਨਾ ਪਛਾਣਿਆ। ਹਰ ਕੋਈ ਇਹੋ ਸਲਾਹ ਦੇਵੇ ਕਿ ਇਸ ਦਾੜ੍ਹ ਨੂੰ ਹੀ ਪੁਟਾ ਛੱਡ। ਨਾ ਰਹੇ ਬਾਂਸ ਨਾ ਬਜੇ ਬੰਸਰੀ ! ਚਾਰ ਪੰਜ ਵਰ੍ਹੇ ਪਹਿਲੋਂ ਮੈਨੂੰ 'ਅਕਲ-ਦਾੜ੍ਹਾਂ' ਨੇ ਵੀ ਨਿਕਲਣ ਲੱਗਿਆਂ ਕੁਛ ਦਿਨ ਚੰਗਾ ਪਾਗਲ ਬਣਾਈ ਰਖਿਆ ਸੀ, ਪਰ ਇਸ ਵਾਰ ਅਸਲ ਵਿਚ ਇਹ ਦਾੜ੍ਹ-ਪੀੜ ਨਹੀਂ ਸੀ ਸਗੋਂ ਇਕ ਮਸੂੜਾ ਫੁੱਲ ਗਿਆ ਹੋਇਆ ਸੀ ਤੇ ਡਾਕਟਰਾਂ ਨੂੰ ਵੀ ਤੇ ਮੈਨੂੰ ਵੀ, ਅਖੀਰ ਤਕ ਭੁਲੇਖਾ ਹੀ ਰਿਹਾ।

ਹੁਣ ਮੇਰਾ ਮੂੰਹ ਕਾਫ਼ੀ ਸੁੱਜ ਚੁਕਾ ਸੀ ਤੇ ਕੋਈ ਸਵਾਦੀ ਤੋਂ ਸਵਾਦੀ ਚੀਜ਼ ਖਾਣ ਲਈ ਵੀ ਨਹੀਂ ਸੀ ਖੁੱਲ੍ਹ ਸਕਦਾ। ਮੇਰੀ ਜੀਭ ਇਸ ਵਿਚ ਇਸ ਤਰ੍ਹਾਂ ਕੈਦ ਹੋ ਗਈ ਜਿਵੇਂ ਲਾਹੌਰ ਦੇ ਪੁਰਾਣੇ ਕਿਲ੍ਹੇ ਵਿਚ ਕੋਈ ਕਮਿਊ-ਨਿਸਟ ਨਜ਼ਰਬੰਦ ਕੀਤਾ ਹੁੰਦਾ ਹੈ। ਜਦੋਂ ਕੋਈ ਸੱਜਣ-ਮਿੱਤਰ ਹਾਲ ਪੁੱਛਣ ਆਉਂਦਾ ਸੀ ਤਾਂ ਉਸ ਦੇ ਸਾਹਮਣੇ ਆਪਣਾ ਆਪ ਪਰਗਟ ਕਰਨ ਲਈ ਇਹ (ਜੀਭ) ਇਸ ਤਰ੍ਹਾਂ ਤੜਫਦੀ ਸੀ ਜਿਵੇਂ ਆਂਡੇ ਵਿਚੋਂ ਬਾਹਰ ਨਿਕਲਣ ਲਈ ਅਖੀਰਲੀ ਘੜੀ ਚੂਚਾ ਤੜਫਦਾ ਹੈ।

ਭਾਵੇਂ ਬਲਦੇਵ ਦੇ ਦਿੱਲੀਉਂ ਬਦਲ ਕੇ ਇਥੇ ਆ ਜਾਣ ਨਾਲ ਮੇਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਈ ਛੋਟੀਆਂ ਮੋਟੀਆਂ ਤਕਲੀਫ਼ਾਂ ਦੂਰ ਹੋ ਗਈਆਂ ਸਨ ਤੇ ਰਾਤ ਨੂੰ ਉਸ ਦੀ ਮੰਜ਼ੀ ਕੋਲ ਹੋਣ ਕਰਕੇ ਵੀ ਮੈਨੂੰ ਇਹ ਹੌਸਲਾ ਜ਼ਰੂਰ ਹੋ ਜਾਂਦਾ ਸੀ ਕਿ ਜੇ ਮੈਂ ਪੂਰਾ 'ਗ੍ਰਿਹਸਤੀ' ਨਹੀਂ ਤਾਂ ਅੱਧਾ ਜ਼ਰੂਰ ਹਾਂ, ਫੇਰ ਵੀ ਮੂੜ ਰਾਜ਼ੀ ਹੋਣ ਤਕ ਮੈਂ ਘਰ ਚਲੇ ਜਾਣਾ ਹੀ ਠੀਕ ਸਮਝਿਆ ਸੋ ਮੈਂ ਛੁੱਟੀ ਦੀ ਦਰਖ਼ਾਸਤ ਦਿੱਤੀ ਤੇ ਅੰਮ੍ਰਿਤਸਰ ਦਾ ਟਿਕਟ ਲਿਆ।

ਸਟੇਸ਼ਨ ਤੋਂ ਉਤਰਦਿਆਂ ਹੀ ਮੈਂ ਸ਼ਹਿਰ ਦੇ ਇਕ ਮਸ਼ਹੂਰ ਦੰਦ-ਸਾਜ਼ ਕੋਲ ਗਿਆ। ਉਸ ਦੇ ਚਪੜਾਸੀ ਕੋਲੋਂ ਮੈਂ ਇਸ਼ਾਰੇ ਨਾਲ ਪੁੱਛਿਆ, "ਡਾਕਟਰ ਜ਼ੀ ਕਿਥੇ ਨੇ ?" ਉਸ ਉੱਤਰ ਦਿੱਤਾ ਕਿ ਉਹ ਬੀਮਾਰ ਨੇ। ਮੈਂ ਫੇਰ ਉਸੇ ਤਰ੍ਹਾਂ ਸਮਝਾਇਆ ਕਿ ਮੈਂ ਜ਼ਰੂਰੀ ਮਿਲਣਾ ਹੈ ਸੋ ਉਹ ਆ ਕੇ ਮੈਨੂੰ ਉਨ੍ਹਾਂ ਕੋਲ ਲੈ ਗਿਆ, ਮੈਂ ਵੇਖਿਆ ਕਿ ਉਹ ਵੀ ਉਸ ਬੇੜੀ ਵਿਚ ਸਵਾਰ ਨੇ ਜਿਸ ਵਿਚ ਕਿ ਮੈਂ ਪਹਿਲੋਂ ਹੀ ਸਾਂ। ਅਗੋਂ ਉਨ੍ਹਾਂ ਵੀ ਮੂੰਹ ਸੁਜਾਇਆ ਹੋਇਆ ਸੀ। ਪਹਿਲੀ ਵਾਰ ਮਿਲੇ ਪ੍ਰੇਮੀਆਂ ਵਾਂਗ ਬੋਲਣ ਤੋਂ ਦੋਵੇਂ ਹੀ ਅਸਮਰੱਥ ਸਾਂ। ਸੋ ਅਸਾਂ 'ਰਾਜ਼ੋ ਨਿਆਜ਼' ਇਸ਼ਾਰਿਆਂ ਵਿਚ ਹੀ ਸ਼ੁਰੂ ਕੀਤੇ। ਕਦੀ ਕਦੀ ਕੋਈ ਲਫ਼ਜ਼ ਬੁੱਲ੍ਹਾਂ ਨੂੰ ਥੋੜ੍ਹਾ ਥੋੜ੍ਹਾ ਖੁਲ੍ਹਦਿਆਂ ਵੇਖ ਕੇ, ਦੰਦਾਂ ਦੀ ਝੀਤ ਥਾਣੀਂ, ਮੂੰਹ ਦੀ ਹਨੇਰ-ਕੋਠੜੀ ਵਿਚੋਂ ਨਿਕਲ ਕੇ ਦਮ ਤੋੜਦਾ ਹੋਇਆ ਇਕ ਦੂਜੇ ਦਿਆਂ ਕੰਨਾਂ ਵਿਚ ਜਾ ਪਨਾਹ ਲੈਂਦਾ ਸੀ, ਨਹੀਂ ਤਾਂ ਉਹ ਅੰਦਰੋਂ ਅੰਦਰ ਛਣਕਣੇ ਦਿਆਂ ਰੋੜਾਂ ਵਾਂਗ ਹੀ ਛਣਕ ਕੇ ਰਹਿ ਜਾਂਦੇ ਸਨ। ਅਖ਼ੀਰ ਆਪਣਾ ਪਿੱਛਾ ਛੁਡਾਉਣ ਲਈ ਡਾਕਟਰ ਹੋਰਾਂ ਮੈਨੂੰ ਇਕ ਨੁਸਖ਼ਾ, ਤੇ ਨਾਲੇ ਇਕ ਹੋਰ ਹੋਮੀਉ-ਪੈਥ ਡਾਕਟਰ ਕੋਲ ਜਾਣ ਲਈ ਉਸਦਾ ਪਤਾ ਵੀ ਲਿਖ ਦਿੱਤਾ। ਮੈਂ ਇਥੋਂ ਉਠਿਆ, ਨਾਲ ਦੀ ਦੁਕਾਨ ਤੋਂ ਦਵਾਈਆਂ ਲਈਆਂ ਤੇ ਝੱਟ ਦੂਸਰੇ ਡਾਕਟਰ ਨੂੰ ਜਾ ਦਰਸ਼ਨ ਦਿੱਤੇ। ਮੇਰੀ ਹਾਲਤ ਵੇਖ ਕੇ ਉਨ੍ਹਾਂ ਕੁਛ ਪੁੜੀਆਂ ਦਿੱਤੀਆਂ। ਮੈਂ ਇਸ਼ਾਰੇ ਨਾਲ ਖਾਣ-ਪੀਣ ਲਈ ਪੁੱਛਿਆ ਤਾਂ ਉਨ੍ਹਾਂ ਅੱਗੋਂ ਜ਼ਰਾ ਹੱਸ ਕੇ ਉੱਤਰ ਦਿਤਾ ਕਿ ਸਾਡੇ ਵਲੋਂ ਪੂਰੀ ਖੁਲ੍ਹ ਹੈ ਤੁਸੀਂ ਜੋ ਚਾਹੋ ਖਾ ਪੀ ਸਕਦੇ ਹੋ। ਇਹ ਸੁਣ ਕੇ ਮੈਨੂੰ ਆਪਣੇ ਆਪ ਤੇ ਬੜਾ ਤਰਸ ਆਇਆ ਪਈ ਜਦੋਂ ਕਦੀ ਮੈਂ ਅੱਗੇ ਬੀਮਾਰ ਹੁੰਦਾ ਸਾਂ ਤਾਂ ਆਪਣੀ ਮਨਮਰਜ਼ੀ ਦੀ ਹਰ ਇਕ ਚੀਜ਼ ਖਾ ਸਕਦਾ ਸਾਂ ਪਰ ਇਜਾਜ਼ਤ ਨਹੀਂ ਸੀ ਮਿਲਦੀ। ਐਤਕੀਂ ਇਜ਼ਾਜ਼ਤ ਹਰ ਇਕ ਚੀਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਸੀ ਪਰ ਮੂਹ ਤਕ ਨਹੀਂ ਸਾਂ ਖੋਲ੍ਹ ਸਕਦਾ । ਖ਼ੈਰ ! ਮੈਂ ਆਪਣੀ ਬੇ-ਵਸੀ ਉਤੇ ਅੰਦਰੋ-ਅੰਦਰ ਕਚੀਚੀਆਂ ਵੱਟਦਾ ਹੋਇਆ ਉਥੋਂ ਉਠਿਆ, ਪੈਸੇ ਮੇਜ਼ ਤੇ ਰਖ ਕੇ ਦੂਰੋਂ ਹੀ ਹੱਥ ਜੋੜੇ ਤੇ ਘਰ ਦਾ ਰਾਹ ਫੜਿਆ ।

ਦਾਦੀ ਜੀ ਪੁੱਛਣ ਲੱਗੇ, "ਅਜ ਛੁੱਟੀ ਤਾਂ ਹੈ ਈ ਨਹੀਂ, ਫਿਰ ਤੂੰ ਕਿਸ ਤਰ੍ਹਾਂ ਆ ਗਿਆ ਏਂ ?" ਨਜ਼ਰ ਕੁਮਜ਼ੋਰ ਹੋਣ ਕਰਕੇ ਉਹ ਮੇਰਾ ਹਾਲ ਨਾ ਵੇਖ ਸਕੇ ਤੇ ਮੂੰਹੋਂ ਮੈਂ ਵੀ ਕੁਛ ਨਾ ਉਚਰ ਸਕਿਆ । ਸਿਰ ਤੇ ਹੱਥ ਫੇਰਦਿਆਂ ਫੇਰਦਿਆਂ ਉਨ੍ਹਾਂ ਦਾ ਹੱਥ ਮੇਰੇ ਮੂੰਹ ਤੇ ਬੱਝੀ ਪੱਟੀ ਤੇ ਆਣ ਟਿਕਿਆ । ਮੈਂ ਉਸ ਨੂੰ ਝੱਟ ਉਥੇ ਹੀ ਰੋਕ ਲਿਆ । ਉਹ ਸਮਝ ਗਏ ਕਿ ਮੇਰੇ ਮੂੰਹ ਵਿਚ ਕੋਈ ਤਕਲੀਫ਼ ਹੈ। ਦੋ ਤਿੰਨ ਦਿਨ ਟਕੋਰ ਤੇ ਪਲੱਸਤਰ ਕਰਨ ਨਾਲ ਇੰਨਾ ਹੋ ਗਿਆ ਕਿ ਮੇਰੇ ਦੰਦਾਂ ਨੇ ਜਿਹੜੇ ਕਿ ਜੀਭ ਦੀ ਨਾਕਾ-ਬੰਦੀ ਲਈ ਉਸ ਦੇ ਗਿਰਦੇ 'ਟੈਂਕਾਂ' ਵਾਂਗ ਕਤਾਰਾਂ ਬੰਨ੍ਹੀਂ ਖੜੇ ਸਨ, ਇੰਨਾ ਰਸਤਾ ਦੇ ਦਿੱਤਾ ਕਿ ਮੈਂ ਛੋਲਿਆਂ ਦੀ ਤਰੀ ਪੀ ਸਕਾਂ । ਸਾਰਾ ਦਿਨ ਆਰਾਮ ਕਰਨ ਨਾਲ ਮੈਂ ਥੱਕ ਕੇ ਚੂਰ ਹੋ ਜਾਂਦਾ ਸੀ, ਮੇਰੇ ਪਾਸੇ ਦੁਖਣ ਲੱਗ ਪੈਂਦੇ ਸਨ । ਤੰਗ ਆ ਕੇ ਮੈਂ (ਲੋਕਾਂ ਤੋਂ) ਸੁੱਜਿਆ ਹੋਇਆ ਮੂੰਹ ਲੁਕਾਉਣ ਦਾ ਮਾਰਾ, ਹਨੇਰੇ-ਸਵੇਰੇ ਬਾਹਰ ਵੀ ਨਿਕਲਣ ਲੱਗ ਪਿਆ । ਮੇਰੀ ਜੇਬ ਮੇਰੀ ਡਿਸਪੈਂਸਰੀ (ਦਵਾਈ ਖ਼ਾਨਾ) ਸੀ । ਦਾਰੂ-ਪੀੜ ਦੀ ਹਰ ਇਕ ਦਵਾਈ ਇਸ ਵਿਚ ਹਰ ਵੇਲੇ ਮੌਜੂਦ ਹੁੰਦੀ ਸੀ । ਮੈਂ ਇਹ ਅਜ਼ਮਾ ਕੇ ਵੇਖ ਲਿਆ ਹੈ ਕਿ ਜਿਹੜੀਆਂ ਕਿਤਾਬਾਂ ਮੈਂ ਤੰਦਰੁਸਤੀ ਦੇ ਦਿਨਾਂ ਵਿਚ ਬਿਲਕੁਲ ਨਹੀਂ ਪੜ੍ਹ ਸਕਿਆ, ਬੀਮਾਰੀ ਦੇ ਦਿਨਾਂ ਵਿਚ ਉਹਨਾਂ ਦਾ ਅਖੰਡ-ਪਾਠ ਕਰ ਸਕਿਆ ਹਾਂ । ਇਸੇ ਲਈ ਕਦੀ ਕਦੀ ਬੀਮਾਰ ਪੈ ਜਾਣ ਨੂੰ ਮੈਂ ਸਦਾ ਤੰਦਰੁਸਤ ਰਹਿਣ ਦਾ ਇਕ ਖ਼ਾਸ ਭੇਤ ਸਮਝਦਾ ਹਾਂ, ਕਿਉਂਕਿ ਬੇ-ਜਾਨ ਹੁੰਦੀ ਜਾ ਰਹੀ ਜ਼ਿੰਦਗੀ ਨੂੰ ਇਕ ਨਵਾਂ ਹਲੂਣਾ ਮਿਲਦਾ ਹੈ। ਜੀਉਂਦੇ ਰਹਿਣ ਦਾ ਚਾਉ ਤੇ ਉਮਾਹ ਅੰਦਰ ਹੁਲਾਰੇ ਲੈਣ ਲੱਗ ਪੈਂਦਾ ਹੈ । ਲੰਮੇ ਪਿਆਂ ਪਿਆਂ ਬੀਤ ਚੁਕੀ ਜ਼ਿੰਦਗੀ ਨੂੰ ਇਕ ਵਾਰੀ ਮੁੜ ਕੇ ਜੀ ਲੈਣ ਦਾ ਤੇ ਉਸ ਦੀ ਪੜਚੋਲ ਕਰਨ ਦਾ, ਨਾਲੇ 'ਆਉਣ ਵਾਲੀ' ਦੇ ਮੁਕਾਬਲੇ ਲਈ ਤਿਆਰੀ ਕਰਨ ਦਾ ਅਵਸਰ ਮਿਲ ਜਾਂਦਾ ਹੈ । ਅਰੋਗਤਾ ਦੇ ਦਿਨਾਂ ਵਿਚ ਮੈਨੂੰ ਹਮੇਸ਼ਾਂ ਇਹ ਡਰ ਰਹਿੰਦਾ ਹੈ ਕਿ ਮੈਨੂੰ ਕਿਤੇ ਕੋਈ ਤਕਲੀਫ਼ ਨਾ ਹੋ ਜਾਵੇ, ਪਰ ਜਦੋਂ ਮੈਂ ਬੀਮਾਰ ਹੋਵਾਂ

CC-0. In Public Domain. Gurukul Kangri Collection, Haridwar

ਉਦੋਂ [illegible] ਸਗੋਂ ਮੈਂ ਹੌਲਾ ਹੋ ਜਾਂਦਾ ਹਾਂ।

Digitized by Arya Samaj Foundation Chennai and eGangotri

ਦੁਖ ਦਾਰੂ ਸੁਖ ਰੋਗ ਭਇਆ

ਪਹਿਲੇ ਪੰਜ ਚਾਰ ਦਿਨ ਤਾਂ ਪੀੜ ਇੰਨੇ ਜ਼ੋਰ ਦੀ ਰਹੀ ਕਿ ਉਹ ਬਰਮਾ-ਮੀਟਰ (ਭਖਮੋਚੂ) ਨਾਲ ਨਾਪੀ ਜਾ ਸਕਦੀ ਸੀ। ਕਿਉਂਕਿ ਇਸ ਦੇ ਜ਼ੋਰ ਨਾਲ ਅਕਸਰ ੧੦੪-੫ ਦਰਜੇ ਤੱਕ ਬੁਖ਼ਾਰ ਵੀ ਚੜ੍ਹ ਜਾਂਦਾ ਸੀ। ਕੋਈ ਦਸ ਬਾਰ੍ਹਾਂ ਦਿਨਾਂ ਪਿਛੋਂ ਇੰਨਾ ਆਰਾਮ ਆ ਗਿਆ ਕਿ ਕੇਲਿਆਂ ਦੀਆਂ ਪਤਲੀਆਂ ਪਤਲੀਆਂ ਕਾਤਰਾਂ ਮੈਂ ਬਿਨ ਚਿੱਥਿਆਂ ਹੀ ਅੰਦਰ ਲੰਘਾਉਣ ਲੱਗ ਪਿਆ, ਪਰ ਰੋਟੀ ਅਜੇ ਵੀ ਨਹੀਂ ਸਾਂ ਖਾ ਸਕਦਾ। ਰੋਟੀ ? ਉਫ਼ ! ਰੋਟੀ ਦਾ ਨਾਮ ਲੈਂਦਿਆਂ ਹੀ ਦੁਨੀਆਂ ਦੀ ਸਾਰੀ ਭੁੱਖ-ਨੰਗ ਸਿਮਟ ਕੇ ਮੇਰੀਆ ਅੱਖਾਂ ਸਾਹਮਣੇ ਆ ਜਾਂਦੀ ਹੈ। ਕਣਕ ਦੇ ਹਰ ਦਾਣੇ ਵਿਚੋਂ ਇਕ ਇਕ ਦਿਉ, ਇਕ ਇਕ ਫ਼ੌਜ, ਨਹੀਂ—ਇਕ ਇਕ ਮੁਲਕ ਹਰ ਤਰ੍ਹਾਂ ਦੇ ਜੰਗੀ ਸਾਮਾਨ ਤੇ ਜ਼ਹਿਰੀਲੀਆਂ ਗੈਸਾਂ ਵਿਚ ਲਪੇਟਿਆ ਹੋਇਆ ਪੈਦਾ ਹੋ ਜਾਂਦਾ ਹੈ ਤੇ ਬੜੀ ਤੇਜ਼ੀ ਨਾਲ ਕਟਾ-ਵੱਢ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਦਾਣਿਆਂ ਵਿਚ ਕਿੰਨੇ ਗਜ਼ਬ ਦੀ ਭੜਕ ਹੈ। ਜਿੱਧਰ ਵੇਖੋ ਜਵਾਲਾ-ਮੁਖੀ ਪਹਾੜਾਂ ਵਾਂਗ ਇਹ ਅੰਦਰੇ ਅੰਦਰ ਰਿੱਝਦੇ ਤੇ ਭੁੱਜਦੇ ਨਜ਼ਰ ਆਉਂਦੇ ਹਨ। ਜਿੰਨਾ ਚਿਰ ਇਹ ਸਿੱਟੇ ਸਿੱਟੇ ਵਿਚ ਸਨ, ਇਕ-ਮੁੱਠ ਅਤੇ ਇਕ-ਜਾਨ ਸਨ—ਕਿੰਨੇ ਸੋਹਣੇ ਲਗਦੇ ਸਨ, ਪਰ ਨਿਖੜਦਿਆਂ ਸਾਰ ਹੀ ਇਕ ਦੂਜੇ ਨੂੰ ਚੱਬਣ ਲੱਗ ਪੈਂਦੇ ਹਨ। ਹਾਏ ਇਹ ਦਾਣੇ ! ਹਾਏ ਇਹ ਬੰਦੇ !!

ਇਕ ਦਿਨ ਸ਼ਾਮ ਨੂੰ ਜਦ ਕਿ ਮੈਂ ਆਪਣੀ ਬਰੂਹਾਂ ਵਿੱਚ ਖਲੋਤਾ ਸਾਂ, ਨਾਲ ਦੇ ਘਰੋਂ ਕਿਸੇ ਚੀਜ਼ ਦੇ ਤੜਕਾ ਲੱਗਣ ਦੀ ਆਵਾਜ਼ ਬੜੇ ਸਵਾਦੀ ਤੇ ਜੀਭ ਚੋਂ ਰਾਲਾਂ ਵਗਾ ਦੇਣ ਵਾਲੇ ਮਸਾਲਿਆਂ ਵਿਚ ਗੜੁੰਦ ਮੇਰੇ ਕੰਨੀਂ ਪਈ। ਉਸ ਵੇਲੇ ਮੇਰੀਆ ਆਂਦਰਾਂ ਭੁਖ ਨਾਲ, ਤੰਦੂਰ ਵਾਂਗ ਧੁਖ ਰਹੇ ਢਿੱਡ ਵਿਚ, ਇਕ ਜ਼ਖ਼ਮੀ ਸੱਪ ਵਾਂਗ ਵਲ ਖਾ ਕੇ ਰਹਿ ਗਈਆਂ। ਮੈਨੂੰ ਇਉਂ ਪ੍ਰਤੀਤ ਹੋਇਆ ਕਿ ਮੈਂ ਕਈ ਜੁਗਾਂ ਤੋਂ ਭੁੱਖਾ ਹਾਂ। ਉਸ ਦਿਨ ਮੈਂ ਕੁਝ ਅਨਗਹਿਲੀ ਕੀਤੀ—ਨਾ ਤਾਂ ਪਲੱਸਤਰ ਹੀ ਲਾਇਆ ਤੇ ਨਾ ਪੱਟੀ ਹੀ ਬੰਨ੍ਹੀ। ਹਵਾ ਲੱਗਣ ਨਾਲ ਮੂੰਹ ਫੇਰ ਸੁੱਜ ਗਿਆ। ਪੀੜ ਦੇ ਜ਼ੋਰ ਨਾਲ ਬੁਖਾਰ ਵੀ ਮੁੜ ਕੇ ਗੁਜ਼ਾਰੇ ਮਾਫ਼ਕ ਕਾਫ਼ੀ ਚੜ੍ਹ ਗਿਆ। ਰਾਤ ਨੂੰ ਮੈਂ ਬਹੁਤ ਔਖਾ ਰਿਹਾ। ਮੇਰੇ

CC-0. In Public Domain. Gurukul Kangri Collection, Haridwar

ਸਿਰ ਦੀਆਂ ਨਾੜਾਂ ਕਿਸੇ ਮੂੰਹ-ਜ਼ੋਰ ਘੋੜੇ ਦੀਆਂ ਵਾਗਾਂ ਵਾਂਗ ਖਿੱਚੀਆਂ ਜਾ ਰਹੀਆਂ ਸਨ। ਅਖੀਰ ਤੜਫਦਾ ਤੜਫਦਾ ਕੁਝ ਪੁਰਾਣੀਆਂ ਯਾਦਾਂ ਵਿਚ ਰੁੜ੍ਹਦਾ ਹੋਇਆ ਮੈਂ ਬੇਹੋਸ਼ੀ ਦੀ ਦੁਨੀਆਂ ਵਿਚ ਚਲਾ ਗਿਆ। ਇੰਨੇ ਨੂੰ ਸਾਡੇ ਬੂਹੇ ਦੇ ਖੜਕਣ ਦੇ ਨਾਲ ਹੀ "ਜਾਗਦੇ ਰਹਿਣਾ ਬਈ ਓ .." ਦੀ ਆਵਾਜ਼ ਆਈ। ਮੈਂ ਘਬਰਾ ਕੇ ਉਠ ਬੈਠਾ ਤੇ ਦਿਲ ਵਿਚ ਕਹਿਣ ਲੱਗਾ ਕਿ ਵੇਖੋ ਅਸੀਂ ਇਨ੍ਹਾਂ ਚੌਕੀਦਾਰਾਂ ਨੂੰ ਪੈਸੇ ਇਸ ਲਈ ਦੇਂਦੇ ਹਾਂ ਕਿ ਅਸੀਂ ਰਾਤ ਨੂੰ ਘੜੀ ਚੈਨ ਨਾਲ ਸੌਂ ਲਈਏ ਤੇ ਇਹ ਘਰਾਂ ਦੀ ਰਾਖੀ ਕਰਨ। ਪਰ ਇਹ ਪੈਸੇ ਵੀ ਖਰੇ ਕਰ ਲੈਂਦੇ ਨੇ ਤੇ (ਪਹਿਰਾ ਦੇਣ ਲਈ) ਜਾਗਦੇ ਰਹਿਣ ਦੀ ਤਾੜਨਾ ਵੀ ਸਾਨੂੰ ਹੀ ਕਰਦੇ ਨੇ। ਇਹਨਾਂ ਨਾਲੋਂ ਤਾਂ ਚੋਰ ਹੀ ਚੰਗੇ ਨੇ ਜਿਹੜੇ ਰੌਲੀ ਨਹੀਂ ਪਾਉਂਦੇ ਸਗੋਂ ਸਾਡੇ ਲਈ ਨਿਰਵਿਘਣ ਨੀਂਦ ਦੀ ਖ਼ੈਰ ਮੰਗਦੇ ਨੇ...। ਕੋਲੋਂ ਦਾਦੀ ਜੀ ਉਠ ਬੈਠੇ ਤੇ ਕਹਿਣ ਲਗੇ, "ਕਾਕਾ ਦਵਾਈ ਦਿਆਂ ? ਦਰਦ ਦਾ ਹੁਣ ਕੀ ਹਾਲ ਏ ?'

('ਕਲਮ ਦੀ ਆਵਾਜ਼' ਵਿਚੋਂ)

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿੰਦਰ ਸਿੰਘ ਰੰਧਾਵਾ

ਆਜੜੀ

ਗੱਦੀ ਲੋਕ ਧੌਲੀਧਾਰ ਦੀਆਂ ਪਹਾੜੀਆਂ ਦੇ ਵਸਨੀਕ ਹਨ। ਇਹ ਲੋਕ ਅਕਸਰ ਆਜੜੀ ਹੁੰਦੇ ਹਨ, ਕਿਤੇ-ਕਿਤੇ ਉਹ ਕਿਰਸਾਨੀ ਵੀ ਕਰਦੇ ਹਨ। ਇਨ੍ਹਾਂ ਲੋਕਾਂ ਦੇ ਪਿੰਡ, ਧੌਲੀਧਾਰ ਦੇ ਦੋਹੀਂ ਪਾਸੀਂ ਕਾਂਗੜੇ ਤੇ ਚੰਬਾ ਵਿਚ ਵੱਸੇ ਹੋਏ ਹਨ। ਇਨ੍ਹਾਂ ਦੀ ਇਸ ਨਿਵਾਸ ਭੂਮੀ ਨੂੰ ਗਧੇਰਨ ਕਿਹਾ ਜਾਂਦਾ ਹੈ। ਇਨ੍ਹਾਂ ਦੇ ਘਰ ਸਾਫ਼ ਸੁਥਰੇ, ਅਤੇ ਦੂਰੋਂ ਵੇਖਣ ਨੂੰ ਬੜੇ ਸੁਹਣੇ ਲਗਦੇ ਹਨ। ਕੰਧਾਂ ਉਤੇ ਗਾਚਨੀ ਦਾ ਲੇਪ ਇਨ੍ਹਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਇਹ ਲੋਕ ਅਕਸਰ ੪੦੦੦ ਤੋਂ ਲੈ ਕੇ ੯੦੦੦ ਫ਼ੁਟ ਦੀ ਉਚਾਈ ਤਕ ਰਹਿੰਦੇ ਹਨ। ਇਨ੍ਹਾ ਦੇ ਇੱਜੜ ਪਹਾੜਾਂ ਦੀਆਂ ਉਚਾਨਾਂ ਵਿਚ ਵੀ ਚਰਦੇ ਹਨ ਅਤੇ ਲੋੜ ਪੈਣ 'ਤੇ ਪਹਾੜਾਂ ਦੀਆਂ ਨਿਵਾਣਾਂ ਵਿਚ ਵੀ ਚਲੇ ਆਉਂਦੇ ਹਨ।

ਧੌਲੀਦਾਰ ਦੀ ਦੱਖਣੀ ਬਾਹੀ, ਜਿਹੜੀ ਕਾਂਗੜੇ ਦੀ ਵਾਦੀ ਵਲ ਖੁਲ੍ਹਦੀ ਹੈ, ਇਕ ਦਮ ਸਿੱਧੀ ਖੜੋਤੀ ਹੋਈ ਹੈ। ਇਥੇ ਇਸ ਪਹਾੜ ਦੇ ਕਦਮਾਂ ਵਿਚ ਚੀੜ੍ਹ ਤੇ ਬਾਂਸ ਦੇ ਜੰਗਲ ਹਨ। ਉਚੀਆਂ ਚੋਟੀਆਂ ਅਕਸਰ ਸੱਖਣੀਆਂ ਤੇ ਬਰਫ਼ ਨਾਲ ਢੱਕੀਆਂ ਰਹਿੰਦੀਆਂ ਹਨ। ਜਿਹੜੀਆਂ ਉੱਚੀਆਂ ਚੋਟੀਆਂ ਅਸਲੋਂ ਇੰਨੀਆਂ ਤਿੱਖੀਆਂ ਹੁੰਦੀਆਂ ਹਨ, ਉਨ੍ਹਾਂ ਉਤੇ ਬਰਫ਼ ਠਹਿਰ ਹੀ ਨਹੀਂ ਸਕਦੀ। ਧੌਲੀਧਾਰ ਦੀ ਉੱਤਰੀ ਬਾਹੀ—ਜਿਹੜੀ ਚੰਬੇ ਦੀ ਵਾਦੀ ਵਲ ਖੁਲ੍ਹਦੀ ਹੈ—ਫੁੱਲਾਂ ਤੇ ਘਾਹ ਦੇ ਮੈਦਾਨਾਂ ਨਾਲ ਭਰਪੂਰ ਹੈ। ਇਸ ਪਾਸੇ ਪਹਾੜ ਸਹਿਜੇ ਸਹਿਜੇ ਢਲਦਾ ਹੋਇਆ ਰਾਵੀ ਦਰਿਆ ਦੇ ਕੰਢੇ ਤਕ ਪੁਜ ਜਾਂਦਾ ਹੈ। ਇਥੇ ਚੰਬੇ ਦੇ ਗੱਦੀ ਵਸਦੇ ਹਨ। ਇਨ੍ਹਾਂ ਢਲਵਾਨਾਂ ਉਤੇ ਬੁਰਾਸ ਦੇ ਲਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫੁੱਲਾਂ ਦੀਆਂ ਝਾੜੀਆਂ ਵਿਚ ਸੁੰਦਰ ਗੱਦਣਾਂ ਚਾਂਦੀ ਦੇ ਗਹਿਣਿਆਂ ਨਾਲ ਲੱਦੀਆਂ ਇੱਜੜ ਚਾਰਦੀਆਂ ਨਜ਼ਰ ਆਉਂਦੀਆਂ ਹਨ। ਇਥੇ ਸਾਵਣ ਭਾਦੋਂ ਦੇ ਮਹੀਨੇ ਵਿਚ ਵਰਖਾ ਦੀ ਫ਼ੁਹਾਰ ਲੱਗੀ ਰਹਿੰਦੀ ਹੈ ਤੇ ਸਤਰੰਗੀ ਪੀਂਘ ਅਕਾਸ਼ ਤੇ ਪਹਾੜ ਦਾ ਮੇਲ ਕਰਾਉਂਦੀ ਜਾਪਦੀ ਹੈ। ਇਹੋ ਜਿਹੀ ਸੁੰਦਰ ਧਰਤੀ 'ਤੇ ਇਹੋ ਜਿਹੇ ਸੁੰਦਰ ਲੋਕ ਕਿਸ ਦਾ ਮਨ ਨਹੀਂ ਮੋਹ ਲੈਣਗੇ।

ਗੱਦੀ ਕਿਰਸਾਨ ਤੇ ਆਜੜੀ ਭਾਵੇਂ ਚੰਬੇ ਵਨੀਂ ਹੋਣ ਭਾਵੇਂ ਕਾਂਗੜੇ ਵਨੀਂ, ਦੋਹੀਂ ਪਾਸੀਂ ਖ਼ੁਸ਼ ਰਹਿੰਦੇ ਹਨ। ਇਨ੍ਹਾਂ ਵਿਚ ਅਕਸਰ ਲੋਕਾਂ ਦੇ ਦੋ ਘਰ ਹੁੰਦੇ ਹਨ, ਇਕ ਪਹਾੜ ਦੀ ਉੱਤਰੀ ਢਲਾਣ 'ਤੇ ਅਤੇ ਇਕ ਪਹਾੜ ਦੀ ਦੱਖਣੀ ਢਲਾਣ 'ਤੇ। ਇਕ ਘਰ ਤੋਂ ਦੂਜੇ ਘਰ ਵਲ ਉਹ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ। ਇਹ ਆਵਾਜਾਈ ਕੇਵਲ ਉਨ੍ਹਾਂ ਦਿਨਾਂ ਵਿਚ ਬੰਦ ਹੁੰਦੀ ਹੈ ਜਦੋਂ ਧੌਲੀਧਾਰ ਦੇ ਉੱਚੇ ਦੱਰੇ ਬਰਫ਼ ਨਾਲ ਢੱਕੇ ਜਾਂਦੇ ਹਨ। ਇਕ ਪਾਸੇ ਦੇ ਗੱਦੀਆਂ ਦੇ ਵਿਆਹ ਅਕਸਰ ਦੂਜੇ ਪਾਸੇ ਦੇ ਗੱਦੀਆਂ ਨਾਲ ਹੁੰਦੇ ਰਹਿੰਦੇ ਹਨ। ਇਕ ਗੀਤ ਵਿਚ ਇਕ ਗੱਦਣ ਚੰਬੇ ਵਲ ਆਪਣੇ ਸਹੁਰੇ ਘਰ ਰਹਿੰਦੀ ਆਪਣੇ ਬਾਬਲ ਨੂੰ ਯਾਦ ਕਰਦੀ ਹੈ ਜਿਹੜਾ ਕਾਂਗੜੇ ਵਾਲੇ ਪਾਸੇ ਰਹਿੰਦਾ ਹੈ। ਇਸ ਗੀਤ ਵਿਚ ਮਾਪਿਆਂ ਤੋਂ ਵਿਛੜੀ ਇਹ ਕੁੜੀ ਪਹਾੜ ਦੀ ਧਾਰ ਦੇ ਤਰਲੇ ਲੈਂਦੀ ਹੈ ਕਿ ਉਹ ਜ਼ਰਾ ਨਿਉਂ ਜਾਏ, ਤਾਂ ਜੋ ਇਹ ਆਪਣੇ ਬਾਬਲ ਦੇ ਘਰ ਨੂੰ ਇਕ ਨਜ਼ਰ ਵੇਖ ਸਕੇ।

ਇਹ ਅਜੀਬ ਕਿਸਮ ਦੇ ਲੋਕ ਜਿਹੜੇ ਬਾਕੀ ਪਹਾੜੀਆਂ ਤੋਂ ਵਖਰੇ ਜਾਪਦੇ ਹਨ, ਪੰਜਾਬੀਆਂ ਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਇਹ ਅਸਲੋਂ ਪੰਜਾਬੀ ਹਨ, ਜਿਹੜੇ ਕੁਝ ਸਦੀਆਂ ਹੋਈਆਂ ਇਥੋਂ ਉਜੜ ਕੇ ਪਹਾੜਾਂ ਵਲ ਚਲੇ ਗਏ ਸਨ। ਗੱਦੀ ਦੇ ਅਰਥ ਹਨ ਜਿਹੜੇ ਸਭ ਜ਼ਾਤਾਂ ਵਿਚੋਂ ਨਿਕਲੇ ਹੋਏ ਹੋਣ। ਇਹ ਲੋਕ ਅਸਲੋਂ ਬ੍ਰਾਹਮਣ, ਖੱਤਰੀ, ਰਾਜਪੂਤ ਤੇ ਹਰੀਜਨ ਹਨ। ਪਰ ਜ਼ਿਆਦਾਤਰ ਇਨ੍ਹਾਂ ਵਿਚ ਖੱਤਰੀ ਹੀ ਹਨ। ਇਨ੍ਹਾਂ ਵਿਚ ਪੰਜਾਬ ਦੇ ਖੱਤਰੀਆਂ ਦੀਆਂ ਜ਼ਾਤਾਂ ਵੀ ਆਮ ਹੁੰਦੀਆਂ ਹਨ। ਧੌਲੀਧਾਰ ਨੇ ਉਨ੍ਹਾਂ ਕੁੱਲ ਲੋਕਾਂ ਨੂੰ ਪਨਾਹ ਦਿਤੀ ਜਿਹੜੇ ਆਪਣੇ ਵਕਤ ਦੇ ਹਾਕਮਾਂ ਦੇ ਜ਼ਬਰ ਤੋਂ ਡਰ ਕੇ ਉਸ ਵਲ ਨਸ ਗਏ। ਅਕਸਰ ਮੰਨਿਆ ਜਾਂਦਾ ਹੈ ਕਿ ਗੱਦੀ ਲੋਕ ਔਰੰਗਜ਼ੇਬ ਦੇ ਜ਼ਮਾਨੇ ਵਿਚ ਲਾਹੌਰ ਤੋਂ ਉਨ੍ਹਾਂ ਦਿਨਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਜੜ ਕੇ ਆਏ ਸਨ ਜਦੋਂ ਔਰੰਗਜ਼ੇਬ ਜ਼ਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਸੀ। ਇਨ੍ਹਾਂ ਲੋਕਾਂ ਨੇ ਸੋਚਿਆ ਕਿ ਇਸਲਾਮ ਕਬੂਲ ਕਰਨ ਤੋਂ ਇਹ ਚੰਗਾ ਹੈ ਕਿ ਆਪਣੇ ਘਰ ਘਾਟ ਛੱਡ ਕੇ ਧੌਲੀਧਾਰ ਦੀਆਂ ਉਚੀਆਂ ਪਹਾੜੀਆਂ ਵਿਚ ਜਾ ਲੁਕੀਏ। ਗੱਦੀ ਲੋਕਾਂ ਨੇ ਆਪਣੀ ਸੱਭਿਅਤਾ ਨੂੰ ਸਾਂਭ ਸਾਂਭ ਰਖਿਆ ਹੈ ਤੇ ਨਵੀਂ ਰੋਸ਼ਨੀ ਦਾ ਉਨ੍ਹਾਂ ਉਤੇ ਅਜੇ ਅਸਰ ਨਹੀਂ ਹੋਇਆ। ਆਮ ਜ਼ਿੰਦਗੀ ਦੀਆਂ ਆਪਣੀਆਂ ਲੋੜਾਂ ਉਹ ਆਪ ਹੀ ਪੂਰੀਆਂ ਕਰ ਲੈਂਦੇ ਹਨ। ਉਨ੍ਹਾਂ ਦਾ ਪਹਿਰਾਵਾ ਉਨ੍ਹਾਂ ਦਾ ਆਪਣਾ ਹੈ। ਉਨ੍ਹਾਂ ਨੇ ਪੁਰਾਣੇ ਰਿਵਾਜਾਂ ਨੂੰ, ਜਿਹੜੇ ਪੰਜਾਬ ਵਿਚ ਅੱਜ ਕਲ੍ਹ ਖ਼ਤਮ ਹੋ ਗਏ ਹਨ, ਹਾਲੀਂ ਤੱਕ ਸੰਭਾਲ ਕੇ ਰਖਿਆ ਹੋਇਆ ਹੈ।

ਇਹ ਲੋਕ ਅਕਸਰ ਸਿੱਧੇ ਸਾਦੇ ਤੇ ਸ਼ਰੀਫ ਹੁੰਦੇ ਹਨ। ਇਨ੍ਹਾਂ ਦੀ ਸਚਾਈ 'ਤੇ ਕਦੇ ਵੀ ਸੰਦੇਹ ਨਹੀਂ ਕੀਤਾ ਜਾ ਸਕਦਾ। ਸਿੱਧੇ ਇਤਨੇ ਹਨ ਕਿ ਅੰਗਰੇਜ਼ੀ ਰਾਜ ਦੇ ਸ਼ੁਰੂ ਵਿਚ ਜੇ ਕਿਸੇ ਨੂੰ ਕਾਂਗੜੇ ਦੇ ਰਾਜ ਅਧਿਕਾਰੀਆਂ ਵਲੋਂ ਜੁਰਮਾਨਾ ਹੁੰਦਾ ਤਾਂ ਉਹ ਚੰਬੇ ਦੇ ਖ਼ਜ਼ਾਨੇ ਵਿਚ ਵੀ ਉਤਨਾ ਹੀ ਜੁਰਮਾਨਾ ਜਾ ਕੇ ਭਰ ਦਿੰਦਾ ਕਿਉਂਕਿ ਇਹ ਲੋਕ ਦੋਹਾਂ ਵਾਦੀਆਂ ਦੇ ਵਸਨੀਕ ਗਿਣੇ ਜਾਂਦੇ ਸਨ।

ਜੰਗਲ ਦੇ ਮਹਿਕਮੇ ਦੇ ਹੁਕਮਾਂ ਵਲ ਅਣਗਹਿਲੀ ਪਹਾੜੀ ਲੋਕਾਂ ਤੋਂ ਅਕਸਰ ਹੋ ਜਾਂਦੀ ਹੈ, ਪਰ ਇਸ ਤੋਂ ਛੁਟ ਇਹ ਲੋਕ ਕਦੀ ਕਿਸੇ ਜੁਰਮ ਦੇ ਦੋਸ਼ੀ ਨਹੀਂ ਸੁਣੇ ਗਏ। ਅਕਸਰ ਗੱਦੀ ਹੱਸ-ਮੁਖ ਤੇ ਖ਼ੁਸ਼-ਤਹਿਣੇ ਹੁੰਦੇ ਹਨ ਤੇ ਮੇਲਿਆਂ ਤਿਉਹਾਰਾਂ ਉਤੇ ਇਕੱਠੇ ਹੋ ਕੇ ਲੁਗੜੀ ਪੀ ਕੇ ਖ਼ੂਬ ਨੱਚਦੇ ਗਾਂਦੇ ਹਨ।

ਗੱਦੀਆਂ ਦਾ ਪਹਿਰਾਵਾ ਬਾਕੀ ਪਹਾੜੀ ਲੋਕਾਂ ਤੋਂ ਬਿਲਕੁਲ ਨਿਰਾਲਾ ਹੈ। ਇਹ ਲੋਕ ਇਕ ਢਿੱਲਾ ਜਿਹਾ ਊਨੀ ਚੋਲਾ ਪਾਉਂਦੇ ਹਨ, ਜਿਸ ਨੂੰ ਉਹ ਲੱਕ 'ਤੇ ਕਾਲੀ ਉੱਨ ਦੀਆਂ ਰੱਸੀਆਂ ਨਾਲ ਬੰਨ੍ਹਦੇ ਹਨ। ਇਨ੍ਹਾਂ ਦੇ ਸਿਰ 'ਤੇ ਇਕ ਉੱਚੀ ਟੋਪੀ ਹੁੰਦੀ ਹੈ ਜਿਸ ਨੂੰ ਇਹ ਸਰਦੀ ਦੇ ਦਿਨਾਂ ਵਿਚ ਕੰਨਾਂ ਤੀਕ ਖਿੱਚ ਲੈਂਦੇ ਹਨ। ਲੱਤਾਂ ਇਹ ਅਕਸਰ ਨੰਗੀਆਂ ਹੀ ਰਖਦੇ ਹਨ। ਆਪਣੇ ਚੋਲਿਆਂ ਵਿਚ ਇਹ ਲੋਕ ਹਰ ਤਰ੍ਹਾਂ ਦੀਆਂ ਚੀਜ਼ਾਂ ਸੰਭਾਲ ਲੈਂਦੇ ਹਨ, ਕਈ ਵਾਰ ਨਵੇਂ ਜੰਮੇ ਭੇਡਾਂ ਦੇ ਮੇਮਣੇ ਇਨ੍ਹਾਂ ਦੇ ਚੋਲਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਚੋਂ ਸਿਰ ਕਢੀ ਮਾਸੂਮ ਨਜ਼ਰਾਂ ਨਾਲ ਬਾਹਰ ਝਾਕ ਰਹੇ ਹੁੰਦੇ ਹਨ। ਚੋਲਿਆਂ ਵਿਚ ਇਹ ਲੋਕ ਚਮੜੇ ਦੇ ਥੈਲਿਆਂ ਵਿਚ ਆਪਣੀ ਰੋਟੀ ਤੇ ਆਲੂ ਆਦਿ ਲਪੇਟ ਕੇ ਰਖਦੇ ਹਨ। ਗੱਦਣਾਂ ਦਾ ਚੋਲਾ ਮਰਦਾਂ ਨਾਲੋਂ ਵੱਖਰਾ ਹੁੰਦਾ ਹੈ, ਜਿਸ ਨੂੰ ਉਹ ਮਰਦਾਂ ਤੋਂ ਕੁਝ ਅਡਰੇ ਤਰੀਕੇ ਨਾਲ ਪਾਂਦੀਆਂ ਹਨ। ਇਹਨਾਂ ਦੇ ਚੋਲਿਆਂ ਉਪਰ ਅਕਸਰ ਲਾਲ ਫੁੱਲ ਕਢੇ ਹੁੰਦੇ ਹਨ।

ਗੱਦੀ ਲੋਕ ਆਪਣੇ ਪੁਰਾਣੇ ਪਹਿਰਾਵੇ ਨੂੰ ਬਹੁਤ ਪਸੰਦ ਕਰਦੇ ਹਨ, ਇਸੇ ਲਈ ਉਹਨਾਂ ਨੇ ਅਜੇ ਤੀਕ ਆਪਣਾ ਪਹਿਰਾਵਾ ਨਹੀਂ ਬਦਲਿਆ। ਇਕ ਗੱਦਣ ਕੁੜੀ ਆਪਣੇ ਗੀਤ ਵਿਚ ਕਹਿੰਦੀ ਹੈ—"ਸਲਵਾਰ ਰਾਣੀਆਂ ਨੂੰ ਭਾਵੇਂ ਚੰਗੀ ਲਗੇ, ਪਰ ਅਸਾਂ ਪਹਾੜੀਆਂ ਨੂੰ ਆਪਣੇ ਹੀ ਕਪੜੇ ਸੋਭਦੇ ਹਨ।" ਗੱਦਣਾਂ ਰੰਗ-ਬਰੰਗੇ ਰੁਮਾਲਾਂ ਦੀਆਂ ਬਹੁਤ ਸ਼ੁਕੀਨ ਹੁੰਦੀਆਂ ਹਨ, ਜਿਨ੍ਹਾਂ ਨੂੰ ਉਹ ਬੜੇ ਚਾਅ ਨਾਲ ਵਿਖਾਂਦੀਆਂ ਫਿਰਦੀਆਂ ਹਨ। ਗੱਦਣਾਂ ਆਪਣੇ ਮਰਦਾਂ ਨੂੰ ਵੀ ਉਹਨਾਂ ਦੇ ਚੋਲਿਆਂ ਤੇ ਟੋਪੀਆਂ ਵਿਚ ਹੀ ਵੇਖ ਕੇ ਖ਼ੁਸ਼ ਹੁੰਦੀਆਂ ਹਨ।

ਗੱਦੀਆਂ ਦੇ ਗੀਤ ਜਜ਼ਬੇ ਦੇ ਲਿਹਾਜ਼ ਨਾਲ ਪੰਜਾਬ ਦੇ ਪਹਾੜੀ ਗੀਤਾਂ ਵਿਚ ਸਭ ਤੋਂ ਸੁੰਦਰ ਹਨ। ਇਥੋਂ ਦੇ ਨਰੋਏ ਪੌਣ ਪਾਣੀ ਨੇ, ਇਥੋਂ ਦੇ ਦੁੱਧ ਦਹੀਂ ਨੇ ਤੇ ਇਥੋਂ ਦੇ ਲੋਕਾਂ ਦੇ ਮੁਸ਼ੱਕਤ ਦੇ ਜੀਵਨ ਨੇ ਇਨ੍ਹਾਂ ਦੀਆਂ ਜੀਵਨ ਕੀਮਤਾਂ ਨੂੰ ਬਹੁਤ ਸੰਵਾਰ ਦਿਤਾ ਹੈ। ਇਨ੍ਹਾਂ ਦਾ ਖੁਲ੍ਹਾ ਡੁਲ੍ਹਾ ਜੀਵਨ ਇਨ੍ਹਾਂ ਦੇ ਲੋਕ-ਗੀਤਾਂ ਵਿਚੋਂ ਡਲਕਦਾ ਹੈ। ਬਾਹਰ ਚਰਾਗਾਹਾਂ ਵਿਚ ਨੌਜਵਾਨ ਮੁੰਡੇ-ਕੁੜੀਆਂ ਅਕਸਰ ਮਿਲਦੇ ਹਨ ਤੇ ਉਨ੍ਹਾਂ ਵਿਚ ਪਿਆਰ ਪੈ ਜਾਣਾ ਕੋਈ ਅਨਹੋਣੀ ਗੱਲ ਨਹੀਂ।

ਗੱਦੀ ਲੋਕਾਂ ਦੇ ਵਿਆਹਾਂ ਵਿਚ ਮੁੰਡੇ-ਕੁੜੀ ਦੀ ਰਜ਼ਾਮੰਦੀ ਲਈ ਜਾਂਦੀ ਹੈ। ਜੇ ਕੁੜੀ ਦੀ ਮਰਜ਼ੀ ਤੋਂ ਉਲਟ ਕਿਸੇ ਹੋਰ ਨਾਲ ਮੰਗਣੀ ਹੋ ਜਾਵੇ ਤਾਂ ਕਈ ਵਾਰੀ ਉਹ ਆਪਣੇ ਪ੍ਰੇਮੀ ਨਾਲ ਨਿਕਲ ਜਾਂਦੀ ਹੈ। ਇਹੋ ਜਿਹੇ ਵਿਆਹ ਝੰਡ ਫੂਕ ਅਖਵਾਂਦੇ ਹਨ। ਇਸ ਵਿਆਹ ਵੇਲੇ ਨਾ ਕਿਸੇ ਪੰਡਤ ਦੀ ਲੋੜ ਪੈਂਦੀ ਹੈ, ਨਾ ਕਿਸੇ ਸਾਕ ਸਬੰਧੀ ਦੀ। ਝਾੜੀਆਂ ਨੂੰ ਅੱਗ ਲਾ ਕੇ ਮੁੰਡਾ-ਕੁੜੀ ਅੱਗ ਦੁਆਲੇ ਅੱਠ ਵਾਰੀ ਘੁੰਮਦੇ ਹਨ, ਜਿਸ ਤੋਂ ਬਾਅਦ ਉਹ ਪਤੀ ਪਤਨੀ ਬਣ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਾਹਮਣਾਂ ਨੂੰ ਛੱਡ ਕੇ ਗੱਦੀਆਂ ਵਿਚ ਵਿਧਵਾ ਇਸਤ੍ਰੀਆਂ ਦੇ ਮੁੜ ਵਿਆਹ ਹੋ ਜਾਂਦੇ ਹਨ। ਵਿਧਵਾ ਇਸਤ੍ਰੀ ਨੂੰ ਅਕਸਰ ਆਪਣੇ ਪਤੀ ਦੇ ਵੱਡੇ ਜਾਂ ਨਿੱਕੇ ਭਰਾ ਨਾਲ ਵਿਆਹ ਕਰਨ ਲਈ ਪ੍ਰੇਰਿਆ ਜਾਂਦਾ ਹੈ, ਤਾਂ ਜੋ ਉਹ ਸੁੱਚਾ ਜੀਵਨ ਬਤੀਤ ਕਰ ਸਕੇ। ਜਦੋਂ ਕਿਸੇ ਵਿਧਵਾ ਦਾ ਵਿਆਹ ਹੁੰਦਾ ਹੈ ਤਾਂ ਜੋੜੇ ਨੂੰ ਉੱਨ ਦੇ ਇਕ ਕੰਬਲ ਉਤੇ ਬਿਠਾਇਆ ਜਾਂਦਾ ਹੈ। ਉਨ੍ਹਾਂ ਦੇ ਸਾਹਮਣੇ ਇਕ ਦੀਵਾ ਬਲ ਰਿਹਾ ਹੁੰਦਾ ਹੈ। ਪਾਣੀ ਦਾ ਕਲਸਾ ਹੁੰਦਾ ਹੈ ਜਿਸ ਉਤੇ ਧਾਨ, ਆੜੂਆਂ ਦੇ ਪੱਤੇ ਅਤੇ ਦੂੰਬ ਰੱਖੀ ਜਾਂਦੀ ਹੈ। ਲਾਂਭ ਚਾਂਬ ਵਿਚ ਸੁਗੰਧੀਆਂ ਵੀ ਧੁਖਾਈਆਂ ਜਾਂਦੀਆਂ ਹਨ। ਕਲਸੇ ਨੂੰ ਕੁੰਭ ਆਖਦੇ ਹਨ। ਕੁੜੀ ਮੁੰਡਾ ਦੋਵੇਂ ਪੂਜਾ ਕਰਦੇ ਹਨ। ਮੁੰਡਾ ਵਿਧਵਾ ਦੇ ਸਿਰ 'ਤੇ ਪਰਾਂਦੀ ਰਖਦਾ ਹੈ। ਇਕ ਇਸਤ੍ਰੀ ਉਹਦੇ ਵਾਲਾਂ ਨੂੰ ਕੰਘੀ ਕਰਦੀ ਹੈ ਤੇ ਉਸ ਪਰਾਂਦੀ ਨਾਲ ਉਨ੍ਹਾਂ ਨੂੰ ਗੁੰਦ ਦਿੰਦੀ ਹੈ। ਇਸ ਤੋਂ ਬਾਅਦ ਮੁੰਡਾ ਕੁੜੀ ਦੇ ਹੱਥ 'ਤੇ ਇਕ ਨੱਥ ਰਖਦਾ ਹੈ ਤੇ ਵਿਆਹੁਤਾ ਕੁੜੀ ਨੱਥ ਨੂੰ ਨੱਕ ਵਿਚ ਪਾ ਲੈਂਦੀ ਹੈ। ਇਸ ਤੋਂ ਬਾਅਦ ਸਾਕ ਸਬੰਧੀਆਂ ਤੇ ਪ੍ਰਾਹੁਣਿਆਂ ਨੂੰ ਦਾਅਵਤ ਦਿਤੀ ਜਾਂਦੀ ਹੈ। ਇਸ ਰਸਮ ਲਈ ਵੀ ਕਿਸੇ ਪ੍ਰੋਹਿਤ ਦੀ ਲੋੜ ਨਹੀਂ ਹੁੰਦੀ।

ਗੱਦੀਆਂ ਵਿਚ ਵਿਆਹ ਦੀ ਆਮ ਰਸਮ ਬਹੁਤ ਵੱਡੀ ਹੁੰਦੀ ਹੈ। ਵਿਆਹ ਤੋਂ ਪਹਿਲੇ ਮੁੰਡੇ ਦੇ ਸਰੀਰ ਉਤੇ ਵੱਟਣਾ ਮਲਿਆ ਜਾਂਦਾ ਹੈ। ਉਹਦੀ ਸੱਜੀ ਕਲਾਈ 'ਤੇ ਤਿੰਨ ਕਾਲੇ ਊਨੀ ਧਾਗੇ ਬੱਧੇ ਜਾਂਦੇ ਹਨ, ਤਾਂ ਜੋ ਉਸ ਨੂੰ ਨਜ਼ਰ ਨਾ ਲੱਗ ਜਾਏ। ਲਾਲ ਦੁਪੱਟੇ ਵਿਚ ਕੱਜ ਕੇ ਫਿਰ ਉਹਦੀ ਮਾਂ ਉਹਨੂੰ ਵਿਹੜੇ ਵਿਚ ਲੈ ਜਾਂਦੀ ਹੈ, ਜਿਥੇ ਉਸਨੂੰ ਨੁਹਾਇਆ ਜਾਂਦਾ ਹੈ। ਨੁਹਾਣ ਤੋਂ ਬਾਅਦ ਕਾਲੇ ਧਾਗੇ ਲਾਹ ਦਿਤੇ ਜਾਂਦੇ ਹਨ, ਤੇ ਮੁੰਡਾ ਇਕ ਚੱਪਣੀ ਵਿਚ ਧੁਖ ਰਹੇ ਕੋਲਿਆਂ ਨੂੰ ਆਪਣੇ ਪੈਰਾਂ ਨਾਲ ਉਲਟਾ ਦਿੰਦਾ ਹੈ, ਤਾਂ ਜੋ ਕੋਈ ਬੁਰਾ ਪਰਛਾਵਾਂ ਵਿਹੜੇ ਵਿਚ ਉਹਦੇ ਉਤੇ ਪੈ ਗਿਆ ਹੋਵੇ ਤਾਂ ਉਹ ਲਹਿ ਜਾਵੇ। ਫੇਰ ਪੰਡਤ ਮੌਲੀ ਬੰਨ੍ਹਦਾ ਹੈ, ਜਿਸ ਨੂੰ ਕੰਗਣਾ ਕਹਿੰਦੇ ਹਨ। ਨਾਲ ਹੀ ਮੁੰਡੇ ਨੂੰ ਘਿਉ ਤੇ ਗੁੜ ਖਾਣ ਨੂੰ ਦਿੰਦੇ ਹਨ। ਇਸ ਤੋਂ ਬਾਅਦ ਮੁੰਡੇ ਨੂੰ ਜੋਗੀਆਂ ਵਾਲੇ ਕਪੜੇ ਪੁਆਏ ਜਾਂਦੇ ਹਨ। ਕੰਨਾਂ ਵਿਚ ਚਾਰ ਵਾਲੀਆਂ, ਲੱਕ 'ਤੇ ਧੋਤੀ ਅਤੇ ਮੋਢੇ 'ਤੇ ਮੰਗਤਿਆਂ ਵਾਲੀ ਝੋਲੀ ਸੁਟ ਲੈਂਦਾ ਹੈ। ਫਿਰ ਪੰਡਤ ਉਹਦੇ ਹੱਥਾਂ 'ਤੇ ਪੈਰਾਂ ਨੂੰ ਪਾਣੀ ਨਾਲ ਧੋਂਦਾ ਹੈ, ਉਹਦੇ ਮੂੰਹ ਉਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਛੀ ਪਾਣੀ ਦੇ ਛਿੱਟੇ ਮਾਰਦਾ ਹੈ। ਇਸ ਪ੍ਰਕਾਰ ਮੁੰਡੇ ਦਾ ਬਦਰੀ ਨਰਾਇਣ, ਤ੍ਰਿਲੋਕ ਨਾਥ, ਤੇ ਮਨੀ ਮਹੇਸ਼ ਦੇ ਤੀਰਥ ਅਸਥਾਨਾਂ ਦਾ ਇਸ਼ਨਾਨ ਹੋ ਗਿਆ ਸਮਝਿਆ ਜਾਂਦਾ ਹੈ। ਇਸ ਤੋਂ ਬਾਅਦ ਮੁੰਡਾ ਆਪਣੇ ਰਿਸ਼ਤੇਦਾਰਾਂ ਤੁੋਂ ਭਿਖਿਆ ਮੰਗਦਾ ਹੈ। ਇਹ ਲੋਕ ਉਹਨੂੰ ਰੋਟੀ ਦੇ ਟੁਕੜੇ ਦੇਂਦੇ ਹਨ ਤੇ ਆਪੋ ਆਪਣੀ ਵਿਤ ਅਨੁਸਾਰ ਉਸ ਨੂੰ ਬਕਰੀਆਂ ਭੇਡਾਂ ਆਦਿ ਦੇਣ ਦਾ ਇਕਰਾਰ ਕਰਦੇ ਹਨ। ਫਿਰ ਮੁੰਡੇ ਨੂੰ ਇਕ ਟੋਕਰੇ ਵਿਚ ਬਿਠਾ ਕੇ ਉਹਦੇ ਸਿਰ 'ਤੇ ਸੁੱਕਾ ਘਾਹ ਰੱਖ ਕੇ ਉਸ ਤੇ ਇਕ ਛੁਰੀ ਰਖੀ ਜਾਂਦੀ ਹੈ। ਮੁੰਡੇ ਦਾ ਮਾਮਾ ਸਰ੍ਹੋਂ ਦੇ ਤੇਲ ਦਾ ਇਕ ਭਾਂਡਾ ਫੜ ਲੈਂਦਾ ਹੈ, ਜਿਸ ਵਿਚੋਂ ਤੇਲ ਲੈ ਕੇ ਲੋਕ ਮੁੰਡੇ ਦੇ ਸਿਰ ਵਿਚ ਪਾਉਂਦੇ ਹਨ। ਫਿਰ ਉਹ ਇਕ ਤੀਰ ਲੈ ਕੇ ਇਕ ਕਮਾਨ ਵਿਚ ਉਸਨੂੰ ਜੋੜਦਾ ਹੈ ਤੇ ਕਮਾਨ ਨੂੰ ਚੁਕ ਕੇ ਇਕ ਮਰੀ ਹੋਈ ਬਕਰੀ ਦੇ ਸਿਰ ਦਾ ਨਿਸ਼ਾਨਾ ਬਣਾਉਂਦਾ ਹੈ। ਇਸ ਤੋਂ ਬਾਅਦ ਫੇਰ ਉਸ ਨੂੰ ਗੁੜ ਤੇ ਘਿਉ ਦਿਤਾ ਜਾਂਦਾ ਹੈ ਤੇ ਹੁਣ ਉਹ ਸਿਰ 'ਤੇ ਚਿੱਟਾ ਸਾਫ਼ਾ ਬਨ੍ਹ ਲੈਂਦਾ ਹੈ ਤੇ ਚਿੱਟਾ ਹੀ ਕੁਰਤਾ ਪਾ ਲੈਂਦਾ ਹੈ। ਲਾਲ ਚਾਦਰ ਅਜੇ ਵੀ ਉਸ ਦੇ ਕੋਲ ਹੁੰਦੀ ਹੈ। ਮੁੰਡੇ ਵਲੋਂ ਕੁੜੀ ਲਈ ਸੁਗਾਤਾਂ ਜਿਨ੍ਹਾਂ ਵਿਚ ਕਪੜੇ, ਕੰਘੀ, ਛੁਹਾਰੇ, ਸੌਗੀਆਂ, ਬਾਜਰਾ ਤੇ ਚਾਵਲ ਹੁੰਦੇ ਹਨ, ਇਕ ਜਲੂਸ ਦੀ ਸ਼ਕਲ ਵਿਚ ਕੁੜੀ ਦੇ ਘਰ ਲਿਜਾਏ ਜਾਂਦੇ ਹਨ। ਮੁੰਡੇ ਦੀ ਭਰਜਾਈ ਮੁੰਡੇ ਦੀਆਂ ਅੱਖਾਂ ਵਿਚ ਸੁਰਮਾ ਪਾਂਦੀ ਹੈ ਤੇ ਉਹਦੇ ਸਿਰ ਉਤੇ ਸਿਹਰਾ ਬੰਨ੍ਹਦੀ ਹੈ। ਬ੍ਰਾਹਮਣ ਪੁਜਾਰੀ ਇਕ ਥਾਲੀ ਨੂੰ, ਜਿਸ ਵਿਚ ਜੋਤਾਂ ਜਗ ਰਹੀਆਂ ਹੁੰਦੀਆਂ ਹਨ, ਤਿੰਨ ਵਾਰੀ ਮੁੰਡੇ ਦੇ ਸਿਰ ਤੋਂ ਘੁਮਾਂਦਾ ਹੈ, ਮੁੰਡੇ ਦੀ ਮਾਂ ਤਿੰਨ ਰੋਟੀਆਂ ਉਸ ਤੋਂ ਵਾਰ ਕੇ ਤਿੰਨ ਪਾਸਿਆਂ 'ਤੇ ਸੁਟਦੀ ਹੈ। ਮੁੰਡਾ ਫੇਰ ਵਿਹੜੇ ਵਿਚ ਰਖੀ ਹੋਈ ਪਾਲਕੀ ਵਿਚ ਬਹਿ ਜਾਂਦਾ ਹੈ, ਇਥੇ ਮੁੰਡੇ ਦੀ ਮਾਂ ਮੁੰਡੇ ਨੂੰ ਆਪਣੀ ਛਾਤੀ ਚੁੰਘਣ ਲਈ ਦਿੰਦੀ ਹੈ। ਪਾਲਕੀ ਨੂੰ ਚਾਰ ਕਹਾਰ ਚੁਕ ਕੇ ਲਕੜੀ ਦੇ ਇਕ ਤੋਤੇ ਕੋਲ ਲਿਜਾਂਦੇ ਹਨ। ਇਸ ਦੀ ਮੁੰਡਾ, ਮੁੰਡੇ ਦੀ ਮਾਂ ਤੇ ਪੁਜਾਰੀ ਪੂਜਾ ਕਰਦੇ ਹਨ। ਇਥੇ ਇਕ ਕਲਸ ਮੁੰਡੇ ਦੇ ਸਾਹਮਣੇ ਰਖਿਆ ਜਾਂਦਾ ਹੈ। ਮੁੰਡਾ ਇਸ ਵਿਚ ਪੈਸੇ ਪਾਉਂਦਾ ਹੈ, ਫੇਰ ਜੰਞ ਕੁੜੀ ਦੇ ਪਿੰਡ ਵਲ ਤੁਰ ਪੈਂਦੀ ਹੈ। ਜੰਞ ਵਿਚ ਦੋਸਤ ਤੇ ਰਿਸ਼ਤੇਦਾਰ ਹੁੰਦੇ ਹਨ, ਜੰਞ ਦੇ ਅੱਗੇ ਤੂਤਣੀਆਂ ਤੇ ਢੋਲ ਵਜ ਰਹੇ ਹੁੰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੜੀ ਦੇ ਪਿੰਡ ਕਿਸੇ ਘਰ ਵਿਚ ਸਸਤਾ ਕੇ ਜੰਵ ਇਕ ਪੰਡਤ ਦੇ ਨਾਲ ਫੇਰ ਸਹੁਰਿਆਂ ਦੇ ਢੁਕਦੀ ਹੈ। ਕੁੜੀ ਦੀ ਮਾਂ ਮੁੰਡੇ ਦਾ ਘਰ ਦੀ ਡਿਉੜੀ ਵਿਚ ਸਵਾਗਤ ਕਰਦੀ ਹੈ। ਉਹ ਬਲ ਰਹੀਆਂ ਜੋਤਾਂ ਵਾਲੀ ਥਾਲੀ ਨੂੰ ਸੱਤ ਵਾਰ ਮੁੰਡੇ ਦੇ ਸਿਰ ਤੋਂ ਵਾਰਦੀ ਹੈ ਤੇ ਵਿਹੜੇ ਵਿਚ ਤਿੰਨ ਰੋਟੀਆਂ ਸੁਟਦੀ ਹੈ। ਇਸ ਤੋਂ ਬਾਅਦ ਸੱਸ ਚਲੀ ਜਾਂਦੀ ਹੈ ਤੇ ਸਹੁਰਾ ਆ ਕੇ ਮੁੰਡੇ ਦੇ ਗਲ ਵਿਚ ਇਕ ਚਿੱਟਾ ਕਪੜਾ ਪਾਉਂਦਾ ਹੈ, ਉਹਦੇ ਪੈਰ ਧੋ ਕੇ ਉਹਦੀ ਪੂਜਾ ਕਰਦਾ ਹੈ। ਬ੍ਰਾਹਮਣ ਪ੍ਰੋਹਤ ਜਿਹੜੇ ਨਾਲ ਹੁੰਦੇ ਹਨ, ਇਕ ਪੱਤੇ ਵਿਚ ਚਾਵਲ, ਅਖ਼ਰੋਟ ਤੇ ਫੁੱਲ ਆਦਿ ਰੱਖ ਕੇ ਦੇਂਦੇ ਹਨ ਤੇ ਮੁੰਡਾ ਸਾਹਮਣੇ ਬਰਾਮਦੇ ਵਿਚ ਲਿਜਾਇਆ ਜਾਂਦਾ ਹੈ, ਜਿਥੇ ਉਸ ਨੂੰ ਕੁੜੀ ਦੇ ਸਾਹਮਣੇ ਬਿਠਾ ਦਿਤਾ ਜਾਂਦਾ ਹੈ। ਹੁਣ ਪ੍ਰੋਹਤ ਮੁੰਡੇ ਤੇ ਕੁੜੀ ਨੂੰ ਗਿੱਚੀਆਂ ਤੋਂ ਫੜ ਕੇ ਉਨ੍ਹਾਂ ਦੇ ਮੋਢਿਆਂ ਨੂੰ ਤਿੰਨ ਵਾਰ ਆਪਸ ਵਿਚ ਛੁਹਾਂਦਾ ਹੈ। ਫਿਰ ਮੁੰਡੇ ਕੁੜੀ ਨੂੰ ਵੇਸਣ ਦਿਤਾ ਜਾਂਦਾ ਹੈ, ਜਿਸ ਨੂੰ ਉਹ ਇਕ ਦੂਜੇ ਉਤੇ ਛੜ੍ਹਕਦੇ ਹਨ। ਮੁੰਡੇ ਕੁੜੀ ਦੇ ਦੋਹੀਂ ਪਾਸੀਂ ਜੋਤਾਂ ਬਲ ਰਹੀਆਂ ਹੁੰਦੀਆਂ ਹਨ। ਫੇਰ ਕੁੜੀ ਮੁੰਡੇ ਨੂੰ ਚੰਬੇਲੀ ਦੇ ਸੱਤ ਡੁਸ ਫੜਾਂਦੀ ਹੈ। ਮੁੰਡਾ ਚੰਬੇਲੀ ਦੀਆਂ ਇਨ੍ਹਾਂ ਲਵੀਆਂ ਟਹਿਣੀਆਂ ਨੂੰ ਇਕ ਇਕ ਕਰਕੇ ਆਪਣੇ ਪੈਰਾਂ ਹੇਠ ਮਸਲ ਦਿੰਦਾ ਹੈ, ਇਸ ਤਰ੍ਹਾਂ ਮੁੰਡੇ ਕੁੜੀ ਦੀ ਇਕ ਦੂਜੇ ਨਾਲ ਜਾਣ ਪਛਾਣ ਕਰਾਈ ਜਾਂਦੀ ਹੈ।

ਇੰਜ ਮੁੰਡੇ ਕੁੜੀ ਨੂੰ ਬਿਠਾ ਕੇ ਕੁੜੀ ਦਾ ਪਿਤਾ ਆਪਣੀ ਧੀ ਨੂੰ ਮੁੰਡੇ ਦੇ ਹਵਾਲੇ ਕਰ ਦਿੰਦਾ ਹੈ, ਫੇਰ ਉਹ ਕੁੜੀ ਤੇ ਮੁੰਡੇ ਦੇ ਪੈਰ ਧੋਂਦਾ ਹੈ। ਇਸ ਤੋਂ ਬਾਅਦ ਗਣੇਸ਼, ਬ੍ਰਹਮਾ, ਵਿਸ਼ਨੂੰ, ਕੁੰਭ ਤੇ ਇਕ ਜਗਦੀ ਜੋਤ ਦੀ ਉਪਾਸ਼ਨਾ ਕੀਤੀ ਜਾਂਦੀ ਹੈ। ਮੁੰਡਾ ਕੁੜੀ ਦੀ ਚਾਦਰ ਉਤੇ ਲਾਲ ਰੰਗ ਪਾਉਂਦਾ ਹੈ, ਪੰਡਤ ਚਾਰ ਪੈਸੇ, ਅਖ਼ਰੋਟ, ਥੋੜੀ ਜਿਹੀ ਦੁੱਭ, ਫੁੱਲ ਤੇ ਕੁਝ ਚਾਵਲ ਕੁੜੀ ਦੀ ਬੁਕ ਵਿਚ ਦਿੰਦਾ ਹੈ। ਮੁੰਡਾ ਆਪਣੇ ਹੱਥ ਕੁੜੀ ਦੇ ਹੱਥਾਂ ਉਤੇ ਰਖਦਾ ਹੈ। ਫਿਰ ਪ੍ਰੋਹਤ ਕੁੜੀ ਦਾ ਦੁਪੱਟਾ ਮੁੰਡੇ ਤੇ ਕੁੜੀ ਦੋਹਾਂ ਦੇ ਹੱਥਾਂ ਉਤੇ ਲਪੇਟ ਦਿੰਦਾ ਹੈ। ਇਸ ਤੋਂ ਬਾਅਦ ਮੁੰਡੇ ਨੂੰ ਅੰਦਰ ਲਿਜਾਇਆ ਜਾਂਦਾ ਹੈ, ਅਤੇ ਦੋਹਾਂ ਨੂੰ ਕਾਮਦੇਵ ਦੀ ਤਸਵੀਰ ਦੇ ਸਾਹਮਣੇ ਬਿਠਾ ਕੇ ਕੁੜੀ ਦੀ ਮਾਂ ਤੇ ਭੈਣਾਂ ਉਹਦੀ ਕੰਘੀ ਕਰਦੀਆਂ ਹਨ। ਵਾਲ ਵਾਹੁੰਦੀਆਂ ਤੇ ਨਾਲ ਨਾਲ ਗੀਤ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਾਂਦੀਆਂ ਜਾਂਦੀਆਂ ਹਨ।

ਇਸ ਤੋਂ ਬਾਅਦ ਮੁੰਡੇ ਦੇ ਦੁਪੱਟੇ ਨਾਲ ਕੁੜੀ ਦੀ ਚਾਦਰ ਦੀ ਚੂਕ ਬੰਨ੍ਹ ਦਿਤੀ ਜਾਂਦੀ ਹੈ ਤੇ ਕੁੜੀ ਨੂੰ ਉਹਦਾ ਮਾਮਾ ਚੁਕ ਕੇ ਇਕ ਚਬੂਤਰੇ ਜਿਹੇ ਹੇਠ ਲੈ ਜਾਂਦਾ ਹੈ, ਜਿਥੇ ਹਵਨ ਕਰਕੇ ਵਿਆਹ ਸੰਸਕਾਰ ਕੀਤਾ ਜਾਂਦਾ ਹੈ। ਇਥੇ ਕੁੜੀ ਦਾ ਪਿਤਾ ਮੁੜ ਮੁੰਡੇ ਕੁੜੀ ਦੇ ਪੈਰ ਧੋਂਦਾ ਹੈ ਤੇ ਗਣੇਸ਼, ਬ੍ਰਹਮਾ, ਵਿਸ਼ਨੂੰ, ਕੁੰਭ, ਚਾਰ ਰਿਸ਼ੀਆਂ ਤੇ ਚਾਰ ਵੇਦਾਂ ਆਦਿ ਦੀ ਪੂਜਾ ਕੀਤੀ ਜਾਂਦੀ ਹੈ। ਫਿਰ ਭੁੰਜੇ ਹੋਏ ਜਵਾਂ ਨੂੰ ਇਕ ਛੱਜ ਵਿਚ ਪਾਇਆ ਜਾਂਦਾ ਹੈ। ਮੁੰਡਾ ਇਕ ਮੁੱਠ ਜਵਾਂ ਦੀ ਲੈ ਕੇ ਉਨ੍ਹਾਂ ਨੂੰ ਤਿੰਨ ਢੇਰੀਆਂ ਵਿਚ ਰਖਦਾ ਹੈ। ਕੁੜੀ ਦਾ ਭਰਾ ਇਨ੍ਹਾਂ ਢੇਰੀਆਂ ਨੂੰ ਆਪਣੇ ਸੱਜੇ ਹੱਥ ਨਾਲ ਇਕ ਦਮ ਢਾਹ ਦਿੰਦਾ ਹੈ। ਇਹ ਰਸਮ ਇਸ ਲਈ ਕੀਤੀ ਜਾਂਦੀ ਹੈ ਕਿ ਮੁੰਡੇ ਕੁੜੀ ਵਿਚ ਜੇ ਪਹਿਲਾਂ ਕੋਈ ਰਿਸ਼ਤਾ ਸੀ ਤਾਂ ਉਹ ਇਸ ਘੜੀ ਤੋਂ ਬਾਅਦ ਖ਼ਤਮ ਹੋ ਗਿਆ ਸਮਝਿਆ ਜਾਵੇ। ਇਸ ਤੋਂ ਬਾਅਦ ਮੁੰਡਾ ਤੇ ਕੁੜੀ ਪਵਿੱਤਰ ਅਗਨੀ ਦੇ ਦੁਆਲੇ ਸਜਿਓਂ ਖੱਬੇ ਚਾਰ ਲਾਵਾਂ ਲੈਂਦੇ ਹਨ। ਜਦੋਂ ਮੁੰਡਾ ਕੁੜੀ ਲਾਵਾਂ ਲੈ ਰਹੇ ਹੁੰਦੇ ਹਨ, ਕੋਲ ਖਲੋਤੇ ਮਰਦ ਤੀਵੀਆਂ ਗਾਉਣਾ ਸ਼ੁਰੂ ਕਰ ਦਿੰਦੇ ਹਨ।

ਜਦੋਂ ਇਹ ਰਸਮ ਖ਼ਤਮ ਹੋ ਜਾਂਦੀ ਹੈ ਤਾਂ ਮੁੰਡਾ ਕੁੜੀ ਨੂੰ ਡੋਲੀ ਵਿਚ ਪਾ ਕੇ ਆਪਣੇ ਘਰ ਲੈ ਜਾਂਦਾ ਹੈ ਤੇ ਨਾਲ ਹੀ ਉਹਦਾ ਦਾਜ ਵੀ ਲੈ ਜਾਂਦਾ ਹੈ। ਜਦੋਂ ਲਾੜੀ ਲਾੜੇ ਦੇ ਘਰ ਪੁਜਦੀ ਹੈ ਤਾਂ ਉਹਦਾ ਕਈ ਰਸਮਾਂ ਤੇ ਗੀਤਾਂ ਨਾਲ ਸਵਾਗਤ ਕੀਤਾ ਜਾਂਦਾ ਹੈ।

ਮੁੰਡੇ ਦੀ ਮਾਂ ਨਵੇਂ ਵਿਆਹੇ ਜੋੜੇ ਦੀ ਪੂਜਾ ਕਰਦੀ ਹੈ। ਇਸ ਤੋਂ ਬਾਅਦ ਕਾਮਦੇਵ ਦੀ ਮੂਰਤੀ ਦੇ ਸਾਹਮਣੇ ਰਖੇ ਇਕ ਮਿੱਟੀ ਦੇ ਦੀਵੇ ਦੁਆਲੇ ਮੁੰਡਾ ਕੁੜੀ ਚਾਰ ਫੇਰੇ ਲੈਂਦੇ ਹਨ। ਮਿੱਟੀ ਦੇ ਦੀਵੇ ਕੋਲ ਇਕ ਪਾਣੀ ਦਾ ਘੜਾ, ਇਕ ਪਰਾਂਦੀ ਤੇ ਅਨਾਰ ਰਖੇ ਹੋਏ ਹੁੰਦੇ ਹਨ। ਇਥੇ ਪ੍ਰੋਹਤ ਕੁੜੀ ਦਾ ਘੁੰਡ ਚੁਕਦਾ ਹੈ ਤੇ ਮੁੰਡੇ ਕੁੜੀ ਦੀਆਂ ਕਲਾਈਆਂ ਉਤੇ ਬਧੇ ਧਾਗੇ ਦੋ ਆਦਮੀਆਂ ਤੋਂ ਢਿਲੇ ਕਰਵਾਏ ਜਾਂਦੇ ਹਨ, ਜਿਹੜੇ ਉਸ ਘੜੀ ਤੋਂ ਮੁੰਡੇ ਕੁੜੀ ਦੇ ਧਰਮ ਭਰਾ ਬਣ ਜਾਂਦੇ ਹਨ। ਇਸ ਤੋਂ ਬਾਅਦ ਰਿਸ਼ਤੇਦਾਰ ਤੇ ਦੋਸਤ ਮੁੰਡੇ ਕੁੜੀ ਨੂੰ ਸੁਗਾਤਾਂ ਪੇਸ਼ ਕਰਦੇ ਹਨ। ਕੁੜੀ ਨੂੰ ਘੁੰਡ ਚੁਕਾਈ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਤੀ ਜਾਂਦੀ ਹੈ। ਇਸ ਤੋਂ ਬਾਅਦ ਦਾਅਵਤ ਹੁੰਦੀ ਹੈ ਅਤੇ ਗਾਣਾ ਹੁੰਦਾ ਹੈ।

ਗੱਦੀਆਂ ਦੇ ਇਕ ਲੋਕ ਗੀਤ ਵਿਚ ਲਾੜੇ ਨੂੰ 'ਕਾਨ੍ਹ' ਕਰਕੇ ਸਦਿਆ ਗਿਆ ਹੈ ਤੇ ਉਹਨੂੰ ਸਮਝਾਇਆ ਗਿਆ ਹੈ ਕਿ ਹੁਣ ਉਹ ਉਂਜ ਲਗੜਾਂ ਵਾਂਗ ਨਾ ਫਿਰੇ ਸਗੋਂ ਵਿਆਹਤ ਜੀਵਨ ਦੀਆਂ ਜ਼ਿੰਮੇਂਵਾਰੀਆਂ ਨੂੰ ਸੰਭਾਲੇ।

ਗੱਦੀ ਲੋਕ ਕੁਝ ਕਿਰਸਾਨ ਤੇ ਕੁਝ ਆਜੜੀ ਹਨ। ਉਨ੍ਹਾਂ ਦੀ ਜਾਇਦਾਦ ਭੇਡਾਂ ਤੇ ਬੱਕਰੀਆਂ ਹੀ ਹੁੰਦੀਆਂ ਹਨ। ਸਰਦੀਆਂ ਵਿਚ ਇਹ ਆਪਣੇ ਇੱਜੜਾਂ ਨੂੰ ਕਾਂਗੜਾ, ਮੰਡੀ ਤੇ ਸੁਕੇਤ ਦੀ ਵਾਦੀ ਵਿਚ ਚਰਾਂਦੇ ਹਨ ਅਤੇ ਗਰਮੀਆਂ ਨੂੰ ਇਹ ਲੋਕ ਧੌਲੀਧਾਰ ਨੂੰ ਪਾਰ ਕਰ ਕੇ ਤੰਬੇ ਤੇ ਲਾਹੌਲ ਵਲ ਚਲੇ ਜਾਂਦੇ ਹਨ। ਕਈਆਂ ਦੀ ਜ਼ਮੀਨ ਪਹਾੜ ਦੇ ਦੋਹੀਂ ਪਾਸੀਂ ਹੈ। ਉਹ ਸਰਦੀਆਂ ਵਿਚ ਕਣਕ ਦੀ ਫ਼ਸਲ ਤਾਂ ਕਾਂਗੜੇ ਵਿਚ ਉਗਾਂਦੇ ਹਨ ਅਤੇ ਗਰਮੀਆਂ ਦੀ ਫ਼ਸਲ ਧੌਲੀਧਾਰ ਦੇ ਦੂਜੇ ਪਾਸੇ ਬਰਮੌਰ ਵਿਚ ਜਾ ਬੀਜਦੇ ਹਨ। ਗੱਦੀ ਆਪਣੇ ਖੁਲ੍ਹੇ ਡੁਲ੍ਹੇ ਆਜ਼ਾਦ ਪੇਂਡੂ ਜੀਵਨ ਨੂੰ ਪਸੰਦ ਕਰਦੇ ਹਨ।

ਗੱਦੀ ਲੋਕ ਸ਼ਿਵ ਜੀ ਦੀ ਉਪਾਸ਼ਨਾ ਕਰਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਸ਼ਿਵ ਜੀ ਕੈਲਾਸ਼ ਪਰਬਤ ਉਤੇ ਮਣੀ ਮਹੇਸ਼ ਦੀ ਚੋਟੀ ਤੇ ਰਹਿੰਦੇ ਹਨ। ਬਰ੍ਹਮੌਰ ਇਲਾਕੇ ਨੂੰ ਵੀ ਸ਼ਿਵ ਭੂਮੀ ਕਿਹਾ ਜਾਂਦਾ ਹੈ। ਗੱਦੀ ਲੋਕਾਂ ਦੇ ਅਨੁਸਾਰ ਸ਼ਿਵ ਜੀ ਛੇ ਮਹੀਨੇ ਕੈਲਾਸ਼ 'ਤੇ ਰਹਿੰਦੇ ਹਨ ਤੇ ਅੱਸੂ ਵਿਚ ਹੇਠ ਪਿਆਲਪੁਰ ਉਤਰ ਆਉਂਦੇ ਹਨ, ਜਿਥੋਂ ਚੇਤਰ ਵਿਚ ਉਹ ਫਿਰ ਉਤਾਂਹ ਚਲੇ ਜਾਂਦੇ ਹਨ। ਇਹੀ ਮਹੀਨੇ ਹਨ ਜਦੋਂ ਗੱਦੀ ਲੋਕ ਵੀ ਇਕ ਥਾਂ ਤੋਂ ਦੂਜੀ ਥਾਂ ਆਉਂਦੇ ਹਨ।

ਗੱਦੀ ਲੋਕ ਪਹਾੜਾਂ, ਜੰਗਲਾਂ, ਤੇ ਧਰਤੀ ਦਿਆਂ ਕਈ ਦੇਵਤਿਆਂ ਦੀ ਪੂਜਾ ਕਰਦੇ ਹਨ। ਜਦੋਂ ਪਹਾੜੀ ਇਲਾਕੇ ਵਿਚ ਤੂਫ਼ਾਨ ਆ ਜਾਂਦਾ ਹੈ ਜਾਂ ਬਰਫ਼ ਦੇ ਗਲੇਸ਼ੀਅਰ ਪੱਥਰਾਂ ਤੇ ਪਹਾੜਾਂ ਨੂੰ ਢਾਹਦੇ ਹੋਏ ਚੋਟੀਆਂ ਤੋਂ ਤੁਰ ਪੈਂਦੇ ਹਨ ਤਾਂ ਇਹ ਲੋਕ ਇਹ ਸਮਝਦੇ ਹਨ ਕਿ ਰਾਕਸ਼ਾਂ ਦੀ ਆਪਸ ਵਿਚ ਲੜਾਈ ਹੋ ਰਹੀ ਹੈ। ਜਦੋਂ ਕਿਸੇ ਦੱਰੇ ਵਿਚੋਂ ਗੱਦੀ ਲੰਘ ਰਹੇ ਹੁੰਦੇ ਹਨ ਤਾਂ ਉਹ ਉਸ ਦੱਰੇ ਦੇ ਦੇਵਤੇ ਨੂੰ ਅਰਦਾਸਾਂ ਕਰਦੇ ਜਾਂਦੇ ਹਨ ਤਾਂ ਜੋ ਉਨ੍ਹਾਂ ਦੇ ਇੱਜੜ ਸੁਖੀ-ਸਾਂਦੀ ਪਾਰ ਹੋ ਜਾਣ। ਦੱਰੇ ਦਾ ਦੇਵਤਾ ਇਕ ਪੱਥਰਾਂ ਦੀ ਬਣਾਈ ਮੜ੍ਹੀ ਵਿਚ ਰਹਿੰਦਾ ਸਮਝਿਆ ਜਾਂਦਾ ਹੈ, ਇਸ ਦੇਵਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਂ ਡਰਦਿਆਂ ਇਥੋਂ ਲੰਘਦੇ ਮੁਸਾਫ਼ਰ ਉੱਚੀ ਉੱਚੀ ਗੱਲਾਂ ਨਹੀਂ ਕਰਦੇ ਕਿਉਂਕਿ ਉੱਚੀ ਗੱਲ ਕਰਨ ਨਾਲ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਬਰਫ਼ ਡਿੱਗ ਪੈਂਦੀ ਹੈ। ਮੈਦਾਨਾਂ ਤੋਂ ਗਏ ਕਈ ਯਾਤਰੂ ਅਣਜਾਣੇ ਵਿਚ ਗੱਲਾਂ ਕਰਦੇ ਇਥੇ ਬਰਫ਼ ਹੇਠਾਂ ਦੱਬ ਕੇ ਨਸ਼ਟ ਹੋ ਗਏ ਦਸੇ ਜਾਂਦੇ ਹਨ।

ਜੰਗਲ ਦੇ ਬ੍ਰਿਛਾਂ ਵਿਚ ਬਨ-ਬੀਰਾਂ ਦੀਆਂ ਰੂਹਾਂ ਵਸਦੀਆਂ ਦਸੀਆਂ ਜਾਂਦੀਆਂ ਹਨ। ਇਹ ਰੂਹਾਂ ਤੁੱਨ, ਸਿੰਬਲ ਤੇ ਅਖ਼ਰੋਟਾਂ ਦੇ ਬੂਟਿਆਂ ਵਿਚ ਰਹਿਣਾ ਜ਼ਿਆਦਾ ਪਸੰਦ ਕਰਦੀਆਂ ਹਨ। ਕਾਲਾ ਬੀਰ ਤੇ ਨਰਸਿੰਘ ਪਤੀਆਂ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਦੀਆਂ ਇਸਤ੍ਰੀਆਂ ਨੂੰ ਤੰਗ ਕਰਦੇ ਹਨ। ਜੇ ਕਿਤੇ ਪਤੀ ਉਸ ਵੇਲੇ ਵਾਪਸ ਆ ਜਾਏ, ਜਦੋਂ ਬੀਰ ਇਨਸਾਨੀ ਸ਼ਕਲ ਵਿਚ ਹੁੰਦਾ ਹੈ ਤਾਂ ਬੀਰ ਦੇ ਕਹਿਰ ਤੋਂ ਪਤੀ ਦੀ ਮੌਤ ਵੀ ਹੋ ਸਕਦੀ ਹੈ, ਪਰ ਇਸਨੂੰ ਬੀਰ ਦੀ ਉਪਾਸ਼ਨਾ ਕਰਕੇ ਟਾਲਿਆ ਵੀ ਜਾ ਸਕਦਾ ਹੈ। ਕੇਹਲੂ ਬੀਰ ਪਹਾੜ ਦੀਆਂ ਢਲਾਨਾਂ ਉਤੇ ਰਹਿੰਦਾ ਮੰਨਿਆ ਜਾਂਦਾ ਹੈ। ਜਦੋਂ ਇਹ ਗੁੱਸੇ ਵਿਚ ਹੁੰਦਾ ਹੈ ਤਾਂ ਪਹਾੜਾਂ ਦੇ ਪਹਾੜ ਉਤੋਂ ਸੁੱਟ ਪਾਂਦਾ ਹੈ। ਪਹਾੜਾਂ ਦੀਆਂ ਉੱਚੀਆਂ ਚੋਟੀਆਂ ਤੇ ਬਨਸਤਾਂ ਰਹਿੰਦੀਆਂ ਹਨ। ਇਹ ਇਸਤ੍ਰੀਆਂ ਦੀਆਂ ਰੂਹਾਂ ਹੁੰਦੀਆਂ ਹਨ ਤੇ ਇੱਜੜਾਂ ਦੀ ਭਲਾਈ ਲਈ ਇਨ੍ਹਾਂ ਦੀ ਉਪਾਸ਼ਨਾ ਕੀਤੀ ਜਾਂਦੀ ਹੈ। ਬਤਾਲ ਚਸ਼ਮਿਆਂ, ਦਰਿਆਵਾਂ ਤੇ ਆਬਸ਼ਾਰਾਂ ਦੀ ਰੂਹ ਹੈ। ਇਸਦੀ ਉਪਾਸ਼ਨਾ ਖਿਚੜੀ, ਘੁੰਗਣੀਆਂ ਆਦਿ ਦੇ ਚੜ੍ਹਾਵੇ ਨਾਲ ਕੀਤੀ ਜਾਂਦੀ ਹੈ। ਜੇ ਕਦੀ ਕਿਸੇ ਥਾਂ ਉਤੇ ਪਹਿਲੀ ਵਾਰ ਹਲ ਚਲਾਣਾ ਹੁੰਦਾ ਹੈ ਤਾਂ ਚਾਰ ਮੁਟਿਆਰਾਂ ਨੂੰ ਉਥੇ ਲਿਜਾ ਕੇ ਪਹਿਲੇ ਉਨ੍ਹਾਂ ਦੇ ਪੈਰ ਧੋਤੇ ਜਾਂਦੇ ਹਨ, ਫਿਰ ਉਨ੍ਹਾਂ ਦੇ ਮੱਥਿਆਂ ਉਤੇ ਗੁਲਾਲ ਲਾਇਆ ਜਾਂਦਾ ਹੈ ਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਾਉਣ ਲਈ ਖਾਣ ਨੂੰ ਗੁੜ ਦਿਤਾ ਜਾਂਦਾ ਹੈ ਤੇ ਨਵੀਂ ਖੇਤੀ ਦੀ ਪਹਿਲੀ ਫ਼ਸਲ ਦੇਵਤੇ ਦੀ ਸੇਵਾ ਵਿਚ ਚੜ੍ਹਾ ਦਿਤੀ ਜਾਂਦੀ ਹੈ। ਹਰ ਗੱਦੀ ਘਰ ਦੇ ਸਾਹਮਣੇ ਥੜ੍ਹੇ ਉਤੇ ਘਰ ਦਾ ਦੇਵਤਾ ਸਥਾਪਤ ਕੀਤਾ ਹੁੰਦਾ ਹੈ, ਜਿਥੇ ਉਸ ਦੀ ਉਪਾਸ਼ਨਾ ਕੀਤੀ ਜਾਂਦੀ ਹੈ। ਇਨ੍ਹਾਂ ਦੇਵੀ ਦੇਵਤਿਆਂ ਤੋਂ ਛੁੱਟ ਨਾਗ ਦੇਵਤਾ ਆਦਿ ਦੀ ਪੂਜਾ ਵੀ ਕੀਤੀ ਜਾਂਦੀ ਹੈ। ਕੇਲੰਗ ਨਾਗ ਦੀ ਉਪਾਸ਼ਨਾ ਇਕ ਦ੍ਰਾਤੀ ਦੀ ਸ਼ਕਲ ਵਿਚ ਕੀਤੀ ਜਾਂਦੀ ਹੈ, ਜਿਸ ਨੂੰ ਹਰ ਆਜੜੀ ਆਪਣੇ ਕੋਲ ਰਖਦਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖ਼ਾਸ ਤੌਰ ਉਤੇ ਜਦੋਂ ਇੱਜੜਾਂ ਨੂੰ ਉਹ ਬਾਹਰ ਚਰਾ ਰਿਹਾ ਹੋਵੇ। ਵੱਖ-ਵੱਖ ਦੇਵੀ ਦੇਵਤਿਆਂ ਦੀ ਪੂਜਾ ਦੇ ਵੱਖ-ਵੱਖ ਦਿਨ ਹੁੰਦੇ ਹਨ।

ਜੇ ਕਿਰਸਾਨੀ ਕਰਨ ਵਾਲੇ ਕਿਸੇ ਵੀ ਕਬੀਲੇ ਦੇ ਜੀਵਨ ਨੂੰ ਪੂਰਾ-ਪੂਰਾ ਸਮਝਿਆ ਜਾ ਸਕਦਾ ਹੈ ਤਾਂ ਉਹ ਗੱਦੀ ਲੋਕਾਂ ਦਾ ਹੈ। ਉਹਨਾਂ ਦੀ ਵਡੀ ਖ਼ੁਰਾਕ ਜੌਂ ਹਨ, ਜਿਨ੍ਹਾਂ ਨੂੰ ਉਹ ਆਪ ਉਗਾਂਦੇ ਹਨ। ਜਵਾਂ ਨੂੰ ਭੁੰਨ ਕੇ ਉਹ ਸੱਤੂ ਬਣਾ ਲੈਂਦੇ ਹਨ। ਪਹਾੜੀ ਸਫ਼ਰ ਕਰਦਿਆਂ ਇਹ ਸੱਤੂ ਉਨ੍ਹਾਂ ਦੇ ਕੰਮ ਆਉਂਦੇ ਹਨ। ਖੰਡ ਦੀ ਥਾਂ ਉਹ ਅਕਸਰ ਮਾਖਿਉਂ ਵਰਤਦੇ ਹਨ। ਕਦੀ ਕਦੀ ਭੇਡ ਬੱਕਰੀ ਦਾ ਮਾਸ ਵੀ ਖਾਂਦੇ ਹਨ। ਪਰ ਅਕਸਰ ਉਹ ਇਨ੍ਹਾਂ ਦੇ ਦੁੱਧ ਉਤੇ ਹੀ ਗੁਜ਼ਾਰਾ ਕਰਦੇ ਹਨ। ਗੱਦੀ ਲੋਕ ਮੰਡੀ ਦੇ ਇਲਾਕੇ ਵਿਚ ਗੁੰਮਾਂ ਦੀ ਖਾਣ ਦਾ ਲੂਣ ਪਸੰਦ ਕਰਦੇ ਹਨ। ਆਪਣੇ ਕਪੜਿਆਂ ਲਈ ਉਨ੍ਹਾਂ ਦੀਆਂ ਭੇਡਾਂ ਦੀ ਉੱਨ ਕਾਫ਼ੀ ਹੁੰਦੀ ਹੈ। ਇਸ ਉੱਨ ਨੂੰ ਉਨ੍ਹਾਂ ਦੀਆਂ ਔਰਤਾਂ ਤੁੰਬ ਕੇ ਟੇਰਨੇ 'ਤੇ ਉਣ ਦਿੰਦੀਆਂ ਹਨ। ਆਪਣੇ ਚਿੱਟੇ ਚੋਲਿਆਂ ਤੇ ਉਚੀਆਂ ਟੋਪੀਆਂ ਵਿਚ ਇਹ ਲੋਕ ਬੜੇ ਸੁਹਣੇ ਜਾਪਦੇ ਹਨ। ਕਾਲੇ ਰੰਗ ਦੇ ਕੁੱਤੇ ਉਨ੍ਹਾਂ ਦੇ ਦਿਨ ਰਾਤ ਦੇ ਸਾਥੀ ਹੁੰਦੇ ਹਨ ਤੇ ਇਨ੍ਹਾਂ ਵਿਚ ਕਈ ਕੁੱਤੇ ਬਾਘਾਂ ਦਾ ਸ਼ਿਕਾਰ ਵੀ ਕਰਦੇ ਹਨ। ਇਨ੍ਹਾਂ ਕੁੱਤਿਆਂ ਦੇ ਗਲਾਂ ਵਿਚ ਪਈਆਂ ਲੋਹੇ ਦੀਆਂ ਵਧਰੀਆਂ ਬਾਘਾਂ ਨਾਲ ਲੜਦਿਆਂ ਉਨ੍ਹਾਂ ਨੂੰ ਬਚਾ ਲੈਂਦੀਆਂ ਹਨ।

ਕਾਂਗੜੇ ਤੇ ਚੰਬੇ ਦੀ ਵਾਦੀ ਦੇ ਗੱਦੀ ਆਜੜੀ ਛੇ ਮਹੀਨੇ ਲਾਹੌਲ ਦੀ ਵਾਦੀ ਵਿਚ ਰਹਿੰਦੇ ਹਨ। ਇਹ ਲੋਕ ਬੜੇ ਸਿਆਣੇ ਤੇ ਮਿਹਨਤੀ ਹਨ ਤੇ ਸਫ਼ਰ ਦੀਆਂ ਮੁਸੀਬਤਾਂ ਤੋਂ ਡਰਦੇ ਨਹੀਂ। ਕਾਂਗੜੇ ਤੋਂ ਲਾਹੌਲ ਪੁੱਜਣ ਲਈ ਇਹਨਾਂ ਨੂੰ ਇਕ ਮਹੀਨਾ ਲਗ ਜਾਂਦਾ ਹੈ। ਭਾਵੇਂ ਉਹ ਆਪਣੀ ਇਕ ਇਕ ਭੇਡ ਤੇ ਬੱਕਰੀ ਨੂੰ ਪਛਾਣਦੇ ਹਨ ਤਾਂ ਵੀ ਕਈ ਵਾਰ ਉਨ੍ਹਾਂ ਦੀਆਂ ਭੇਡਾਂ ਬੱਕਰੀਆਂ ਗੁਆਚ ਜਾਂਦੀਆਂ ਹਨ। ਕਈ ਵਾਰ ਰਾਤ ਨੂੰ ਪਹਾੜਾਂ ਦੀਆਂ ਖੁੰਦਰਾਂ ਵਿਚ ਅੱਗਾਂ ਬਲਦੀਆਂ ਵਿਖਾਈ ਦਿੰਦੀਆਂ ਹਨ। ਇਹ ਅੱਗਾਂ ਸੁਸਤਾ ਰਹੇ ਗੱਦੀ ਲੋਕਾਂ ਦੀਆਂ ਬਾਲੀਆਂ ਹੁੰਦੀਆਂ ਹਨ। ਇਹ ਲੋਕ ਬਾਘਾਂ, ਭਾਲੂਆਂ ਤੇ ਹੋਰ ਜੰਗਲੀ ਜਾਨਵਰਾਂ ਦੇ ਨਾਲ ਹੀ ਸਰਦੀ ਤੋਂ ਬਚਣ ਲਈ ਅੱਗ ਬਾਲਦੇ ਹਨ। ਉੱਨ ਦਾ ਚੋਲਾ ਪਾਈ ਤੇ ਇਕ ਕੰਬਲ ਲੈ ਕੇ ਕਈ ਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਲੋਕ ਬਰਫ਼ ਵਿਚ ਸੌਂ ਜਾਂਦੇ ਹਨ, ਤਾਂ ਵੀ ਇਨ੍ਹਾਂ ਨੂੰ ਕਦੀ ਨੁਕਸਾਨ ਨਹੀਂ ਹੋਇਆ। ਕਈ ਵਾਰ ਇਹ ਆਪਣੇ ਇੱਜੜਾਂ ਵਿਚ ਜਾ ਲੁਕਦੇ ਹਨ। ਸਰਦੀ ਤੋਂ ਬਚਣ ਲਈ ਦੋ ਤਿੰਨ ਭੇਡਾਂ ਨੂੰ ਆਪਣੇ ਉਤੇ ਪਾ ਲੈਂਦੇ ਹਨ। ਬਾਰਸ਼ ਦੇ ਦਿਨਾਂ ਵਿਚ ਇਹ ਲੋਕ ਪਹਾੜਾਂ ਦੀਆਂ ਖ਼ੁੰਦਰਾਂ ਵਿਚ ਵੜ ਜਾਂਦੇ ਹਨ। ਇਨ੍ਹਾਂ ਦੀਆਂ ਭੇਡਾਂ ਚੰਗੀਆਂ ਪਲੀਆਂ ਹੋਈਆਂ ਹੁੰਦੀਆਂ ਹਨ ਤੇ ਕਮਾਯੂੰ ਦੇ ਭੋਟੀਏ ਸੁਦਾਗਰ ਵੀ ਇਨ੍ਹਾਂ ਭੇਡਾਂ ਨੂੰ ਕਮਾਯੂੰ ਤੇ ਤਿੱਬਤ ਦੇ ਵਿਚਕਾਰ ਮਾਲ ਢੋਣ ਲਈ ਖ਼ਰੀਦਦੇ ਹਨ। ਲਾਹੌਲ ਵਿਚ ਇਸ ਤਰ੍ਹਾਂ ਦੇ ਆਏ ਇੱਜੜਾਂ ਦੇ ਚਰਨ ਦੀ ਥਾਂ ਨੂੰ ਸਾਰ ਜਾਂ ਬੰਨ੍ਹ ਕਹਿੰਦੇ ਹਨ। ਇਨ੍ਹਾਂ ਥਾਵਾਂ ਨੂੰ ਵੱਖ ਵੱਖ ਆਜੜੀਆਂ ਲਈ ਵੰਡਿਆ ਹੁੰਦਾ ਹੈ, ਹਰ ਧਾਰ ਦੀ ਹਦਬੰਦੀ ਹੋਈ ਹੁੰਦੀ ਹੈ ਤੇ ਕੁੱਲੂ ਦੇ ਰਾਜੇ ਜਾਂ ਲਾਹੌਲ ਦੇ ਠਾਕੁਰ ਤੋਂ ਹੀ ਇਨ੍ਹਾਂ ਦਾ ਕਬਜ਼ਾ ਮਿਲ ਸਕਦਾ ਹੈ। ਅੱਜ ਕਲ੍ਹ ਲੋਕਾਂ ਨੇ ਇਨ੍ਹਾਂ ਥਾਵਾਂ ਨੂੰ ਅਗੇ ਵੇਚਣਾ ਵੀ ਸ਼ੁਰੂ ਕਰ ਦਿਤਾ ਹੈ ਤੇ ਇੰਜ ਕਈ ਥਾਵਾਂ ਹੁਣ ਆਪਣੇ ਮੁੱਢਲੇ ਮਾਲਕਾਂ ਦੀ ਮਲਕੀਅਤ ਨਹੀਂ ਰਹੀਆਂ। ਮੁੱਢਲੇ ਮਾਲਕਾਂ ਦਾ ਇਨ੍ਹਾਂ ਚਰਾਂਦਾਂ ਉਤੇ ਭਾਵੇਂ ਕੋਈ ਹੱਕ ਨਹੀਂ, ਤਾਂ ਵੀ ਨਵੇਂ ਮਾਲਕਾਂ ਦੇ ਇੱਜੜ ਆਉਂਦੇ ਜਾਂਦੇ ਪੁਰਾਣੇ ਮਾਲਕ ਦੇ ਖੇਤਾਂ ਨੂੰ ਇਕ ਅੱਧ ਦਿਨ ਠਹਿਰ ਕੇ ਭੇਡਾਂ ਬੱਕਰੀਆਂ ਦੀਆਂ ਮੇਂਗਣਾਂ ਦੀ ਸ਼ਕਲ ਵਿਚ ਖ਼ਾਦ ਦੇ ਜਾਂਦੇ ਹਨ। ਹਰ ਵਾਰ ਗੁਜ਼ਰਨ ਉੱਤੇ ਗੱਦੀ ਲੋਕ ਠਾਕੁਰ ਨੂੰ ਜਾਂ ਨੇਗੀ ਨੂੰ ਇਕ ਭੇਡ ਲਗਾਨ ਵਜੋਂ ਦਿੰਦੇ ਹਨ। ਅਕਸਰ ਗੱਦੀ ਲੋਕ ਇਕ ਦੋ ਭੇਡਾਂ ਪਿੰਡ ਵਾਲਿਆਂ ਨੂੰ ਵੀ ਦਿੰਦੇ ਹਨ, ਜਿਨ੍ਹਾਂ ਨੂੰ ਵਢ ਕੇ ਦਾਅਵਤ ਉਡਾਈ ਜਾਂਦੀ ਹੈ। ਇੰਜ ਕਰਨ ਨੂੰ 'ਭਗਤੀ' ਕਿਹਾ ਜਾਂਦਾ ਹੈ।

ਪੰਜਾਬ ਦੇ ਹਿਮਾਲਾ ਪਰਬਤ ਵਿਚ ਗੱਦਣਾਂ ਆਪਣੀ ਸੁੰਦਰਤਾ ਲਈ ਪ੍ਰਸਿੱਧ ਹਨ। ਖੁਲ੍ਹਾ-ਡੁਲ੍ਹਾ ਜੀਵਨ, ਦੁੱਧ ਦੀ ਖ਼ੁਰਾਕ ਤੇ ਆਰੀਆਂ ਦਾ ਖ਼ੂਨ ਉਨ੍ਹਾਂ ਦੀ ਸੁੰਦਰਤਾ ਦੇ ਤਿੰਨ ਵਡੇ ਕਾਰਨ ਹਨ। ਇਨ੍ਹਾਂ ਦੇ ਨੈਣ ਨਕਸ਼ ਢਲਵੇਂ ਤੇ ਸਾਫ਼ ਹੁੰਦੇ ਹਨ—ਨੱਕ ਤਿੱਖੇ, ਅੱਖਾਂ ਸ਼ੋਖ ਤੇ ਚਿਹਰਾ ਮੋਹਰਾ ਨਾਜ਼ਕ ਤੇ ਪਿਆਰਾ।

ਪਾਲਮ ਵਾਦੀ ਦੀਆਂ ਰਾਜਪੂਤ ਤੇ ਬ੍ਰਾਹਮਣ ਸੁੰਦਰੀਆਂ ਦੇ ਮੁਕਾਬਲੇ ਵਿਚ ਗੱਦਣਾਂ ਖ਼ੁਸ਼-ਰਹਿਣੀਆਂ ਤੇ ਸ਼ੋਖ ਹੁੰਦੀਆਂ ਹਨ। ਇਨ੍ਹਾਂ ਵਿਚੋਂ ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਇੰਜ ਲਗਦੀਆਂ ਹਨ, ਜਿਵੇਂ ਪਹਾੜਾਂ ਦੀਆਂ ਰਾਣੀਆਂ ਹੋਣ। ਇਨ੍ਹਾਂ ਦੀ ਸੁੰਦਰਤਾ ਪਹਾੜਾਂ ਦੇ ਕਈ ਗੀਤਾਂ ਵਿਚ ਗਾਈ ਗਈ ਹੈ। ਕਾਂਗੜੇ ਦੀ ਕਲਾ ਦਾ ਮਸ਼ਹੂਰ ਸਰਪ੍ਰਸਤ ਮਹਾਰਾਜਾ ਸੰਸਾਰ ਚੰਦ ਵੀ ਇਕ ਗੱਦਣ ਨੂੰ ਪਿਆਰ ਕਰਨ ਲਗ ਪਿਆ ਤੇ ਉਸ ਨੂੰ ਉਸ ਨੇ ਆਪਣੀ ਰਾਣੀ ਬਣਾ ਲਿਆ।

ਮੇਲਿਆਂ ਤਿਉਹਾਰਾਂ ਵਿਚ ਗੱਦੀ ਲੋਕ ਨੱਚ ਕੇ ਤੇ ਗਾ ਕੇ ਆਪਣਾ ਜੀਅ ਪਰਚਾਉਂਦੇ ਹਨ। ਜਦੋਂ ਇਹ ਨੱਚਦੇ ਹਨ ਤਾਂ ਵਡੇ ਵਡੇ ਢੋਲ ਤੇ ਨਗਾਰੇ ਵਜਾਉਂਦੇ ਹਨ। ਨਾਚ ਵਿਚ ਕੇਵਲ ਮਰਦ ਹੀ ਸ਼ਾਮਲ ਹੁੰਦੇ ਹਨ। ਔਰਤਾਂ ਕੋਲ ਖਲੋ ਕੇ ਵੇਖਦੀਆਂ ਹਨ। ਨਾਚ ਨੂੰ ਵੇਖਣ ਲਈ ਔਰਤਾਂ ਆਪਣੇ ਆਪ ਨੂੰ ਗਹਿਣਿਆਂ ਆਦਿ ਨਾਲ ਖ਼ੂਬ ਸਜਾ ਕੇ ਆਉਂਦੀਆਂ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਇੰਜ ਔਰਤਾਂ ਨੂੰ ਵੇਖ ਕੇ ਮਰਦ ਇਕ ਨਸ਼ੇ ਵਿਚ ਆ ਕੇ ਕਿੰਨਾ ਕਿੰਨਾ ਚਿਰ ਨੱਚਦੇ ਰਹਿੰਦੇ ਹਨ। ਨੱਚਣ ਤੋਂ ਪਹਿਲਾਂ ਮਰਦ ਰੱਜ ਕੇ ਲੁਗੜੀ ਪੀਂਦੇ ਤੇ ਜੀ ਭਰ ਕੇ ਖਾਂਦੇ ਹਨ।

ਕੁੰਜੂ ਤੇ ਚੰਚਲੋ ਦੋ ਗੱਦੀ ਪਰੇਮੀ ਹੋ ਚੁਕੇ ਹਨ ਤੇ ਅੱਜ ਕਲ੍ਹ ਦੇ ਗੀਤਾਂ ਵਿਚ ਗੱਦੀ ਲੋਕ ਉਨ੍ਹਾਂ ਦੀ ਮੁਹੱਬਤ ਨੂੰ ਯਾਦ ਕਰਦੇ ਹਨ। ਕੁੰਜੂ ਚੰਚਲੋ ਨੂੰ ਮਿਲਣ ਲਈ ਤੂਫ਼ਾਨੀ ਦਰਿਆ ਤੇ ਖ਼ੌਫ਼ਨਾਕ ਜੰਗਲਾਂ ਵਿਚੋਂ ਲੰਘ ਕੇ ਆਇਆ ਕਰਦਾ ਸੀ। ਉਹਨੂੰ ਜੰਗਲ ਦੇ ਜਾਨਵਰਾਂ ਦਾ ਇੰਨਾ ਡਰ ਨਹੀਂ ਸੀ ਜਿੰਨਾਂ ਆਪਣੇ ਰਕੀਬਾਂ ਦਾ। ਚੰਚਲੋ ਆਪਣੇ ਮਹਿਬੂਬ ਨੂੰ ਸਮਝਾਉਂਦੀ ਹੈ, "ਤੂੰ ਹਨੇਰੀ ਰਾਤ ਵਿਚ ਬਾਹਰ ਨਾ ਨਿਕਲਿਆ ਕਰ, ਤੇਰੇ ਦੁਸ਼ਮਣਾਂ ਕੋਲ ਭਰੀਆਂ ਹੋਈਆਂ ਬੰਦੂਕਾਂ ਹਨ।" ਚੰਚਲੋ ਦੀ ਰੀਝ ਸੀ ਕਿ ਉਹਦਾ ਇਕ ਪਿਆਰਾ ਜਿਹਾ ਘਰ ਹੋਵੇ, ਜਿਸ ਦੇ ਬੂਹੇ ਬਾਰੀਆਂ ਵਿਚ ਸ਼ੀਸ਼ੇ ਲਗੇ ਹੋਣ। ਇਹ ਰੀਝ ਗੱਦੀ ਲੋਕਾਂ ਦੇ ਕਈ ਗੀਤਾਂ ਵਿਚ ਵਰਣਨ ਕੀਤੀ ਗਈ ਹੈ। ਚੰਚਲੋ ਨੂੰ ਜਦੋਂ ਪਤਾ ਲਗਦਾ ਹੈ ਕਿ ਕੁੰਜੂ ਦੂਰ ਲਾਹੌਲ ਦੀ ਵਾਦੀ ਵਲ ਜਾ ਰਿਹਾ ਹੈ ਤਾਂ ਉਹ ਚਸ਼ਮੇ ਉਤੇ ਕਪੜੇ ਧੋਂਦੀ ਬੁਕ ਬੁਕ ਅੱਥਰੂ ਰੋਂਦੀ ਹੈ। ਚੰਚਲੋ ਆਪਣੇ ਪ੍ਰੇਮੀ ਨੂੰ ਨਿਸ਼ਾਨੀ ਲਈ ਕਹਿੰਦੀ ਹੈ ਤੇ ਕੁੰਜੂ ਉਹਨੂੰ ਮੁੰਦਰੀ ਨਿਸ਼ਾਨੀ ਦਿੰਦਾ ਹੈ ਤੇ ਚੰਚਲੋ ਉਹਦੇ ਬਦਲੇ ਉਹਨੂੰ ਇਕ ਨੀਲੇ ਰੰਗ ਦਾ ਰੁਮਾਲ ਦਿੰਦੀ ਹੈ।

ਕੁੰਜੂ ਤੇ ਚੰਚਲੋ ਦੇ ਗਾਣੇ ਵਾਂਗ ਫੁਲਮੋ ਤੇ ਰਾਝੂ ਦਾ ਪ੍ਰੇਮ ਗੀਤ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱਦੀਆਂ ਵਿਚ [illegible] ਕੀਤੀਆਂ' ਬੜੇ ਸ਼ੌਂਕ ਨਾਲ ਗਾਏ ਜਾਂਦੇ ਹਨ।

ਕਈ ਗੀਤਾਂ ਵਿਚ ਭਾਬੀ ਦੇਵਰ ਦੀ ਮੁਹੱਬਤ ਦੇ ਕਿੱਸੇ ਵੀ ਗਾਏ ਗਏ ਹਨ। ਹਰੀ ਸਿੰਘ ਦੀ ਆਪਣੇ ਵਡੇ ਭਰਾ ਦੀ ਤ੍ਰੀਮਤ ਨਾਲ ਮੁਹੱਬਤ ਅਕਸਰ ਗੀਤਾਂ ਵਿਚ ਬਿਆਨ ਕੀਤੀ ਗਈ ਹੈ। ਹਰੀ ਸਿੰਘ ਪਹਾੜ ਦੀ ਚੋਟੀ ਉਤੇ ਬੰਸਰੀ ਵਜਾਂਦਾ ਹੈ, ਤਾਂ ਜੋ ਬੰਸਰੀ ਦੀ ਆਵਾਜ਼ ਉਹਦੀ ਭਾਬੀ ਨੂੰ ਪਹੁੰਚ ਜਾਏ। ਹਰੀ ਸਿੰਘ ਸੋਚਦਾ ਹੈ ਕਿ ਉਹ ਪਹਾੜ ਦੀ ਚੋਟੀ ਉਤੇ ਇਕ ਘਰ ਬਣਾਏਗਾ। ਤੂਫ਼ਾਨੀ ਦਰਿਆ ਨੂੰ ਉਹ ਤਰ ਕੇ ਪਾਰ ਕਰਦਾ ਹੈ, ਕਿਉਂਕਿ ਪੁਲ ਉਤੇ ਪੁਲਸ ਦਾਂ ਪਹਿਰਾ ਹੈ। ਭਾਬੀ ਹਰੀ ਸਿੰਘ ਨੂੰ ਸਮਝਾਂਦੀ ਹੈ, ਤੂੰ ਮੇਰੇ ਵਿਆਹੁਤਾ ਜੀਵਨ ਨੂੰ ਇੰਜ ਬਰਬਾਦ ਨਾ ਕਰ। ਪਰ ਫਿਰ ਉਹ ਹਰੀ ਸਿੰਘ ਦੇ ਪ੍ਰੇਮ ਵਿਚ ਬੇਹਾਲ ਸਭ ਕੁਝ ਭੁਲ ਜਾਂਦੀ ਹੈ। ਆਪਣੇ ਮਹਿਬੂਬ ਨੂੰ ਉਹ ਬਬਰੂ ਤੇ ਖੀਰ ਖੁਆਂਦੀ ਹੈ ਤੇ ਫਿਰ ਉਹ ਦੋਵੇਂ ਬਾਹਰ ਜੰਗਲ ਵਿਚ ਨਿਕਲ ਜਾਂਦੇ ਹਨ।

ਪਿੰਡ ਦੀ ਬਾਉਲੀ, ਮੈਦਾਨਾਂ ਵਿਚ ਪਿੰਡ ਦੇ ਖੂਹ ਵਾਂਗ, ਔਰਤਾਂ ਦੇ ਮਿਲਣ ਦੀ ਇਕ ਖਾਸ ਥਾਂ ਹੈ ਜਿਥੇ ਔਰਤਾਂ ਰਲ ਬੈਠਦੀਆਂ ਤੇ ਗੱਪਾਂ ਮਾਰਦੀਆਂ ਹਨ। ਇਸ ਲਈ ਨੌਜਵਾਨ ਕੁੜੀਆਂ ਖੁਸ਼ੀ ਖੁਸ਼ੀ ਬਾਉਲੀ ਉਤੇ ਪਾਣੀ ਭਰਨ ਜਾਂਦੀਆਂ ਹਨ।

ਧੌਲੀਧਾਰ ਦੀਆਂ ਬਰਫ਼ ਲੱਦੀਆਂ ਚੋਟੀਆਂ ਦਾ ਜ਼ਿਕਰ ਮੁੜ ਮੁੜ ਗੱਦੀ ਗੀਤਾਂ ਵਿਚ ਆਉਂਦਾ ਹੈ। ਗੱਦੀ ਲੋਕ ਧੌਲੀਧਾਰ ਦੀ ਸੁੰਦਰਤਾ ਤੇ ਵਡਿਆਈ ਨੂੰ ਜਾਣਦੇ ਹਨ। ਇਹ ਲੋਕ ਧੌਲੀਧਾਰ ਨੂੰ ਮਾਂ ਕਰ ਕੇ ਸੱਦਦੇ ਹਨ, ਕਿਉਂਕਿ ਇਥੇ ਉਨ੍ਹਾਂ ਨੂੰ ਬਾਲਣ ਮਿਲਦਾ ਹੈ, ਇਸ ਦੀਆਂ ਢਲਾਨਾਂ ਉਤੇ ਉਨ੍ਹਾਂ ਦੀ ਖ਼ੁਰਾਕ ਪੈਦਾ ਹੁਦੀ ਹੈ ਤੇ ਹੇਠ ਪਾਲਮ ਦੀ ਵਾਦੀ ਇਸ ਪਹਾੜ ਦੇ ਚਸ਼ਮਿਆਂ ਦੇ ਪਾਣੀ ਨਾਲ ਪਾਰੇ ਵਾਂਗ ਚਮਕ ਉਠਦੀ ਹੈ।

('ਕਾਂਗੜਾ' ਵਿਚੋਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਸੋਹਨ ਸਿੰਘ ਜੋਸ਼)

ਜੈਤੋ ਦਾ ਮੋਰਚਾ

ਮਹਾਰਾਜਾ ਨਾਭਾ ਦੇ ਗੱਦੀ ਤੋਂ ਲਾਹੁਣ ਦੇ ਸਰਕਾਰੀ ਐਲਾਨ ਵੇਲੇ ਤੋਂ ਹੀ ਸਰਕਾਰ ਵਿਰੁੱਧ ਐਜੀਟੇਸ਼ਨ ਸ਼ੁਰੂ ਹੋ ਗਈ ਸੀ। ਇਹ ਮਹਾਰਾਜਾ-ਪੱਖੀ ਉਭਾਰ ਆਪ-ਮੁਹਾਰਾ ਸੀ। ਸ਼੍ਰੋਮਣੀ ਕਮੇਟੀ ਨੇ ਇਸ ਉਭਾਰ ਨੂੰ ਜਥੇਬੰਦ ਕੁਛ ਚਿਰ ਪਿਛੋਂ ਕੀਤਾ ਸੀ। ਪ੍ਰੋਫੈਸਰ ਰੁਚੀ ਰਾਮ ਸਾਹਨੀ ਨੇ ਨਾਭੇ ਦੇ ਲੋਕਾਂ ਦੀ ਪੰਡਤ ਮੋਤੀ ਲਾਲ ਨਹਿਰੂ ਨਾਲ ਨਾਭਾ ਸਟੇਸ਼ਨ ਤੇ ਹੋਈ ਗੱਲਬਾਤ ਬਿਆਨ ਕੀਤੀ ਹੈ, ਜਿਸ ਤੋਂ ਲੋਕਾਂ ਦੇ ਖਿਆਲਾਂ ਦਾ ਕੁਛ ਅਨੁਮਾਨ ਲੱਗ ਸਕਦਾ ਹੈ।

ਪੰਡਤ ਜੀ ਨੇ ਸਵਾਲ ਕੀਤਾ : ਕੀ ਤੁਸੀਂ ਉਹਨਾਂ ਮਾੜੀਆਂ ਗੱਲਾਂ ਵਿਚ ਯਕੀਨ ਕਰਦੇ ਹੋ ਜਿਹੜੀਆਂ ਮਹਾਰਾਜੇ ਦੇ ਚਾਲ ਚਲਨ ਬਾਰੇ ਕਹੀਆਂ ਜਾ ਰਹੀਆਂ ਹਨ ? ਉਹਨਾਂ ਨੇ ਜੁਆਬ ਦਿਤਾ : ਬਦਨਾਮੀ ਦੀ ਮੁਹਿੰਮ ਦਾ ਥੰਮ ਸਿਰਫ ਕੁਛ ਇਕ ਗੱਦਾਰਾਂ ਤੇ ਖੁਦ-ਗਰਜ਼ਾਂ ਵਲੋਂ ਹੀ ਕੀਤਾ ਜਾ ਰਿਹਾ ਹੈ। ਹੋਰ ਕਿਸੇ ਵਲੋਂ ਨਹੀਂ।

ਪੰਡਤ ਜੀ ਨੇ ਦੂਜਾ ਸੁਆਲ ਪੁੱਛਿਆ : ਕੀ ਤੁਸੀਂ ਮਹਾਰਾਜਾ ਨਾਭਾ ਨੂੰ ਮੁੜ ਗੱਦੀ ਤੇ ਲਿਆਣਾ ਚਾਹੁੰਦੇ ਹੋ ? ਉਹਨਾਂ ਨੇ ਇਕ ਜ਼ਬਾਨ ਹੋ ਕੇ ਇਕ ਆਵਾਜ਼ ਵਿਚ ਜਵਾਬ ਦਿਤਾ—ਉਹ ਆਪਣੇ ਦਿਲ ਤੇ ਰੂਹ ਨਾਲ ਉਹਨਾਂ ਦੀ ਵਾਪਸੀ ਨੂੰ ਚਾਹੁੰਦੇ ਹਨ।[1] ਇਸ ਤੋਂ ਪਤਾ ਚਲਦਾ ਹੈ ਕਿ ਉਹ ਲੋਕਾਂ ਵਿਚ

---

1. Prof Ruchi Ram Sahni : Struggle for Reform in Sikh Shrines Page 215.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੰਨਾ ਰਸੂਖ ਰਖਦਾ ਸੀ । ਕੁਛ ਕੁ ਖੁਦਗਰਜ਼ ਅਫਸਰਾਂ ਤੋਂ ਛੁਟ ਆਮ ਜਨਤਾ ਉਸ ਦੇ ਨਾਲ ਸੀ । ਸ਼ੁਰੂ ਸ਼ੁਰੂ ਵਿਚ ਨਾਭੇ ਦੇ ਲੋਕਾਂ ਵਲੋਂ ਪਰੋਟੈਸਟ ਵਜੋਂ ਕੀਤੇ ਜਾ ਰਹੇ ਗੁਰਦੁਆਰਾ ਗੰਗਸਰ ਵਿਚ ਦੀਵਾਨ ਹੀ ਦਸਦੇ ਸਨ ਕਿ ਮਹਾਰਾਜਾ ਨੂੰ ਲੋਕਾਂ ਦੀਆਂ ਖਾਹਸ਼ਾਂ ਦੇ ਉਲਟ ਗੱਦੀ ਤੋਂ ਲਾਹਿਆ ਗਿਆ ਸੀ । ਗੌਰਮਿੰਟ ਦਾ ਪ੍ਰਾਪੇਗੰਡਾ ਝੂਠਾ ਸੀ ਕਿ ਆਮ ਲੋਕ ਮਹਾਰਾਜੇ ਵਿਰੁਧ ਸਨ ।

ਉਨ੍ਹਾਂ ਦਿਨਾਂ ਵਿਚ ਖਬਰਾਂ ਪਹੁੰਚਾਊ ਸਾਰੀਆਂ ਏਜੰਸੀਆਂ ਗੌਰਮਿੰਟ ਦੇ ਰਹਿਮ ਤੇ ਕਰਮ ਉਤੇ ਨਿਰਭਰ ਰਖਦੀਆਂ ਸਨ । ਸਿਵਲ ਮਿਲਟਰੀ ਗੱਜ਼ਟ ਲਾਹੌਰ, ਸਟੇਟਸਮੈਨ ਦਿੱਲੀ, ਪਾਇਉਨੀਅਰ ਅਲਾਹਾਬਾਦ ਤੇ ਹੋਰ ਕਈ ਅੰਗਰੇਜ਼ੀ ਦੇ ਰੋਜ਼ਾਨਾ ਅਖਬਾਰ ਅੰਗਰੇਜ਼ ਦਾ ਪੱਖ ਪੂਰੀ ਤਰ੍ਹਾਂ ਇੰਨ ਬਿੰਨ ਪੇਸ਼ ਕਰਦੇ ਸਨ । ਪਾਇਉਨੀਅਰ ਨੇ ਇਹ ਖਬਰ ਛਾਪੀ ਕਿ 'ਅਕਾਲੀਆਂ ਨੇ ਜੈਤੋ ਵਿਚ ਗੁਰਦੁਆਰਾ ਗੰਗਸਰ ਉਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਹੈ । ਏਹੋ ਜੇਹੇ ਝੂਠਾਂ ਦੀ ਵਰਤੋਂ ਕਰਨੀ ਅੰਗਰਜ਼ ਹਾਕਮਾਂ ਲਈ ਕੋਈ ਨਵੀਂ ਗੱਲ ਨਹੀਂ ਸੀ । ਬਦਨਾਮ ਕਰਨ ਲਈ ਝੂਠ ਦਾ ਹਥਿਆਰ ਵਰਤ ਕੇ ਉਹ ਤਸ਼ੱਦਦ ਕਰਨ ਲਈ ਰਾਹ ਸਾਫ ਕਰਦੇ ਰਹਿੰਦੇ ਸਨ ।

ਪਹਿਲੀ ਸਤੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਜੈਤੋ ਨੂੰ ਇਕ ਜਥਾ ਤੋਰਿਆ ਸੀ । ਮਕਸਦ ਇਹ ਸੀ ਕਿ ਗੁਰਦੁਆਰਾ ਗੰਗਸਰ ਵਿਚ ਧਾਰਮਕ ਦੀਵਾਨ ਕਰਨ ਦੀ ਅਜ਼ਾਦੀ ਦਾ ਹੱਕ ਬਹਾਲ ਕੀਤਾ ਜਾਵੇ । ਰਿਆਸਤ ਵਿਚ ਨਵੇਂ ਐਡਮਨਿਸਟਰੇਟਰ (ਪਰਮੁਖ ਪਰਬੰਧਕ) ਨੇ ਰਿਆਸਤ ਵਿਚ ਇਕ ਤਰ੍ਹਾਂ ਦਾ ਮਾਰਸ਼ਲ ਲਾਅ ਲਾਇਆ ਹੋਇਆ ਸੀ । ਉਸ ਦੀਆਂ ਨਜ਼ਰਾਂ ਵਿਚ ਤਰਨ-ਤਾਰਨ ਤੇ ਨਨਕਾਣੇ ਦੇ ਗੁਰਦੁਆਰਿਆਂ ਵਿਚ ਹੋਏ ਸ਼ਹੀਦਾਂ ਦਾ, ਜਾਂ ਨਾਭੇ ਦੀ ਬਹਾਲੀ ਦਾ, ਅਰਦਾਸ ਵਿਚ ਜ਼ਿਕਰ ਕਰਨਾ ਧਾਰਮਕ ਨਹੀਂ ਸੀ, ਪੁਲੀਟੀਕਲ ਸੀ । ਇਸ ਲਈ ਸਭ ਜਲਸੇ ਜਲੂਸ ਰਿਆਸਤ ਵਿਚ ਬੰਦ ਸਨ । ਨਾਭੇ ਦੀ ਬਹਾਲੀ ਦੀਆਂ ਤਕਰੀਰਾਂ ਦੀ ਤਾਂ ਗੱਲ ਛੱਡੋ, ਉਸ ਦਾ ਅਰਦਾਸੇ ਵਿਚ ਵੀ ਜ਼ਿਕਰ ਕਰਨਾ ਇਕ ਵੱਡਾ ਜੁਰਮ ਬਣਾ ਦਿਤਾ ਗਿਆ ਸੀ ।

ਕੁਛ ਕੁ ਦਿਨਾਂ ਤਕ ਪੰਝੀ ਪੰਝੀ ਅਕਾਲੀਆਂ ਦੇ ਜਥੇ ਜਾਂਦੇ ਰਹੇ । ਰਿਆਸਤ ਦੇ ਹਾਕਮ ਉਹਨਾਂ ਨੂੰ ਫੜ ਲੈਂਦੇ ਰਹੇ ਅਤੇ ਦੂਰ ਲਿਜਾ ਕੇ ਰਿਆਸਤੋਂ ਬਾਹਰ ਛੱਡ ਆਉਂਦੇ ਰਹੇ । ਉਹ ਮੁੜ ਫੇਰ-ਧੱਕੇ ਖਾਂਦੇ ਨਾਭੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁੜ ਆਉਂਦੇ ਰਹੇ ਤਾਂ ਜੋ ਧਾਰਮਕ ਆਜ਼ਾਦੀ ਦੀ ਲੜਾਈ, ਹਰ ਕੁਰਬਾਨੀ ਦੇ ਕੇ, ਕਾਇਮ ਰੱਖੀ ਜਾਵੇ। ੪ ਸਤੰਬਰ ਦੀ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੇ ਜੈਤੋ ਦੇ ਮੋਰਚੇ ਦੇ ਮਾਮਲੇ ਨੂੰ ਹੱਥ ਵਿਚ ਲੈ ਲਿਆ ਅਤੇ ੯ ਸਤੰਬਰ ਨੂੰ ਨਾਭੇ ਦੀ ਬਹਾਲੀ ਲਈ ਪਹਿਲੋਂ ਬੜੇ ਧੜੱਲੇਦਾਰ ਜਲੂਸ ਨਿਕਲੇ ਅਤੇ ਪਿਛੋਂ ਵਡੇ ਭਾਰੇ ਜਲਸੇ ਕੀਤੇ ਗਏ।

੧. ਅਖੰਡ ਪਾਠ ਦਾ ਖੰਡਤ ਕਰਨਾ

੧੧ ਸਤੰਬਰ ਨੂੰ ੧੧੦ ਸਿੰਘਾਂ ਦਾ ਜਥਾ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ, ਮੁਕਤਸਰੋਂ ਹੋ ਕੇ, ਜੈਤੋ ਜਾਣ ਲਈ ਤੁਰਿਆ। ੧੪ ਨੂੰ ਫੇਰ ਇਕ ਜਥਾ ਜਿਸ ਵਿਚ ੧੦੨ ਸਿੰਘ ਸ਼ਾਮਲ ਹੋਏ—ਉਸੇ ਰਸਤੇ ਜੈਤੋ ਪਹੁੰਚਿਆ। ਉਹਨਾਂ ਨੇ ਗੁਰਦੁਆਰਾ ਗੰਗਸਰ ਵਿਚ ਦੀਵਾਨ ਕਰਕੇ ਮਹਾਰਾਜੇ ਦੀ ਬਹਾਲੀ ਲਈ ਤਕਰੀਰਾਂ ਕੀਤੀਆਂ ਅਤੇ ਅਖੰਡ ਪਾਠ ਰਖਿਆ। ਗੁਰਦੁਆਰੇ ਤੋਂ ਬਾਹਰ ਦੀਵਾਨ ਲਗਦੇ ਸਨ ਅਤੇ ਅੰਦਰ ਅਖੰਡ ਪਾਠ ਜਾਰੀ ਸੀ। ਰਿਆਸਤ ਦੀ ਬਾਵਰਦੀ ਹਥਿਆਰਬੰਦ ਪੁਲਸੀ ਧਾੜ, ਅਫਸਰਾਂ ਦੀ ਕਮਾਨ ਥੱਲੇ ਆਈ। ਉਹਨਾਂ ਨੇ ੩੦ ਚੁਣਵੇਂ ਅਕਾਲੀ ਆਗੂ ਬਾਹਰੋਂ ਫੜ ਲਏ ਅਤੇ ੩੦, ਪਾਠੀ ਸਮੇਤ, ਗੁਰਦੁਆਰੇ ਦੇ ਅੰਦਰੋਂ ਫੜ ਲਏ। ਧਰਮ ਵਿਚ ਦਖਲ ਦੇਣ ਦੀ ਜਿਹੜੀ ਬੇਵਕੂਫੀ ਮਿ: ਡੰਨਿਟ ਨੇ ਅੰਮ੍ਰਿਤਸਰ ਵਿਚ ਦੋ ਵਾਰ ਕੀਤੀ ਸੀ, ਏਥੇ ਉਹੋ ਬੇਵਕੂਫੀ ਨਾਭੇ ਦੇ ਹਾਕਮਾਂ ਨੇ ਕੀਤੀ। ਪਾਠੀ ਸਿੰਘ ਦੇ ਫੜ ਕੇ ਧੂਹ ਖੜਨ ਨਾਲ ਅਖੰਡ ਪਾਠ ਖੰਡਤ ਹੋ ਗਿਆ ਅਤੇ ਸ਼੍ਰੋਮਣੀ ਕਮੇਟੀ ਲਈ ਮੋਰਚੇ ਦੇ ਗਰਮ ਤੋਂ ਗਰਮ ਕਰਨ ਦਾ ਰਾਹ ਵਧੇਰੇ ਸਾਫ ਤੇ ਸਪੱਸ਼ਟ ਹੋ ਗਿਆ।

੧੫ ਸਤੰਬਰ ਤੋਂ ਪਿਛੋਂ ੨੫ ਸਿੰਘਾਂ ਦਾ ਜਥਾ ਹਰ ਰੋਜ਼ ਅਕਾਲ ਤਖਤ ਤੋਂ ਜਾਣਾ ਸ਼ੁਰੂ ਹੋ ਗਿਆ ਤਾਂ ਜੋ ਖੰਡਤ ਪਾਠ ਦਾ ਪਰਾਸ਼ਚਿਤ ਕੀਤਾ ਜਾਏ ਅਤੇ ਪਾਠ ਸੰਪੂਰਣ ਕੀਤਾ ਜਾਵੇ। ਇਹ ਸਿਲਸਿਲਾ ਕੋਈ ਸੱਤ ਮਹੀਨੇ ਤਕ ਜਾਰੀ ਰਿਹਾ। ਰਿਆਸਤੀ ਹਾਕਮ ਜਥਿਆਂ ਨੂੰ ਫੜਦੇ ਅਤੇ ਉਹਨਾਂ ਨੂੰ ਟਰੱਕਾਂ ਲਾਰੀਆਂ ਵਿਚ ਸੁਟ ਸੁਟ, ਸੌ ਸੌ, ਡੇਢ ਡੇਢ ਸੌ ਮੀਲ ਦੀ ਵਾਟ ਬੇ-ਆਬਾਦ ਜੰਗਲੀ ਇਲਾਕਿਆਂ ਵਿਚ ਛਡ ਆਉਂਦੇ, ਉਹ ਭੁਖਣ-ਭਾਣੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਗੈਰ ਪੈਸੇ ਟਕੇ ਦੇ, ਮੁਸੀਬਤਾਂ ਝਾਗਦੇ, ਡਿਗਦੇ ਢਹਿੰਦੇ ਮੁੜ ਵਾਪਸ ਆਉਂਦੇ। ਨਾਭਾ ਦੇ ਹਾਕਮ ਲਗਦੀ ਵਾਹੇ, ਉਹਨਾਂ ਨੂੰ ਜੇਲ੍ਹਾਂ ਵਿਚ ਡੱਕਣ ਦੇ ਖਿਲਾਫ ਸਨ ਕਿਉਂਕਿ ਰਿਆਸਤ ਵਿਚ ਉਹਨਾਂ ਦੇ ਰਖਣ-ਡੱਕਣ ਦੀ ਸਮਰੱਥਾ ਨਹੀਂ ਸੀ।

੨. ਕਾਂਗਰਸੀ ਆਗੂਆਂ ਦੀ ਗਰਿਫਤਾਰੀ

ਮਹਾਰਾਜਾ ਨਾਭਾ ਦਾ ਗੱਦੀਉਂ ਲਹਿਣਾ ਸਾਰੇ ਹਿੰਦੁਸਤਾਨ ਦੀ ਦਿਲ-ਚਸਪੀ ਦਾ ਮਸਲਾ ਬਣ ਗਿਆ ਸੀ। ਕਾਂਗਰਸ ਦੇ ਆਗੂ ਅਕਾਲੀ ਲਹਿਰ ਨਾਲ ਮੁਢ ਤੋਂ ਹੀ ਹਮਦਰਦੀ ਰਖਦੇ ਸਨ ਅਤੇ ਵੇਲੇ ਕੁਵੇਲੇ ਇਸ ਦੀ ਮਦਦ ਨੂੰ ਪਹੁੰਚ ਜਾਂਦੇ ਸਨ। ਕਾਂਗਰਸ ਦੀ ਲਗ ਭਗ ਹਰ ਬੈਠਕ ਵਿਚ ਇਸ ਲਹਿਰ ਨਾਲ ਹਮਦਰਦੀ ਦੇ ਮਤੇ ਪਾਸ ਕੀਤੇ ਗਏ ਅਤੇ ਗੁਰੂ ਕੇ ਬਾਗ ਦੇ ਸ਼ਾਂਤਮਈ ਸੰਗਰਾਮ ਦੀ ਬੜੀ ਸ਼ਲਾਘਾ ਕੀਤੀ ਗਈ। ਜਿਹੜੇ ਲੋਕ ਅੰਗਰੇਜ਼ ਹਾਕਮਾਂ ਦੇ ਪਰਚਾਰ ਥੱਲੇ ਕਦੇ ਮੰਨਣ ਨੂੰ ਤਿਆਰ ਹੀ ਨਹੀਂ ਸਨ ਕਿ ਸਿੱਖਾਂ ਵਰਗੀ ਲੜਾਕੂ ਜਾਤੀ ਭੜਕਾਹਟ ਦੇ ਬਾਵਜੂਦ ਸ਼ਾਂਤਮਈ ਸਤਿਆਗ੍ਰਹਿ ਦੇ ਅਸੂਲਾਂ ਨੂੰ ਕਾਇਮ ਰੱਖ ਸਕੇਗੀ—ਉਹ ਵੀ ਗੁਰੂ ਕੇ ਬਾਗ ਦੇ ਸ਼ਾਂਤਮਈ ਮੋਰਚੇ ਨੂੰ ਵੇਖ ਕੇ ਆਪਣੇ ਖਿਆਲ ਬਦਲਣ ਲਈ ਮਜਬੂਰ ਹੋ ਗਏ।

ਦਿੱਲੀ ਵਿਚ ਕਾਂਗਰਸ ਦੀ ਉਚੇਚੀ ਬੈਠਕ ੧੯੨੩ ਵਿਚ ਹੋਈ। ਇਸ ਨੇ ਅਕਾਲੀ ਤਹਿਰੀਕ ਦਾ ਹਰ ਤਰੀਕੇ ਨਾਲ ਇਮਦਾਦ ਕਰਨ ਦਾ ਫ਼ੈਸਲਾ ਕੀਤਾ। ਡਾਕਟਰ ਸੈਫਉਦੀਨ ਕਿਚਲੂ[1] ਨੇ ਇਸ ਤਹਿਰੀਕ ਬਾਰੇ ਰਿਪੋਰਟ ਪੇਸ਼ ਕੀਤੀ ਅਤੇ ਅਕਾਲੀਆਂ ਦੇ ਸ਼ਾਨਦਾਰ ਸੰਗਰਾਮਾਂ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਬਿਆਨ ਕੀਤਾ। ਆਗੂ ਇਸ ਰਿਪੋਰਟ ਤੋਂ ਬੜੇ ਪਰਭਾਵਤ ਹੋਏ ਅਤੇ ਉਹਨਾਂ ਵਿਚੋਂ ਕੁਛ ਕੁ ਨੇ ਖੁਦ ਜਾ ਕੇ ਸਾਰੇ ਹਾਲਾਤ ਦਾ ਅਧਿਅਨ ਕਰਨ ਦਾ ਫੈਸਲਾ ਕੀਤਾ। ਪੰਡਤ ਜਵਾਹਰ ਲਾਲ ਨਹਿਰੂ, ਪ੍ਰੋ: ਗਿਡਵਾਨੀ, ਲਾਹੌਰ ਦੇ

---

੧. ਡਾਕਟਰ ਕਿਚਲੂ ਸਿੱਖਾਂ ਵਿਚ ਏਨਾ ਹਰ-ਦਿਲ-ਪਿਆਰਾ ਹੋ ਗਿਆ ਸੀ ਕਿ ਕਈ ਸਿੱਖਾਂ ਨੇ ਉਹਨਾਂ ਦਾ ਨਾਮ 'ਕਿਚਲੂ ਸਿੰਘ' ਰਖ ਦਿਤਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇ. ਸਨਤਾਨਮ ਆਦ ਮੀਟਿੰਗ ਪਿਛੋਂ ਜੈਤੋ ਨੂੰ ਤੁਰ ਪਏ। ਰਸਤੇ ਵਿਚ ਮੁਕਤਸਰ ਤੋਂ ਉਹਨਾਂ ਨੇ ਸ: ਦਰਬਾਰਾ ਸਿੰਘ ਸੱਲ੍ਹਣ ਨੂੰ ਨਾਲ ਲੈ ਲਿਆ।

ਇਸ ਸਫਰ ਦੇ ਹਾਲਾਤ ਜਾਨਣ ਤੋਂ ਪਹਿਲੋਂ ਇਕ ਅਹਿਮ ਗੱਲ ਜਾਣ ਲੈਣੀ ਜ਼ਰੂਰੀ ਹੈ। ਉਹ ਇਹ ਕਿ ਸ਼ੁਰੂ ਜਨਵਰੀ ੧੯੨੩ ਵਿਚ ਲੰਡਨ ਦੀ ਪਾਰਲੀਮੈਂਟ ਨੇ ਦੇਸੀ ਰਿਆਸਤਾਂ ਬਾਰੇ ਇਕ ਕਾਨੂੰਨ ਪਾਸ ਕੀਤਾ ਸੀ ਜਿਸ ਰਾਹੀਂ ਦੇਸੀ ਰਿਆਸਤਾਂ ਦੇ ਅੰਦਰੂਨੀ ਮਾਮਲਿਆਂ ਬਾਰੇ ਕੋਈ ਦਖਲ ਨਹੀਂ ਸੀ ਦਿਤਾ ਜਾ ਸਕਦਾ ਤੇ ਉਹਨਾਂ ਦੇ ਅੰਦਰ ਹੋ ਰਹੇ ਜ਼ੁਲਮਾਂ ਤੋਂ ਪੜਦਾ ਨਹੀਂ ਸੀ ਚੁਕਿਆ ਜਾ ਸਕਦਾ। ਨਾ ਹੀ ਰਿਆਸਤਾਂ ਦੇ ਖਿਲਾਫ਼ ਕੋਈ ਪਰਚਾਰ ਹੋ ਸਕਦਾ ਸੀ। ਇਸ ਕਾਨੂੰਨ ਦੇ ਪਾਸ ਕਰਨ ਦੇ ਹੱਕ ਵਿਚ 279 ਮੈਂਬਰ ਸਨ ਅਤੇ ਖਿਲਾਫ਼ 129।

ਦੂਜੀ ਅਹਿਮ ਗੱਲ ਇਹ ਜਾਣ ਲੈਣੀ ਚਾਹੀਦੀ ਹੈ ਕਿ ਰਿਆਸਤ ਨਾਭਾ ਦਾ ਨਵਾਂ ਐਡਮਨਿਸਟਰੇਟਰ ਵਿਲਸਨ ਜੌਹਨਸਟਨ ਮੁਕੱਰਰ ਕੀਤਾ ਗਿਆ ਸੀ। ਇਹ ਪਹਿਲੋਂ ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਸੀ ਅਤੇ ਇਸ ਦਾ ਨਾਭੇ ਵਿਚ ਪੰਜਾਬ ਗੌਰਮਿੰਟ ਵਲੋਂ ਭੇਜਣਾ ਬੜਾ ਅਰਥ ਭਰਪੂਰ ਸੀ। ਪੰਜਾਬ ਦੀਆਂ ਦੇਸੀ ਰਿਆਸਤਾਂ ਉਸ ਵੇਲੇ ਤਕ ਪੰਜਾਬ ਸਰਕਾਰ ਦੇ ਮਾਤਹਿਤ ਸਨ। ਵਿਲਸਨ ਪੰਜਾਬ ਸਰਕਾਰ ਦੀਆਂ ਅਕਾਲੀ-ਲਹਿਰ ਨੂੰ ਕੁਚਲਣ ਦੀਆਂ ਪਾਲਿਸੀਆਂ ਤੋਂ ਚੰਗੀ ਤਰ੍ਹਾਂ ਜਾਣੂ ਸੀ ਅਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸਰਕਾਰ ਦੇ ਸਤਕਾਰ ਤੇ ਵਕਾਰ ਨੂੰ ਜਿਹੜਾ ਧੱਬਾ ਲੱਗਾ ਸੀ—ਉਹ ਉਸਨੂੰ ਅੱਤਵਾਦੀ ਡਿਕਟੇਟਰੀ ਹਥਿਆਰ ਵਰਤ ਕੇ, ਅਕਾਲੀ ਲਹਿਰ ਨੂੰ ਕੁਚਲ ਕੇ—ਧੋਣਾ ਚਾਹੁੰਦਾ ਸੀ। ਅਤੇ ਜਿਵੇਂ ਕਿ ਅਸੀਂ ਅਗੇ ਚਲ ਕੇ ਵੇਖਾਂਗੇ ਉਸ ਨੂੰ ਪੰਜਾਬ ਦੇ ਗਵਰਨਰ ਤੇ ਵਾਇਸਰਾਏ ਦੀ ਪੂਰੀ ਹਮਾਇਤ ਪਹਿਲੋਂ ਹੀ ਹਾਸਲ ਹੋ ਚੁੱਕੀ ਹੋਈ ਸੀ।

ਇਸ ਲਈ ਪੰਡਿਤ ਨਹਿਰੂ, ਸ੍ਰੀ ਕੇ. ਸਨਤਾਨਮ, ਪ੍ਰੋ: ਗਿਡਵਾਨੀ ਅਤੇ ਦਰਬਾਰਾ ਸਿੰਘ ਨੂੰ ਨਾਭੇ ਵਿਚ ਪੈਰ ਰਖਦਿਆਂ ਹੀ ਫੜ ਲਿਆ ਗਿਆ ਅਤੇ ਆਮ ਮੁਜਰਮ ਕੈਦੀਆਂ ਵਾਂਗ ਪੰਡਤ ਜੀ ਤੇ ਸਨਤਾਨਮ ਨੂੰ ਇਕੋ ਹਥਕੜੀ ਨਾਲ ਜੁੱਟ ਦਿਤਾ ਗਿਆ। ਸਾਰਾ ਦਿਨ ਗੰਦੀ ਹਵਾਲਾਤ ਵਿਚ ਰਖਿਆ ਅਤੇ ਸ਼ਾਮ ਨੂੰ ਫੇਰ ਹਥਕੜੀ ਵਿਚ ਜੁੱਟ ਕਰਕੇ ਆਮ ਰਸਤਿਆਂ ਰਾਹੀਂ ਸਟੇਸ਼ਨ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੈਦਲ ਤੁਰਾ ਕੇ ਖੜਿਆ ਗਿਆ। ਪੰਡਤ ਜੀ ਨੇ ਇਸ ਘਟਨਾ ਦਾ ਬੜਾ ਵਿਸਥਾਰ ਪੂਰਬਕ ਜ਼ਿਕਰ ਆਪਣੀ ਜੀਵਨੀ ਵਿਚ ਕੀਤਾ ਹੈ। ਉਹਨਾਂ ਦੇ ਅਨੁਭਵੀ ਤੇ ਅਹਿਸਾਸੀ ਮਨ ਨੂੰ ਉਸ ਵੇਲੇ ਇੰਜ ਮਹਿਸੂਸ ਹੋਇਆ ਕਿ ਜਿਵੇਂ 'ਕਿਸੇ ਕੁੱਤੇ ਨੂੰ ਜੈਤੋ ਦੀਆਂ ਗਲੀਆਂ ਵਿਚ' ਡੋਰੀ ਫੜ ਕੇ ਫਿਰਾਇਆ ਜਾ ਰਿਹਾ ਹੋਵੇ। ਨਾਭੇ ਜੇਲ੍ਹ ਵਿਚ ਖੜਨ ਤਕ ਉਹਨਾਂ ਨੂੰ ਹਥਕੜੀਆਂ ਨਾਲ ਜੂੜੀ ਰਖਿਆ ਗਿਆ।

ਤਿੰਨਾਂ ਦਿਨਾਂ ਦੇ ਗੰਦੇ, ਸੜਾਂਦ-ਮਾਰਦੇ ਸੈੱਲ ਵਿਚੋਂ ਕਢ ਕੇ ਉਹਨਾਂ ਨੂੰ ਇਕ ਅਨਪੜ੍ਹ-ਜਿਹੇ, ਕਾਨੂੰਨ ਤੋਂ ਨਾਵਾਕਫ ਜੱਜ ਦੇ ਸਾਹਮਣੇ ਪੇਸ਼ ਕੀਤਾ ਗਿਆ। "ਉਹਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਅਤੇ ਮੈਨੂੰ ਸ਼ੱਕ ਹੈ ਕਿ ਉਹ ਸ਼ਾਇਦ ਅਦਾਲਤੀ ਉਰਦੂ ਬੋਲੀ ਵੀ ਲਿਖਣੀ ਨਹੀਂ ਸੀ ਜਾਣਦਾ। ਅਸੀਂ ਉਸਨੂੰ ਹਫਤਾ ਭਰ ਵੇਖਦੇ ਰਹੇ, ਇਸ ਅਰਸੇ ਵਿਚ ਉਸਨੇ ਆਪਣੇ ਹੱਥੀਂ ਇਕ ਸਤਰ ਵੀ ਨਾ ਲਿਖੀ।" ਕਾਰਵਾਈ ਉਸ ਦਾ ਅਹਿਲਮਦ ਲਿਖਦਾ ਸੀ। ਪੰਡਤ ਜੀ ਤੇ ਉਹਨਾਂ ਦੇ ਸਾਥੀਆਂ ਦੀਆਂ ਦਰਖ਼ਾਸਤਾਂ ਉਤੇ ਉਸ ਵੇਲੇ ਕੋਈ ਹੁਕਮ ਨਹੀਂ ਸੀ ਦੇਂਦਾ। ਅਗਲੇ ਦਿਨ ਉਹ ਫਾਈਲਾਂ ਨੂੰ ਕਿਸੇ ਹੋਰਸ ਦੇ ਲਿਖੇ ਹੁਕਮ ਸਮੇਤ ਲੈ ਆਉਂਦਾ।[1]

ਅਸਲ ਵਿਚ ਇਹ ਕੋਈ ਅਦਾਲਤਾਂ ਨਹੀਂ ਸਨ, ਅਦਾਲਤਾਂ ਦੀ ਮਖੌਲ-ਬਾਜ਼ੀ ਜਾਂ ਮਿੱਟੀ-ਪੁੱਟਣੀ ਸੀ। ਨਾਭੇ ਵਿਚ ਸਰਕਾਰ ਬਾਹਰੋਂ, ਪੰਜਾਬ ਵਿਚੋਂ ਆਪਣੇ ਮੁਕੱਦਮਿਆਂ ਦੀ ਕਾਮਯਾਬੀ ਲਈ ਚੰਗੇ ਤੋਂ ਚੰਗੇ ਵਕੀਲ ਮੰਗਵਾ ਸਕਦੀ ਸੀ ਪਰ ਮੁਲਜ਼ਮਾਂ ਨੂੰ ਬਾਹਰੋਂ ਵਕੀਲ ਮੰਗਵਾਣ ਦਾ ਕੋਈ ਹੱਕ ਨਹੀਂ ਸੀ। ਐਡਮਨਿਸਟਰੇਟਰ ਬਾਹਰੋਂ ਆਪਣੀ ਰਿਆਸਤ ਦੇ ਜ਼ੁਲਮਾਂ ਤੇ ਉਪੱਦਰਾਂ ਉਤੇ ਪੜ੍ਹਦਾ ਪਾਉਣ ਲਈ ਆਗਿਆਕਾਰ ਮੈਜਿਸਟਰੇਟ ਮੰਗਵਾ ਸਕਦਾ ਸੀ, ਪਰ ਮੁਲਜਮਾਂ ਦੇ ਇਸ ਡਿਕਟੇਟਰੀ ਰਾਜ ਵਿਚ ਸਭ ਹੱਕ ਇਕ ਵਢੋਂ ਹੀ ਖੋਹ ਲਏ ਗਏ ਸਨ।

੩. ਪੰਡਤ ਮੋਤੀ ਲਾਲ ਨੂੰ ਨਾਭੇ ਵਿਚੋਂ ਨਿਕਲ ਜਾਣ ਦਾ ਹੁਕਮ

ਪੰਡਤ ਜਵਾਹਰ ਲਾਲ ਦੀ ਨਾਭੇ ਵਿਚ ਗਰਿਫਤਾਰੀ ਦੀ ਖਬਰ ਸੁਣ ਕੇ

੧. ਪੰਡਤ ਜਵਾਹਰ ਲਾਲ ਦੀ ਆਤਮ-ਕਥਾ ਸਫਾ—੧੦੦-੧੦੧

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਡਤ ਮੋਤੀ ਲਾਲ ਨੂੰ ਬੜਾ ਤੇਖਲਾ ਹੋਇਆ। ਉਹਨਾਂ ਨੂੰ ਰਿਆਸਤਾਂ ਦੀ ਤਾਨਾਸ਼ਾਹੀ ਤੇ ਡਿਕਟੇਟਰਸ਼ਾਹੀ ਦੀ ਬੜੀ ਵਾਕਫ਼ੀ ਸੀ। ਉਹਨਾਂ ਨੇ ਵਾਇਸ-ਰਾਏ ਨੂੰ 23 ਸਤੰਬਰ 1923 ਨੂੰ ਇਕ ਤਾਰ ਰਾਹੀਂ ਖਬਰ ਦਿਤੀ ਕਿ ਉਹ ਨਾਭੇ ਪੰਡਤ ਜਵਾਹਰ ਲਾਲ ਨੂੰ ਮਿਲਣ ਵਾਸਤੇ ਜਾ ਰਹੇ ਹਨ। ਉਹਨਾਂ ਦਾ ਮਕਸਦ 'ਆਪਣੇ ਲੜਕੇ ਪੰਡਤ ਜਵਾਹਰ ਲਾਲ ਨੂੰ ਮਿਲਣਾ ਹੈ। ਹੁਣ ਤਕ ਮੈਂ ਅਕਾਲੀ ਤਹਿਰੀਕ ਵਿਚ ਕੋਈ ਹਿੱਸਾ ਨਹੀਂ ਲਿਆ। ਇਸ ਵੇਲੇ ਮੁਲਾਕਾਤ ਤੋਂ ਛੁੱਟ ਮੇਰਾ ਹੋਰ ਕੋਈ ਮਕਸਦ ਨਹੀਂ। ਆਸ ਹੈ ਇਸ ਕੁਦਰਤੀ ਹੱਕ ਨੂੰ ਅਮਲ ਵਿਚ ਲਿਆਣ ਵਿਚ ਥੱਲੇ ਦੇ ਅਫ਼ਸਰ ਕੋਈ ਦਖਲ ਨਹੀਂ ਦੇਣਗੇ।'

ਇਸ ਤਾਰ ਦੇ ਪਹੁੰਚਣ ਤੇ ਐਡਮਨਿਸਟਰੇਟਰ ਤੇ ਹਿੰਦ ਸਰਕਾਰ ਦੇ ਦਰ-ਮਿਆਨ ਦੋਹਾਂ ਦਿਨਾਂ ਵਿਚ ਹੀ ਸੱਤ ਤਾਰਾਂ ਖੜਕ ਗਈਆਂ। ਐਡਮਨਿਸਟਰੇਟਰ ਨੇ ਲਿਖਿਆ ਕਿ ਪੰਡਤ ਮੋਤੀ ਲਾਲ ਜੀ ਦੀ ਹਾਜ਼ਰੀ ਨਾਭੇ 'ਚ ਬੜੀ ਅਨ-ਚਾਹਵੀਂ ਹੈ। ਮੈਂ ਹੁਕਮ ਜਾਰੀ ਕਰਦਾ ਹਾਂ ਕਿ ਉਹ ਨਾਭੇ ਵਿਚ ਨਾ ਵੜਨ। ਹਿੰਦ ਸਰਕਾਰ ਨੇ ਜਵਾਬ ਦਿਤਾ ਕਿ ਉਸਨੂੰ ਨਾਭੇ ਵਿਚ ਵੜਨੋ ਨਾ ਰੋਕੋ, ਅਤੇ ਉਸ ਨੂੰ ਜਵਾਹਰ ਲਾਲ ਨੂੰ ਮਿਲਣ ਦੀ ਆਗਿਆ ਇਹਨਾਂ ਸ਼ਰਤਾਂ ਤੇ ਦਿਉ ਕਿ ਉਹ ਰਿਆਸਤ ਦੇ ਅੰਦਰ ਕਿਸੇ ਰਾਜਸੀ ਕੰਮ ਵਿਚ ਹਿੱਸਾ ਨਹੀਂ ਲੈਣਗੇ ਅਤੇ ਮੁਲਾਕਾਤ ਕਰਨ ਦੇ ਝਟ-ਪਟ ਪਿੱਛੋਂ ਹੀ ਰਿਆਸਤ ਵਿਚੋਂ ਚਲੇ ਜਾਣਗੇ।

24 ਸਤੰਬਰ ਨੂੰ ਫੇਰ ਵਿਲਸਨ ਨੇ ਹਿੰਦ ਸਰਕਾਰ ਨੂੰ ਤਾਰ ਦਿਤੀ। ਪੰਡਤ ਮੋਤੀ ਲਾਲ ਕੋਈ ਵੀ ਸ਼ਰਤਾਂ ਮੰਨਣ ਤੋਂ ਉੱਕਾ ਹੀ ਇਨਕਾਰ ਕਰਦਾ ਹੈ। ਇਸ ਲਈ ਉਸ ਨੂੰ ਨੋਟਿਸ ਦੇ ਦਿਤਾ ਹੈ ਕਿ ਉਹ ਅਗਲੀ ਗੱਡੀ ਤੇ ਨਾਭਿਉਂ ਨਿਕਲ ਜ਼ਾਏ। ਇਸ ਦੇ ਸਾਫ ਅਰਥ ਇਹ ਸਨ ਕਿ ਪਿਤਾ ਕੋਲੋਂ ਮੁਲਾਕਾਤ, ਮੁਕੱਦਮੇ ਦੀ ਪੈਰਵੀ ਕਰਨ, ਮੁਕੱਦਮੇ ਵਿਚ ਪੇਸ਼ ਹੋਣ ਜਾਂ ਮਸ਼ਵਰਾ ਦੇਣ–ਏਥੋਂ ਤਕ ਕਿ ਉਸ ਦਾ ਪੱਖ ਸੁਣਨ ਦੇ ਸਭ ਹੱਕ ਖੋਹ ਲਏ ਗਏ ਸਨ।

ਹਿੰਦ ਸਰਕਾਰ ਨੇ ਅਗੋਂ ਪੁਛਿਆ ਕਿ ਜਵਾਹਰ ਲਾਲ ਤੇ ਉਸ ਦੇ ਸਾਥੀਆਂ ਦੇ ਮੁਕੱਦਮੇ ਸੰਬੰਧੀ ਕੀ ਪਰਬੰਧ ਕੀਤੇ ਗਏ ਹਨ ? ਮੁਕੱਦਮੇ ਦੇ ਅੰਤ ਹੋਣ ਤੇ ਉਸ ਨੂੰ ਰਿਆਸਤ ਵਿਚੋਂ ਕਢ ਦੇਣ ਨਾਲ ਮਾਮਲਾ ਠੀਕ ਹੋ ਜਾਏਗਾ ? ਵਿਲਸਨ ਨੇ ਜਵਾਬ ਦਿੱਤਾ : ਸਜ਼ਾ ਦਾ ਐਲਾਨ ਕਰ ਦਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਵੇ ਅਤੇ ਸ਼ਰਤ ਰਖੀ ਜਾਵੇ ਕਿ ਕੈਦੀ ਝਟ ਪਟ ਰਿਆਸਤ ਵਿਚੋਂ ਨਿਕਲ ਜਾਣ ਅਤੇ ਮੁੜ ਕੇ ਵਾਪਸ ਨਾ ਆਉਣ, ਜੇ ਇਹ ਸ਼ਰਤਾਂ ਤੋੜ ਦਿਤੀਆਂ ਜਾਣਗੀਆਂ ਤਾਂ ਸਜ਼ਾ ਬਹਾਲ ਕਰ ਦਿਤੀ ਜਾਵੇਗੀ।

ਹਿੰਦ ਸਰਕਾਰ ਨੇ ਕਿਹਾ: ਦਰੁਸਤ ਰਾਹ ਇਹ ਹੈ ਕਿ ਅਦਾਲਤ ਸਜ਼ਾ ਸੁਣਾ ਦੇਵੇ ਅਤੇ ਐਲਾਨ ਕਰੇ ਕਿ ਮੁਕਾਮੀ ਸਰਕਾਰ ਨੇ ਸਜ਼ਾ ਨੂੰ ਬਗੈਰ ਕਿਸੇ ਸ਼ਰਤ ਦੇ ਮੁਅੱਤਲ ਕਰ ਦਿਤਾ ਹੈ। ਅਤੇ ਉਹਨਾਂ ਨੂੰ ਰਿਆਸਤ ਵਿਚੋਂ ਕਢ ਦਿਤਾ ਜਾਵੇ, ਨਾਲ ਹੀ ਐਗਜ਼ੈਕਟਿਵ ਹੁਕਮ ਜਾਰੀ ਕੀਤਾ ਜਾਵੇ ਕਿ ਜੇ ਉਹਨਾਂ ਨੇ ਹੁਕਮ-ਅਦੂਲੀ ਕੀਤੀ ਤਾਂ ਸਜ਼ਾ ਲਾਗੂ ਹੋ ਜਾਏਗੀ।"[1]

ਇਹ ਉਤਲਾ ਬਿਰਤਾਂਤ ਅਸਾਂ ਇਸ ਲਈ ਦਿਤਾ ਹੈ ਕਿ ਰਿਆਸਤ ਵਿਚ ਡਿਕਟੇਟਰਸ਼ਿਪ ਦੀ ਤੇਜ਼-ਧਾਰ ਦਾ ਪਾਠਕਾਂ ਨੂੰ ਕੁਛ ਪਤਾ ਲਗ ਜਾਏ। ਜੇ ਚੋਟੀ ਦੇ ਕਾਂਗਰਸੀ ਲੀਡਰਾਂ ਨਾਲ ਏਹੋ ਜਿਹਾ ਅਸਭਿਆ ਤੇ ਬੇਇਜ਼ਤੀ ਭਰਿਆ ਸਲੂਕ ਕੀਤਾ ਜਾਂਦਾ ਸੀ ਤਾਂ ਅਨੁਮਾਨ ਲਾਉਣਾ ਔਖਾ ਨਹੀਂ ਕਿ ਜਥਿਆਂ ਨਾਲ ਕੀ ਵਾਪਰਦੀ ਹੋਵੇਗੀ।

੪. ਪੰਡਤ ਜਵਾਹਰ ਲਾਲ ਤੇ ਸਾਥੀਆਂ ਤੇ ਮੁਕੱਦਮੇ

ਪੰਡਤ ਜਵਾਹਰ ਲਾਲ ਤੇ ਉਹਨਾਂ ਦੇ ਸਾਥੀਆਂ ਦਾ ਅਜੇ ਪਹਿਲਾ ਮੁਕੱਦਮਾ ਮੁੱਕਾ ਨਹੀਂ ਸੀ ਕਿ ਉਹਨਾਂ ਉਤੇ ਇਕ ਹੋਰ ਸੰਗੀਨ ਸਾਜ਼ਸ਼ ਦਾ ਮੁਕੱਦਮਾ ਸ਼ੁਰੂ ਹੋ ਗਿਆ। ਪਹਿਲੇ ਮੁਕੱਦਮੇ ਵਿਚ ਵੱਧ ਤੋਂ ਵੱਧ ਛੇ ਮਹੀਨੇ ਦੀ ਸਜ਼ਾ ਹੋ ਸਕਦੀ ਸੀ; ਪਰ ਨਾਭੇ ਦਾ ਡਿਕਟੇਟਰ ਇਹਨਾਂ ਨੂੰ ਨਾਭੇ ਵਿਚ ਵੜਨ ਦੀ ਜੁਰਅਤ ਕਰਨ ਦੀ ਬੇਮਿਸਾਲ ਸਜ਼ਾ ਦੇਣਾ ਚਾਹੁੰਦਾ ਸੀ। ਤਿੰਨ ਆਦਮੀ ਸਾਜ਼ਸ਼ ਲਈ ਕਾਫ਼ੀ ਨਾ ਸਮਝੇ ਗਏ, ਇਸ ਲਈ ਉਹਨਾਂ ਨਾਲ ਇਕ ਚੌਥਾ ਸਿੱਖ ਸ: ਦਰਬਾਰਾ ਸਿੰਘ ਮੱਲ੍ਹਣ ਸ਼ਾਮਲ ਕੀਤਾ ਗਿਆ। ਕੋਈ ਪੱਤਰਕਾਰ ਜਾਂ ਬਾਹਰਲਾ ਆਦਮੀ ਅਦਾਲਤ ਅੰਦਰ ਨਹੀਂ ਸੀ ਆ ਸਕਦਾ। ਪੁਲਸ ਪਰਧਾਨ ਸੀ ਅਤੇ ਉਹ ਬਾਹਲੀ ਵਾਰ ਜੱਜ ਦੀ ਵੀ ਕੋਈ ਪਰਵਾਹ ਨਹੀਂ

---

੧. ਨਾਭਾ ਫਾਈਲ ੪੦੧—੧੯੨੪—ਤਾਰਾਂ ਦਾ ਤਰਤੀਬਵਾਰ ਨੰਬਰ ੬੪ ਤੋਂ ੭੧ ਤਕ ਸਫ਼ੇ ੪੭-੪੮-੪੯ (ਅਖੀਰੀ ਹਿੱਸਾ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੀ ਕਰਦੀ। ਅਤੇ ਉਸ ਦੇ ਹੁਕਮ ਵੀ ਮੰਨਣੋਂ ਇਨਕਾਰ ਕਰ ਦੇਂਦੀ ਸੀ। ਇਹਨਾਂ ਅਦਾਲਤਾਂ ਵਿਚ ਨਾ ਕੋਈ ਦਲੀਲ ਨੂੰ ਥਾਂ ਸੀ ਨਾ ਕਿਸੇ ਵਕੀਲ ਤੇ ਅਪੀਲ ਨੂੰ।

ਮਲਮ ਹੁੰਦਾ ਹੈ ਕਿ ਇਹਨਾਂ ਮੁਖੀ ਆਗੂਆਂ ਉਤੇ ਅਚਾਨਕ ਸਾਜ਼ਸ਼ ਦਾ ਮੁਕੱਦਮਾ ਇਹਨਾਂ ਨੂੰ ਭੈ-ਭੀਤ ਕਰਨ ਲਈ ਅਤੇ ਲੰਮੀਆਂ ਸਜ਼ਾਵਾਂ ਦਾ ਹਊਆ ਖੜਾ· ਕਰਕੇ ਮੁਆਫੀਆਂ ਮੰਗਵਾਣ ਲਈ ਕੀਤਾ ਗਿਆ ਸੀ। ਨਾਭੇ ਜੇਲ੍ਹ ਦੀ ਗੰਦੀ ਕੋਠੜੀ, ਕੈਦੀਆਂ ਦੀ ਖੁਰਾਕ ਦੀ ਦੁਰਦਸ਼ਾ, ਇਹਨਾਂ ਨਾਲ ਅਫਸਰਾਂ ਦਾ ਅਸੱਭਿਅਕ ਤੇ ਦੁਰ-ਵਿਹਾਰੀ ਸਲੂਕ—ਇਹ ਸਭ ਕਾਂਗਰਸੀ ਆਗੂਆਂ ਲਈ ਨਵੇਂ ਤਜਰਬੇ ਸਨ—ਅਤੇ ਉਹ ਇਹਨਾਂ ਤੋਂ ਅਨੁਮਾਨ ਲਾ ਸਕਦੇ ਸਨ ਕਿ ਜੇ ਉਹਨਾਂ ਜੇਹਿਆਂ ਆਗੂਆਂ ਨਾਲ ਏਹੋ ਜਿਹਾ ਗ਼ੈਰ-ਮਨੁੱਖੀ ਤੇ ਵਹਿਸ਼ੀਆਨਾ ਸਲੂਕ ਹੋ ਸਕਦਾ ਹੈ ਤਾਂ ਆਮ ਅਕਾਲੀ ਜਥਿਆਂ ਨਾਲ ਕੀ ਬੀਤਦੀ ਹੋਵੇਗੀ।

ਪੰਡਤ ਜੀ ਨੇ ਇਸ ਮੁਕੱਦਮੇ ਵਿਚ ਆਪਣੀ ਵਲੋਂ ਕੋਈ ਸਫਾਈ ਨਾ ਪੇਸ਼ ਨਾ ਕੀਤੀ। ਉਹਨਾਂ ਉਤੇ ਇਕ ਹੋਰ ਸਾਜ਼ਸ਼ ਦਾ ਕੇਸ ਖੜਾ ਕੀਤਾ ਗਿਆ। ਉਸ ਵਿਚ ਵੀ ਉਹਨਾਂ ਤੇ ਉਹਨਾਂ ਦੇ ਸਾਥੀਆਂ ਨੇ ਨਾ-ਮਿਲਵਰਤਣ ਜਾਰੀ ਰਖਿਆ। "ਨਾਭਾ ਰਿਆਸਤ ਵਿਚ ਸਾਡੇ ਖਿਲਾਫ ਮੁਖਤਲਿਫ ਕਿਸਮ ਦੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ। ਮੈਂ ਦਸਿਆ ਹੈ ਕਿ ਇਹ (ਕਾਰਵਾਈਆਂ) ਕਿੰਨੀਆਂ ਉਕੀਆਂ ਹੀ ਲਾ-ਕਾਨੂੰਨੀ ਤੇ ਕਾਰਣ-ਹੀਨ ਹਨ।... ਮੈਂ ਇਹਨਾਂ ਬਾਰੇ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ। ਕਿਉਂਕਿ ਅਸੀਂ ਕਿਸੇ ਟਕਨੀਕੀ ਜਾਂ ਕਾਨੂੰਨੀ ਉਜ਼ਰ ਤੋਂ ਫਾਇਦਾ ਨਹੀਂ ਉਠਾਣਾ ਚਾਹੁੰਦੇ।"

ਪੰਡਤ ਜੀ ਨੇ ਆਪਣੇ ਚੌਥੇ ਸਾਥੀ ਦਰਬਾਰਾ ਸਿੰਘ ਬਾਬਤ ਆਖਿਆ: "ਇਸ ਕੇਸ ਵਿਚ ਸਾਡਾ ਇਕ ਸਾਥੀ—ਮੁਲਜ਼ਮ ਦਰਬਾਰਾ ਸਿੰਘ ਸੀ। ਕਲਪਨਾ-ਸ਼ੀਲ ਪੁਲਸ ਸੁਪਰਿਡੈਂਟ ਨੇ ਬਿਆਨ ਦਿਤਾ ਕਿ ਉਹ ਜਥੇ ਦਾ ਆਗੂ ਸੀ। ਅਤੇ ਉਸ ਨੇ ਜਥੇ ਨੂੰ, ਬੜੀ ਹਕਾਰਤ ਨਾਲ, ਤਿਤਰ-ਬਿਤਰ ਕਰਨ ਤੋਂ ਇਨਕਾਰ ਕਰ ਦਿਤਾ ਸੀ। ਇਹ ਸੁੱਧਾ ਹੀ ਝੂਠ ਸੀ ਅਤੇ ਮੈਂ ਇਹ ਗੱਲ ਜ਼ਾਤੀ ਇਲਮ ਤੋਂ ਆਖ ਰਿਹਾ ਹਾਂ। ਦਰਬਾਰਾ ਸਿੰਘ ਕਦੇ ਵੀ ਜਥੇ ਨਾਲ ਨਹੀਂ ਸੀ। ਜਥੇ ਦੇ ਹਰ ਇਕ ਮੈਂਬਰ ਦੇ ਸਿਰ ਤੇ ਕਾਲੀ ਪਗੜੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਰਬਾਰਾ ਸਿੰਘ ਦੇ ਸਿਰ ਤੇ ਕੇਸਰੀ ਪਗੜੀ ਸੀ।" ਪਰ ਪੰਡਤ ਜੀ ਦੀ ਗੱਲ ਕਿਸੇ ਨਾ ਸੁਣੀ।

ਪੰਡਤ ਜੀ ਦੀ ਨਿਧੜਕ ਸਪਿਰਿਟ ਦਾ ਕੁਝ ਅਨੁਮਾਨ ਇਹਨਾਂ ਹੇਠਲੇ ਸ਼ਬਦਾਂ ਤੋਂ ਲਗ ਸਕਦਾ ਹੈ। "ਮੈਂ ਬੜਾ ਖ਼ੁਸ਼ ਹਾਂ ਕਿ ਮੇਰੇ ਉਤੇ ਉਸ ਮਨੋਰਥ ਲਈ ਮੁਕੱਦਮਾ ਚਲਾਇਆ ਜਾ ਰਿਹਾ ਹੈ ਜਿਹੜਾ ਸਿਖਾਂ ਨੇ ਅਪਨਾਇਆ ਹੋਇਆ ਹੈ। ਮੈਂ ਉਸ ਵੇਲੇ ਜੇਲ੍ਹ ਵਿਚ ਸਾਂ ਜਦੋਂ ਗੁਰੂ ਕੇ ਬਾਗ ਦਾ ਮੋਰਚਾ ਬਹਾਦਰੀ ਨਾਲ ਲੜਿਆ ਅਤੇ ਜਿੱਤਿਆ ਗਿਆ। ਮੈਂ ਅਕਾਲੀਆਂ ਦੀ ਬਹਾਦਰੀ ਤੇ ਕੁਰਬਾਨੀ ਉਤੇ ਹੱਕਾ-ਬੱਕਾ ਰਹਿ ਗਿਆ ਅਤੇ ਮੈਂ ਚਾਹੁੰਦਾ ਸਾਂ ਕਿ ਮੈਨੂੰ ਕੋਈ ਮੌਕਿਆ ਮਿਲੇ ਕਿ ਮੈਂ ਕਿਸੇ ਕਿਸਮ ਦੀ ਸੇਵਾ ਕਰਕੇ ਉਹਨਾਂ ਦੀ ਪ੍ਰਸੰਸਾ ਕਰ ਸਕਾਂ। ਉਹ ਮੌਕਿਆ ਹੁਣ ਮੈਨੂੰ ਮਿਲ ਗਿਆ ਹੈ ਅਤੇ ਮੈਂ ਦਿਲੋਂ ਆਸ ਕਰਦਾ ਹਾਂ ਕਿ ਮੈਂ ਉਹਨਾ ਦੀ ਉੱਚੀ ਰਵਾਇਤ ਤੇ ਉਮਦਾ ਹੌਸਲੇ ਦੇ ਯੋਗ ਸਾਬਤ ਹੋਵਾਂਗਾ। ਸਤਿ ਸ੍ਰੀ ਅਕਾਲ।"

ਜਵਾਹਰ ਲਾਲ ਨਹਿਰੂ, 25 ਸਤੰਬਰ 1923[1]

ਇਹਨਾਂ ਦਿਨਾਂ ਵਿਚ ਹੀ ਇਕ ਦਿਨ ਇਹਨਾਂ ਆਗੂਆਂ ਪਾਸ ਜੇਲ੍ਹ ਦਾ ਸੁਪਰਿੰਟੈਂਡੈਂਟ ਆਇਆ ਤੇ ਕਹਿਣ ਲਗਾ ਕਿ ਐਡਮਨਿਸਟਰੇਟਰ ਨੇ ਸੁਨੇਹਾ ਭੇਜਿਆ ਹੈ ਕਿ ਜੇ ਤੁਸੀਂ ਮੁਆਫ਼ੀ ਮੰਗ ਲਓ ਅਤੇ ਨਾਭੇ ਵਿਚੋਂ ਚਲੇ ਜਾਣ ਤੇ ਮੁੜ ਕੇ ਏਥੇ ਨਾ ਆਉਣ ਦਾ ਇਕਰਾਰ ਕਰੋ ਤਾਂ ਮੁਕੱਦਮੇ ਵਾਪਸ ਲੈ ਲਏ ਜਾਣਗੇ ਅਤੇ ਤੁਹਾਨੂੰ ਰਿਹਾ ਕਰ ਦਿਤਾ ਜਾਵੇਗਾ। ਇਹਨਾਂ ਆਗੂਆਂ ਨੇ ਉਸ ਨੂੰ ਉਹੋ ਜੇਹਾ ਠੋਕਵਾਂ ਜਵਾਬ ਦਿਤਾ ਜਿਹੋ ਜਿਹਾ ਕਿ ਇਹਨਾਂ ਦਾ ਸਤਕਾਰ ਮੰਗ ਕਰਦਾ ਸੀ। ਉਹਨਾਂ ਨੇ ਆਖਿਆ: ਮੁਆਫੀ ਮੰਗੇ ਆਣ ਕੇ ਸਾਥੋਂ ਨਾਭੇ ਦਾ ਐਡਮਨਿਸਟਰੇਟਰ, ਕਿਉਂਕਿ ਸਾਨੂੰ ਨਾਜਾਇਜ਼ ਤੌਰ ਤੇ ਫੜਿਆ ਗਿਆ ਹੈ। ਅਸੀਂ ਨਾ ਕੋਈ ਮੁਆਫੀ ਮੰਗਣ ਨੂੰ ਤਿਆਰ ਹਾਂ ਅਤੇ ਨਾ ਹੀ ਕੋਈ ਇਕਰਾਰ ਕਰਨ ਨੂੰ ਤਿਆਰ ਹਾਂ।

ਚੌਦਾਂ-ਪੰਦਰਾਂ ਦਿਨਾਂ ਵਿਚ ਮੁਕੱਦਮਿਆਂ ਦੀ ਕਾਰਵਾਈ ਖਤਮ ਹੋ ਗਈ।

---

੧. Miscellaneous Prison Papers, Nehru Memorial Museam and Library Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਮਨਘੜਤ ਸਾਜ਼ਸ਼ ਵਿਚ ਪੰਡਤ ਨਹਿਰੂ, ਪ੍ਰੋ: ਗਿਡਵਾਨੀ ਅਤੇ ਸ਼ਿਰੀ ਕੇ. ਸਨਤਾਨਮ ਅਤੇ ਚੌਥੇ ਦਰਬਾਰਾ ਸਿੰਘ ਮੱਲ੍ਹਣ ਨੂੰ ਢਾਈ ਸਾਲ ਦੀ ਸਜ਼ਾ ਹੋਈ। ਮੁਕੱਦਮੇ ਦੇ ਫੈਸਲੇ ਦੀ ਨਕਲ ਮੰਗੀ ਗਈ ਤਾਂ ਜਵਾਬ ਮਿਲਿਆ ਕਿ ਨਾਭੇ ਦੇ ਜ਼ਾਬਤੇ ਮੁਤਾਬਕ ਅਰਜ਼ੀ ਦਿਉ। ਫੇਰ ਗੌਰ ਕੀਤਾ ਜਾਵੇਗਾ। ਪੁਲਸ ਵਾਲੇ ਇਸ ਮੁਕੱਦਮੇ ਬਾਰੇ ਕੋਈ ਕਾਗਜ਼ ਬਾਹਰ ਨਹੀਂ ਸਨ ਜਾਣ ਦੇਣਾ ਚਾਹੁੰਦੇ। ਏਥੋਂ ਤਕ ਕਿ ਪੁਲਸ ਨੇ ਕਪਲਦੇਵ ਮਾਲਵੀਆ ਤੋਂ ਖੁਲ੍ਹੀ ਅਦਾਲਤ ਵਿਚ ਕੁਛ ਕਾਗਜ਼ ਖੋਹਣ ਦੀ ਕੋਸ਼ਿਸ਼ ਕੀਤੀ।[1]

ਸਜ਼ਾ ਸੁਣਾਈ ਜਾਣ ਪਿਛੋਂ ਜੇਲ੍ਹ ਦੇ ਸੁਪਰਿੰਡੈਂਟ ਨੇ ਸ਼ਾਮ ਵੇਲੇ ਉਹਨਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਕਹਿਣ ਲਗਾ : ਐਡਮਨਿਸਟਰੇਟਰ ਨੇ ਫੌਜਦਾਰੀ ਜ਼ਾਬਤੇ ਹੇਠ ਤੁਹਾਡੀ ਸਜ਼ਾ ਮੁਅੱਤਲ ਕਰ ਦਿਤੀ ਹੈ। ਇਸ ਹੁਕਮ ਨਾਲ ਸ਼ਰਤ ਕੋਈ ਨਹੀਂ ਸੀ ਲਾਈ ਗਈ। ਉਸ ਨੇ ਦੂਜਾ ਐਗਜ਼ੈਕਟਿਵ ਹੁਕਮ ਇਹ ਸੁਣਾਇਆ, ਕਿ ਤੁਸੀਂ ਨਾਭੇ ਵਿਚੋਂ ਚਲੇ ਜਾਉ ਅਤੇ ਆਗਿਆ ਤੋਂ ਬਿਨਾਂ ਮੁੜ ਏਥੇ ਨਹੀਂ ਆਉ। ਇਹਨਾਂ ਹੁਕਮਾਂ ਦੀਆਂ ਨਕਲਾਂ ਵੀ, ਮੰਗਣ ਤੇ ਦੇਣੋਂ ਇਨਕਾਰ ਕਰ ਦਿਤਾ ਗਿਆ। ਉਹਨਾਂ ਨੂੰ ਪਿਛੋਂ ਰੇਲਵੇ ਸਟੇਸ਼ਨ ਤੇ ਪਹੁੰਚਾਇਆ ਗਿਆ ਅਤੇ ਉਥੇ ਰਿਹਾ ਕਰ ਦਿਤਾ ਗਿਆ। ਦਰਬਾਰਾ ਸਿੰਘ ਮੱਲ੍ਹਣ ਨੂੰ ਪੂਰੀ ਸਜ਼ਾ ਭੁਗਤਾਈ ਗਈ।

ਇਸ ਰਿਹਾਈ ਦੇ ਹੁਕਮ ਉਤੋਂ ਆਏ ਸਨ। ਵਿਲਸਨ ਦੇ ਹੱਥ ਵੱਸ ਦੀ ਗਲ ਹੁੰਦੀ ਤਾਂ ਇਹ ਕਾਂਗਰਸੀ ਆਗੂ ਪੂਰੀ ਸਜ਼ਾ ਭੁਗਤ ਕੇ ਹੀ ਬਾਹਰ ਆਉਂਦੇ। ੨੨ ਮਈ ੧੯੨੪ ਨੂੰ ਵਿਲਸਨ ਨੇ ਮਹਾਤਮਾ ਗਾਂਧੀ ਨੂੰ ਇਕ ਚਿਠੀ ਇਹ ਦੱਸਣ ਲਈ ਲਿਖੀ ਕਿ ਪੰਡਤ ਜੀ ਨੂੰ ਇਸ ਇਕਰਾਰ ਤੇ ਛਡਿਆ ਗਿਆ ਹੈ ਕਿ ਉਹ ਮੁੜ ਆਗਿਆ ਲਏ ਬਿਨਾਂ ਨਾਭਾ ਰਿਆਸਤ ਵਿਚ ਨਾ ਵੜਨ। ਪੰਡਤ ਜੀ ਨੇ ੨੪ ਮਈ ਨੂੰ ਇਸ ਬਿਆਨ ਦੀ ਤਰਦੀਦ ਕੀਤੀ ਅਤੇ ਆਖਿਆ ਕਿ ਉਹਨਾਂ ਨੇ ਮੁੜ ਨਾਭੇ ਨਾ ਜਾਣ ਦਾ ਕੋਈ ਇਕਰਾਰ ਨਹੀਂ ਕੀਤਾ।

---

੧. ਜੈਤੋ ਦੀ ਗਰਿਫਤਾਰੀ, ਮੁਕੱਦਮੇ ਵਗੈਰਾ ਬਾਰੇ ਪੰਡਤ ਜੀ ਨੇ ਆਪਣੀ ਆਤਮ ਕਥਾ ਵਿਚ ਸੁਚੱਜੇ ਢੰਗ ਨਾਲ ਬਹੁਤ ਕੁਛ ਲਿਖਿਆ ਹੈ। ਪੂਰੀ ਵਾਕਫੀਅਤ ਉਸ ਵਿਚੋਂ ਹਾਸਲ ਕਰੋ—ਲੇਖਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੇ ਵਿਲਸਨ ਪਾਸ ਇਸ ਦਾ ਕੋਈ ਸਬੂਤ ਹੈ ਤਾਂ ਪੇਸ਼ ਕਰੇ ਪਰ ਸਬੂਤ ਉਸ ਪਾਸ ਕੋਈ ਨਹੀਂ ਸੀ। ਉਹਨਾਂ ਨੇ ਮੁੜ ਸਗੋਂ ਉਸ ਤੋਂ ਫੈਸਲੇ ਦੀ ਨਕਲ ਮੰਗੀ–ਪਰ ਵਿਲਸਨ ਵਲੋਂ ਨਕਲ ਨਾ ਭੇਜਣਾ ਉਸ ਦੇ ਦਾਅਵੇ ਨੂੰ ਝੁਠਲਾਂਦਾ ਸੀ।[1]

('ਅਕਾਲੀ ਮੋਰਚਿਆਂ ਦਾ ਇਤਿਹਾਸ' ਵਿਚੋਂ)

---

੧. ਅਕਾਲੀ ਤੇ ਪ੍ਰਦੇਸੀ : ੨ ਜੂਨ ੧੯੨੪

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ: ਹਰਿਭਜਨ ਸਿੰਘ

ਨਾਨਕ-ਬਿੰਬ

ਗੁਰੂ ਨਾਨਕ ਇਤਿਹਾਸਕ ਵਿਅਕਤੀ ਸੀ ਅਤੇ ਪੁਰਾਣ-ਪੁਰਸ਼ ਵੀ। ਪੁਰਾਣ-ਪੁਰਸ਼ ਦੀ ਜੜ੍ਹ ਇਤਿਹਾਸਕ ਸਮੇਂ ਅਤੇ ਸਥਾਨ ਵਿਚ ਹੁੰਦੀ ਹੈ, ਪਰ ਉਸ ਦੀ ਪ੍ਰਿਤਪਾਲਣਾ ਜਨ-ਮਾਨਸ ਵਿਚ ਹੁੰਦੀ ਹੈ ਜਿੱਥੇ ਉਹ ਮਨੁੱਖੀ ਰੀਝਾਂ, ਆਕਾਂਖਿਆਵਾਂ ਤੇ ਸੁਪਨਿਆਂ ਨਾਲ ਰਚ ਮਿਚ ਜਾਂਦਾ ਹੈ ਅਤੇ ਸਮੇਂ ਤੇ ਸਥਾਨ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਇਸ ਤੋਂ ਮੁਕਤ ਹੋ ਜਾਂਦਾ ਹੈ। ਇਸੇ ਜਨ-ਮਾਨਸ ਦੀ ਸੰਪਦਾ ਹੈ ਨਾਨਕ-ਬਿੰਬ। ਇਸ ਦਾ ਕੱਦ ਮਨੁੱਖੀ ਆਕਾਂਖਿਆ ਵਰਗਾ ਉੱਚਾ, ਇਸ ਦੀ ਉਮਰ ਪਰੰਪਰਾ ਜਿਡੀ ਲੰਮੀ ਅਤੇ ਇਸ ਦਾ ਰੰਗ ਮਨੁੱਖੀ ਰੀਝ ਵਾਂਗ ਗੂੜ੍ਹਾ ਹੈ। ਪੁਰਾਣ-ਬਿੰਬ ਦੀ ਰਚਨਾ ਸਮਾਜਕ ਕਲਪਨਾ ਰਾਹੀਂ ਹੁੰਦੀ ਹੈ, ਇਸੇ ਲਈ ਇਸ ਬਿੰਬ ਵਿਚ ਸਮੁੱਚੀ ਜਾਤੀ ਦਾ ਨਸਲੀ ਅਵਚੇਤਨ ਸਾਹ ਲੈਂਦਾ ਪ੍ਰਤੀਤ ਹੁੰਦਾ ਹੈ। ਜ਼ਾਤ ਜਾਤੀ ਬਣ ਜਾਂਦੀ ਹੈ। ਮਨੁੱਖੀ ਸੁਪਨੇ ਵਾਂਗ ਹੀ ਨਿਤ ਨਵੀਆਂ ਕਹਾਣੀਆਂ ਇਸ ਵਿਅਕਤਿਤਵ ਨਾਲ ਸੰਬੰਧਿਤ ਹੁੰਦੀਆਂ ਰਹਿਣਗੀਆਂ ਤੇ ਉਹਨਾਂ ਦੀ ਨਿਤ ਨਵੀਂ ਵਿਆਖਿਆ ਹੁੰਦੀ ਰਹੇਗੀ। ਕੀ ਗੁਰੂ ਨਾਨਕ ਨੇ ਸਚਮੁਚ ਹੀ ਰਿੜ੍ਹਦੇ ਪਹਾੜ ਨੂੰ ਆਪਣੇ ਪੰਜੇ ਨਾਲ ਰੋਕ ਲਿਆ ਸੀ ? ਕੀ ਉਹ ਸੱਚਮੁੱਚ ਹਵਾ ਵਿਚ ਉੱਡ ਗਿਆ ਸੀ ਜਾਂ ਉਸ ਨੇ 'ਧੁਰੋਂ ਪਤਾਲੋਂ ਲਈ ਕੜਾਹੀਂ' ? ਇਸ ਪ੍ਰਕਾਰ ਦੇ ਪ੍ਰਸ਼ਨ ਸਦਾ ਪੁੱਛੇ ਜਾਣਗੇ ਤੇ ਇਨ੍ਹਾਂ ਦਾ ਭਾਵੇਂ ਕੁਝ ਵੀ ਜਵਾਬ ਦਿੱਤਾ ਜਾਵੇ, ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧਿਤ ਚਮਤਕਾਰ ਉਵੇਂ ਹੀ ਕਾਇਮ ਰਹਿਣਗੇ ਜਿਵੇਂ ਜਾਗਣਹਾਰ ਮਨੁੱਖ ਦੀ ਮਿੱਟੀ ਵਿਚ ਸੁਪਨੇ ਅਤੇ ਦਿਹੁੰ-ਸੁਪਨੇ। ਮਨੁੱਖ ਆਪਣੇ ਆਲੇ-ਦੁਆਲੇ ਦੇ ਕਠੋਰ ਯਥਾਰਥ ਨਾਲ ਸੁਪਨਿਆਂ ਅਤੇ ਦਿਹੁੰ-ਸੁਪਨਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਸਹਾਰੇ ਨਿਰਬਾਹ ਕਰੀ ਜਾਂਦਾ ਹੈ। ਮਨੁੱਖ ਜਾਤੀ ਵੀ ਆਪਣੇ ਪੁਰਾਣ-ਪੁਰਖਿਆਂ ਦੇ ਸਹਾਰੇ ਆਪਣੀ ਅਜਰ ਹੋਂਦ ਨੂੰ ਜਿਵੇਂ ਕਿਵੇਂ ਸਹਿੰਦੀ ਜਰਦੀ ਤੁਰੀ ਜਾਂਦੀ ਹੈ।

ਨਾਨਕ-ਬਿੰਬ ਦੀ ਰਚਨਾ ਨਾਨਕ-ਕਾਲ ਵਿਚ ਵੀ ਅਰੰਭ ਹੋ ਗਈ ਸੀ। ਆਪਣੇ ਜੀਵਨ ਵਿਚ ਹੀ ਪੰਜਾਬ ਦੇ ਜਨ-ਮਾਨਸ ਨੇ ਇਸ ਇਤਿਹਾਸ-ਪੁਰਸ਼ ਨੂੰ ਪੁਰਾਣ-ਪੁਰਸ਼ ਵਾਂਗ ਸਵੀਕਾਰ ਕਰ ਲਿਆ ਸੀ ਤੇ ਬਾਅਦ ਵਿਚ ਇਹ ਬਿੰਬ ਸਦਾ-ਵਿਗਾਸ ਹੋਂਦ ਵਾਂਗ ਕਾਇਮ ਰਿਹਾ। ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧਿਤ ਅਨੇਕਾਂ ਸਾਖੀਆਂ ਰਚੀਆਂ ਗਈਆਂ। ਸਾਖੀਆਂ ਵਿਚ ਅੰਤਰ-ਵਿਰੋਧ ਦੀ ਪ੍ਰਵਿਰਤੀ ਵੀ ਜਾਗ ਸਕਦੀ ਹੈ। ਪੁਰਾਣ-ਬਿੰਬ ਦੀ ਰਚਨਾ ਤਾਂ ਹੀ ਸੰਭਵ ਹੈ ਜੇ ਇਨ੍ਹਾਂ ਸਾਖੀਆਂ ਦਾ ਮੂਲ ਆਧਾਰ ਸਾਂਝਾ ਹੋਵੇ। ਕਿਸੇ ਪੁਰਾਣ ਪੁਰਸ਼ ਨਾਲ ਸੰਬੰਧਿਤ ਕਹਾਣੀਆਂ ਕਿਸ ਸਾਂਝੀ ਰੂਪ-ਵਿਧੀ ਦੇ ਸੰਜਮ ਥਾਣੀਂ ਲੰਘਦੀਆਂ ਹਨ। ਰੂਪ-ਵਿਧੀ (Pattern) ਤੋਂ ਸਾਡਾ ਆਸ਼ਾ ਅਜੇਹੀ ਅਚੇਤ ਜੀਵਨ ਜੁਗਤ ਤੋਂ ਹੈ ਜੋ ਕਿਸੇ ਜਾਤੀ ਦੇ ਨਿੱਕੇ-ਮੋਟੇ-ਕਾਰ ਵਿਹਾਰਾਂ ਵਿਚ ਸਹਿਜੇ ਤੇ ਬਹੁਤ ਕਰਕੇ ਅਣਜਾਣਿਆਂ ਹੀ ਦੁਹਰਾਈ ਜਾਂਦੀ ਹੈ। ਕਾਰ-ਵਿਹਾਰਾਂ ਦੀ ਅਨੇਕਤਾ ਰੂਪ-ਵਿਧੀ ਦੀ ਏਕਤਾ ਸਦਕਾ ਹੀ ਪਛਾਣਯੋਗ ਵੱਖਰ ਜਾਂ ਵਿਲੱਖਣ ਸ਼ੈਲੀ ਦੀ ਧਾਰਨੀ ਬਣਦੀ ਹੈ। ਇਸ ਲੇਖ ਦਾ ਉਦੇਸ਼ ਨਾਨਕ-ਬਿੰਬ ਨਾਲ ਸੰਬੰਧਿਤ ਰੂਪ-ਵਿਧੀ ਦਾ ਅਧਿਐਨ ਹੀ ਹੈ।

ਗੁਰੂ ਨਾਨਕ ਦੇ ਸਮਕਾਲੀ ਅਤੇ ਨਿਕਟ ਪਰਕਾਲੀ ਗੁਰੂ ਅੰਗਦ ਨੇ ਇਸ ਰੂਪ-ਵਿਧੀ ਦੀ ਨੀਂਹ ਆਪਣੇ ਨਿਮਨ-ਅੰਕਿਤ ਸ਼ਲੋਕ ਨਾਲ ਹੀ ਰਖ ਦਿਤੀ ਸੀ :

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥

(ਆਦਿ ਗ੍ਰੰਥ ੧੫੦)

ਅਜ ਵੀ ਅਜਿਹੇ ਵਿਦ੍ਵਾਨ ਮੌਜੂਦ ਹਨ ਜੋ ਇਸ ਸ਼ਲੋਕ ਦੀ ਦੂਸਰੀ ਪੰਗਤੀ ਦਾ ਸੰਬੰਧ ਨਾਨਕ ਵਿਅਕਤੀ ਨਾਲ ਜੋੜਣ ਤੋਂ ਸੰਕੋਚ ਕਰਦੇ ਹਨ। ਟੀਕਾਕਾਰ ਸਾਹਿਬ ਸਿੰਘ 'ਜਿਨ ਗੁਰੁ ਨਾਨਕ ਦੇਉ' ਦਾ ਅਰਥ ਕਰਨ ਲਗੇ 'ਗੁਰੁ ਨਾਨਕ ਦੇਉ' ਨੂੰ 'ਨਾਨਕ ਗੁਰੁ ਦੇਉ' ਦੇ ਰੂਪ ਵਿਚ ਬਦਲ ਲੈਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅਰਥ–ਹੇ ਨਾਨਕ ! ਜਿਨ੍ਹਾ ਦਾ ਗੁਰਦੇਵ ਹੈ ।"–ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ੯੨੩) ਪਰ, ਜਿਵੇਂ ਕਿ ਮੈਂ ਕਹਿ ਚੁਕਾ ਹਾਂ ਪੁਰਾਣ-ਬਿੰਬ ਦੀ ਕੋਈ ਵੀ ਵਿਆਖਿਆ ਕਰ ਲਵੋ, ਜਨ-ਮਾਨਸ ਵਿਚ ਸਥਿਰ ਸੱਚ ਨੂੰ ਜੜ੍ਹੋਂ ਉਖਾੜਿਆ ਨਹੀਂ ਜਾ ਸਕਦਾ। ਪੁਰਾਣ-ਬਿੰਬ ਦੀ ਸ਼ਕਤੀ ਇਸ ਗੱਲ ਵਿਚ ਹੈ ਕਿ ਉਹ ਜਾਤੀ ਅਵਚੇਤਨ ਦਾ ਅੰਗ ਬਣ ਜਾਂਦਾ ਹੈ ਤੇ ਲੋਕ-ਮਾਨਸ ਵਿਚ ਡੂੰਘੀਆਂ ਜੜ੍ਹਾਂ ਬਣਾ ਲੈਂਦਾ ਹੈ। ਦਿਮਾਗੀ ਵਿਆਖਿਆ ਉਸ ਨੂੰ ਵਿਸਥਾਪਿਤ ਨਹੀਂ ਕਰ ਸਕਦੀ। ਟੀਕਾਕਾਰ ਤੇਜਾ ਸਿੰਘ ਅਤੇ ਵੀਰ ਸਿੰਘ ਇਨ੍ਹਾਂ ਪੰਗਤੀਆਂ ਨੂੰ ਸਪਸ਼ਟ ਤੌਰ ਤੇ ਗੁਰੂ ਨਾਨਕ ਨਾਲ ਹੀ ਸੰਬੰਧਿਤ ਮੰਨਦੇ ਹਨ :

"ਜਿਨ੍ਹਾਂ ਦਾ ਗੁਰੂ ਨਾਨਕ ਦੇਵ ਹੈ, ਅਤੇ ਜਿਨ੍ਹਾਂ ਨੂੰ ਗੁਰੂ ਨੇ ਸਿਖਿਆ ਦੇ ਕੇ ਸਮਝਾਇਆ ਹੈ ਕਿ ਸੱਚ ਦੁਆਰਾ ਸਿਫ਼ਤ ਵਿਚ ਜੁੜ ਜਾਓ, ਉਹਨਾਂ ਨੂੰ ਹੋਰ ਕੀ ਦੱਸਣ ਦੀ ਲੋੜ ਹੈ।

(ਸ਼ਬਦਾਰਥ ੧੫੦)

"(ਜਿਨ੍ਹਾਂ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ) ਆਪਣੀ ਦੀਖ੍ਯਾ ਉਚਾਰਣ ਕੀਤੀ, (ਇਸ ਦਾ ਭਾਵ ਤੇ ਫਲ) ਸਮਝਾ ਦਿਤਾ (ਅਤੇ ਸਾਈਂ ਦੀ ਸਿਫਤ ਸਲਾਹ ਦੁਆਰਾ ਸਚ ਵਿਚ ਸਮਾਈ ਕਰਾ ਦਿਤੀ), ਉਨ੍ਹਾਂ (ਐਸੇ ਦੀਖਯਤ ਪੁਰਖਾਂ ਨੂੰ ਕੀਹ ਉਪਦੇਸ਼ ਦੇਣਾ ਹੋਇਆ, ਜਿਨ੍ਹਾਂ ਦਾ ਗੁਰੂ (ਗੁਰੁ) ਨਾਨਕ ਦੇਵ ਹੈ।

(ਸੰਥਜਾ· ੧੦੨੭)"

ਜਿਵੇਂ ਕਿ ਮੈਂ ਉਪਰ ਕਹਿ ਚੁਕਾ ਹਾਂ, ਇਸ ਸਲੋਕ ਵਿਚ ਨਾਨਕ-ਬਿੰਬ ਦੀ ਮੁਢਲੀ ਰੂਪ-ਵਿਧੀ ਸਪਸ਼ਟ ਰੂਪ ਵਿਚ ਮੌਜੂਦ ਹੈ। ਨਾਨਕ ਦੇਵ 'ਗੁਰੂ' ਹੈ। ਗੁਰੂ ਨਾਨਕ-ਵਿਅਕਤਿਤਵ ਦਾ ਅਨਿਖੜ ਅੰਗ ਵੀ ਹੈ ਤੇ ਵਿਲੱਖਣ ਵੀ। ਇਸ ਦੇ ਬਾਅਦ ਨਾਨਕ ਦੇਵ ਦਾ ਜ਼ਿਕਰ ਭਾਵੇਂ ਕਿਸੇ ਵੀ ਸਥਿਤੀ ਵਿਚ ਹੋਵੇ, ਉਹ ਲਾਜ਼ਮੀ ਤੌਰ ਉਤੇ ਗੁਰੂ ਹੈ। ਨਾਨਕ ਦੇਵ ਭਾਵੇਂ ਅਧਿਆਪਕ ਜਾਂ ਆਪਣੀ ਮਾਤਾ ਨਾਲ ਗੱਲਾਂ ਕਰ ਰਿਹਾ ਹੋਵੇ, ਭਾਵੇਂ ਭੈਣ, ਚੋਰ ਜਾਂ ਨਵਾਬ ਨਾਲ ਉਹ ਗੁਰੂ ਰੂਪ ਵਿਚ ਹੀ ਚਿਤ੍ਰਿਆ ਜਾ ਸਕੇਗਾ ਤੇ ਇਸ ਚਿਤ੍ਰਨ ਵਿਚ ਕੋਈ ਉਚੇਚ ਨਹੀਂ ਹੋਵੇਗਾ। ਰੂਪ-ਵਿਧੀ ਦੀ ਸ਼ਕਤੀ ਏਸੇ ਗੱਲ ਵਿਚ ਹੈ ਕਿ ਉਹ ਸਾਡੇ ਅਵਚੇਤਨ ਦਾ ਅੰਗ ਬਣ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਸ਼ਬਦ ਦੀ ਆਪਣੀ ਦੀਰਘ ਪਰੰਪਰਾ ਹੈ, ਇਸ ਪਰੰਪਰਾ ਦਾ ਸਰਵੇਖਣ ਹਥਲੇ ਲੇਖ ਵਿਚ ਨਾ ਸੰਭਵ ਹੈ, ਨਾ ਉਚਿਤ। ਏਥੇ ਕੇਵਲ ਇਤਨਾ ਕਹਿਣਾ ਹੀ ਯੋਗ ਹੈ ਕਿ ਗੁਰੂ ਨਾਨਕ ਨਾਲ ਇਸ ਦੀ ਵਰਤੋਂ ਵਿਲੱਖਣ ਰੂਪ ਵਿਚ ਹੋਈ ਹੈ। ਕਬੀਰ ਰਵੀਦਾਸ, ਦਾਦੂ ਆਦਿ ਸੰਤ ਵੀ ਗੁਰੂ ਸਨ ਤੇ ਉਹਨਾਂ ਦੀ ਖ਼ਾਸੀ ਬਲਵਾਨ ਸ਼ਿਸ਼-ਪਰੰਪਰਾ ਵੀ ਸੀ। ਪਰ ਇਹ ਸੰਤ ਗੁਰੂ ਰੂਪ ਵਿਚ ਪ੍ਰਸਿੱਧ ਨਹੀਂ। ਕਾਰਣ, ਇਨ੍ਹਾਂ ਸੰਤਾਂ ਜਾਂ ਇਨ੍ਹਾਂ ਦੇ ਸ਼ਿਸਾਂ ਨੇ ਇਸ ਸ਼ਬਦ ਨੂੰ ਸਾਧਾਰਣ ਪਰੰਪਰਾ-ਸਿਧ ਅਰਥਾਂ ਵਿਚ ਵਰਤਿਆ ਹੈ ਅਤੇ ਇਸ ਨੂੰ ਅਜਿਹਾ ਅਰਥ ਨਹੀਂ ਦਿਤਾ ਜੋ ਗੁਰੂ ਜਾਂ ਸਿੱਖ ਦੇ ਚਰਿੱਤਰ ਨੂੰ ਦੂਸਰਿਆਂ ਤੋਂ ਵਖਰਿਆ ਦੇਵੇ। ਨਾਨਕ ਨਾਲ ਅਨਿੱਖੜ ਰੂਪ ਵਿਚ ਜੁੜ ਕੇ ਇਹ ਸ਼ਬਦ ਨਾਨਕ ਨੂੰ ਵਖਰਿਆਉਂਦਾ ਹੈ ਤੇ ਆਪ ਵੀ ਇਕ ਵਿਲੱਖਣ ਸਾਰਥਕਤਾ ਦਾ ਸੁਆਮੀ ਬਣਦਾ ਹੈ। ਗੁਰੂ ਨਾਨਕ ਮਨੁੱਖਤਾ ਨਾਲ ਰਿਸ਼ਤੇ ਦਾ ਲਖਾਇਕ ਹੈ। ਇਸ ਤੋਂ ਪਹਿਲਾਂ ਕੇਵਲ ਗੋਰਖ ਨਾਥ ਹੀ ਅਜਿਹਾ ਕਰਨੀ ਵਾਲਾ ਬੰਦਾ ਹੈ ਜੋ ਗੁਰੂ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪਰ ਗੋਰਖ ਨਾਲ ਜੁੜ ਕੇ ਇਹ ਸ਼ਬਦ ਮਨੁੱਖੀ ਰਿਸ਼ਤੇ ਦਾ ਲਖਾਇਕ ਨਹੀਂ ਬਣਿਆ ਹੈ। ਏਥੇ ਗੁਰੂ ਸ਼ੁਧ ਸਤਿਕਾਰ ਜਾਂ ਸ਼ੁਧ ਉੱਚਤਾ ਨੂੰ ਪ੍ਰਗਟਾਉਂਦਾ ਹੈ। ਪਰ ਗੁਰੂ ਨਾਨਕ ਦੇ ਜ਼ਿਕਰ ਸਮੇਂ ਸਿੱਖ ਪ੍ਰਤੱਖ ਜਾਂ ਪਰੋਖ ਰੂਪ ਵਿਚ ਮੌਜੂਦ ਰਹਿੰਦਾ ਹੈ। ਇਸ ਸਲੋਕ ਵਿਚ ਉਨ੍ਹਾਂ ਸਿੱਖਾਂ ਦਾ ਪ੍ਰਤੱਖ ਉਲੇਖ ਹੈ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਪਾਸੋਂ ਦੀਖਿਆ ਲਈ ਹੈ। ਗੁਰੂ ਅੰਗਦ ਦੇ ਬਾਅਦ ਗੁਰੂ ਅਰਜਨ ਦੇਵ ਨੇ ਵੀ ਜਿਥੇ ਗੁਰੂ ਨਾਨਕ ਦੇਵ ਦਾ ਜ਼ਿਕਰ ਕੀਤਾ ਹੈ, ਉਥੇ ਕਿਸੇ ਸਿੱਖ ਦੀ ਮੌਜੂਦਗੀ ਵਲ ਸੰਕੇਤ ਹੋ ਹੀ ਗਿਆ ਹੈ :

(੧) ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ ॥

(੨) ਸਭ ਤੇ ਵਡਾ ਸਤਿਗੁਰੁ ਨਾਨਕੁ
ਜਿਨਿ ਕਲ ਰਾਖੀ ਮੇਰੀ ॥

ਗੁਰੂ ਅੰਗਦ ਦੇ ਉਚਾਰੇ ਸਲੋਕ ਦੀ ਅਰਥ-ਭੂਮੀ ਗੁਰੂ ਨਾਨਕ ਦੇ ਉਪਦੇਸ਼ ਨੂੰ 'ਅੰਤਿਮ' ਉਪਦੇਸ਼ ਦੇ ਰੂਪ ਵਿਚ ਪੇਸ਼ ਕਰਦੀ ਹੈ। ਜਿਨ੍ਹਾਂ ਗੁਰੂ ਨਾਨਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਾਸੋਂ ਸੱਚ ਦਾ ਉਪਦੇਸ਼ ਸੁਣ ਲਿਆ, ਉਸ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ। ਮਧਜੁਗੀ ਭਾਰਤ ਵਿਚ ਇਸਲਾਮ ਦਾ ਪ੍ਰਚਾਰ ਆਪਣੇ ਸਿਖਰ ਉਤੇ ਸੀ ਤੇ ਖਤਮੁਲਨਬੱਵਤ ਦਾ ਸੰਕਲਪ ਜਨ-ਸਾਧਾਰਣ ਦੀ ਸੂਝ-ਸਮਝ ਦਾ ਅੰਗ ਸੀ। ਗੁਰੂ-ਬਾਣੀ ਇਸਲਾਮੀ ਸ਼ਬਦਾਵਲੀ ਨੂੰ ਨਹੀਂ ਅਪਣਾਉਂਦੀ, ਪਰ ਸਮਕਾਲੀਨ ਚਿੰਤਨ-ਪ੍ਰਵਾਹ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸੀ। ਗੁਰੂ ਦਾ ਸੰਕਲਪ ਅਵਤਾਰ ਨਾਲੋਂ ਵਧੇਰੇ ਪੈਗੰਬਰ ਦੇ ਨੇੜੇ ਹੈ। ਅਵਤਾਰ ਮਨੁੱਖਤਾ ਨੂੰ ਔਕੜਾਂ ਵਿਚੋਂ ਕੱਢਣ ਆਉਂਦਾ ਹੈ ਤੇ ਉਸ ਦੀ ਕਰਤੱਵ-ਵਿਧੀ ਕਰਮ ਜਾਂ ਸੰਘਰਸ਼ ਹੈ। ਇਸ ਦੇ ਉਲਟ ਪੈਗੰਬਰ ਲੁਕਾਈ ਤਕ ਖ਼ੁਦਾ ਦਾ ਪੈਗਾਮ ਪਹੁੰਚਾਉਂਦਾ ਹੈ। ਅਵਤਾਰ ਲਈ ਬਾਣੀਕਾਰ ਹੋਣਾ ਜ਼ਰੂਰੀ ਨਹੀਂ। ਵੈਸ਼ਨਵ ਅਵਤਾਰਾਂ ਵਿਚ ਕੋਈ ਇਕ ਅਵਤਾਰ ਵੀ ਬਾਣੀਕਾਰ ਨਹੀਂ, ਪੈਗੰਬਰ ਦੀ ਕਰਤੱਵ-ਵਿਧੀ ਪੈਗਾਮ ਹੈ। ਗੁਰੂ ਨਾਨਕ ਪੈਗੰਬਰ ਵਾਂਗ ਸੱਚ ਦੀ ਬਾਣੀ ਜਾਂ ਉਪਦੇਸ਼ ਲੋਕਾਂ ਤਕ ਪਹੁੰਚਾਉਂਦਾ ਹੈ। ਪੈਗੰਬਰ ਮੁਹੰਮਦ ਵਾਂਗ ਹੀ ਗੁਰੂ ਨਾਨਕ ਦਾ ਬਿੰਬ ਵੀ ਅੰਤਿਮ ਉਪਦੇਸ਼ਕ ਦੇ ਰੂਪ ਵਿਚ ਹੀ ਸਥਾਪਿਤ ਹੈ, ਅੰਤਰ ਕੇਵਲ ਇਤਨਾ ਹੈ ਕਿ ਜਿਥੇ ਇਸਲਾਮ ਇਸ ਸੰਕਲਪ ਪ੍ਰਤੀ ਸੁਚੇਤ ਹੈ ਤੇ ਇਸ ਉਪਰ ਉਚੇਚਾ ਧਿਆਨ ਦੇਂਦਾ ਹੈ, ਨਾਨਕ-ਮਾਰਗ ਵਿਚ ਇਹ ਸੰਕਲਪ ਸਹਿਜ ਅਵਚੇਤਨ ਦਾ ਅੰਗ ਬਣ ਗਿਆ ਹੈ ਤੇ ਇਸ ਨੂੰ ਏਥੋਂ ਪੁਟ ਸਕਣਾ ਆਸਾਨ ਨਹੀਂ। ਅਵਤਾਰ ਹਰ ਯੁਗ ਵਿਚ ਸੰਭਵ ਹੈ, ਏਥੇ ਸਮਾਪਨ-ਬਿੰਦੂ ਲਈ ਕੋਈ ਗੁੰਜਾਇਸ਼ ਨਹੀਂ। ਗੁਰੂ ਅੰਤਿਮ-ਉਪਦੇਸ਼ਕ ਹੈ ਤੇ ਇਹ ਅੰਤਿਮਤਾ ਦਾ ਲੱਛਣ ਹੀ ਉਸ ਨੂੰ ਪੂਰਬਵਰਤੀ ਭਾਰਤੀ ਗੁਰੂ-ਭਾਵਨਾ ਤੋਂ ਵਿਲੱਖਣ ਕਰਦਾ ਹੈ। ਗੁਰੂ ਅਰਜਨ ਦੇਵ ਦੇ ਤੁਕਾਂਗ 'ਸਭ ਤੇ ਵਡਾ ਸਤਿਗੁਰੁ ਨਾਨਕ' ਵਿਚ ਵੀ ਅੰਤਿਮਤਾ ਆਪਣਾ ਸੁਰ ਅਲਾਪਦੀ ਪ੍ਰਤੀਤ ਹੁੰਦੀ ਹੈ ਤੇ ਪੈਰੋ ਪੈਰ ਇਹ ਭਾਵਨਾ ਬਲਵਾਨ ਹੁੰਦੀ ਗਈ ਹੈ। ਸੰਖੇਪ ਵਿਚ ਗੁਰੂ ਕਾਲ ਵਿਚ ਨਾਨਕ-ਬਿੰਬ ਦੇ ਨਿਮਨ-ਅੰਕਿਤ ਲੱਛਣ ਅਚੇਤ ਰੂਪ-ਵਿਧੀ ਦਾ ਅੰਗ ਬਣ ਚੁਕੇ ਸਨ :

੧. ਨਾਨਕ ਗੁਰੂ ਹੈ ਤੇ ਉਹ ਲੁਕਾਈ ਨਾਲ ਇਕ ਅਬਦਲ ਰਿਸ਼ਤੇ ਵਿਚ ਬੱਝਾ ਹੋਇਆ ਹੈ।

੨. ਗੁਰੂ ਸੱਚ ਦਾ ਉਪਦੇਸ਼ਕ ਹੈ। ਉਹ ਧੁਰੋਂ ਮਨੁੱਖ ਦੀ ਥਾਵੇਂ ਕਰਮ ਕਰਨ ਲਈ ਨਹੀਂ ਆਇਆ, ਮਨੁੱਖ ਦੀ ਧੁਰ ਸੱਚ ਨਾਲ ਜਾਣ-ਪਛਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਾਉਣ ਆਇਆ ਹੈ ।

੩. ਉਸ ਦਾ ਉਪਦੇਸ਼ ਅੰਤਿਮ ਹੈ ਤੇ ਇਸ ਦੇ ਬਾਅਦ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ ।

ਜ਼ਾਹਰ ਹੈ ਕਿ ਨਾਨਕ-ਬਿੰਬ ਪੈਗੰਬਰ-ਬਿੰਬ ਦੇ ਨੇੜੇ ਹੈ । ਪਰ ਸਾਮੀ ਸੰਕਲਪ ਨੂੰ ਸਵੀਕਾਰਨ ਵਾਲੀ ਇਸ ਬਾਣੀ ਦੀ ਭਾਸ਼ਾ-ਬਿਰਤੀ ਭਾਰਤੀ ਹੈ । ਕਾਰਣ, ਇਸ ਬਾਣੀ ਅਤੇ ਬਿੰਬ ਦਾ ਸਰੋਤਾ-ਵਰਗ ਭਾਰਤੀ ਹੈ । ਜਦੋਂ ਇਸ ਬਿੰਬ ਦੇ ਲੱਛਣ (੧) ਉਪਰ ਧਿਆਨ ਦਿਤਾ ਜਾਵੇ ਤਾਂ ਸਮਝ ਆ ਜਾਂਦੀ ਹੈ ਕਿ ਇਸ ਬਿੰਬ-ਰਚਨਾ ਦੀ ਸਮੁੱਚੀ ਸਾਮਗ੍ਰੀ ਭਾਰਤੀ ਕਿਉਂ ਹੈ । ਇਸ ਗੁਰੂ-ਵਰਣਨ ਵਿੱਚ ਸਿਖ ਪ੍ਰਤੱਖ ਜਾਂ ਪਰੋਖ ਰੂਪ ਵਿਚ ਲਾਜ਼ਮੀ ਤੌਰ ਤੇ ਹਾਜ਼ਰ ਹੈ ਤੇ ਸਿਖ-ਸਮੂਹ ਭਾਰਤੀ ਹੈ, ਸਾਮੀ ਨਹੀਂ ।

ਜੇ ਗੁਰੂ ਨਾਨਕ ਅੰਤਿਮ ਗੁਰੂ ਸੀ ਤਾਂ ਗੁਰੂ ਅੰਗਦ ਅਤੇ ਬਾਅਦ ਦੇ ਦੇ ਦੂਸਰੇ ਗੁਰੂਆਂ ਦੀ ਕੀ ਸਥਿਤੀ ਹੈ ? ਪ੍ਰਤੀਤ ਹੁੰਦਾ ਹੈ ਕਿ ਇਹ ਪ੍ਰਸ਼ਨ ਗੁਰੂ ਅੰਗਦ ਦੇ ਸਮੇਂ ਹੀ ਆਪਣੀ ਹੋਂਦ ਜਤਾਉਣ ਲਗ ਪਿਆ ਸੀ ਤੇ ਇਸ ਦੇ ਉਤਰ ਵਜੋਂ ਹੀ ਨਾਨਕ-ਬਿੰਬ ਦਾ ਇਕ ਹੋਰ ਉੱਘਾ ਲੱਛਣ ਉਦੈ ਹੋਇਆ ਤੇ ਛੇਤੀ ਹੀ ਨਾਨਕ-ਬਿੰਬ ਦਾ ਅਨਿੱਖੜ ਅੰਗ ਬਣ ਗਿਆ ਹੈ । ਨਾਨਕ ਦੇ ਬਾਅਦ ਕੌਣ ? ਪ੍ਰਸ਼ਨ ਦਾ ਉਤਰ ਹੈ : ਨਾਨਕ ਦੇ ਬਾਅਦ ਨਾਨਕ । ਗੁਰੂ ਅੰਗਦ ਦੇ ਸਮਕਾਲੀਨ ਬਲਵੰਡਿ ਅਤੇ ਸੱਤੇ ਨੇ ਗੁਰੂ ਅੰਗਦ ਦੇ ਨਾਨਕ-ਰੂਪ ਉਪਰ ਇਕ ਤੋਂ ਵਧੀਕ ਵਾਰ ਜ਼ੋਰ ਦਿੱਤਾ ਹੈ :

(੧) ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥
ਨਾਨਕ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈਡਾਲੀ ॥

(੨) ਲਹਿਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥

ਅੰਗਦ ਤੋਂ ਬਾਅਦ ਵੀ ਗੁਰੂ-ਪਰੰਪਰਾ ਗੁਰੂ-ਨਾਨਕ ਦਾ ਹੀ ਵਿਸਤਾਰ ਹੈ :

ਨਾਨਕੁ ਤੂ ਲਹਣਾ ਤੂਹੈ
ਗੁਰੁ ਅਮਰੁ ਤੂ ਵੀਚਾਰਿਆ ॥

ਜੇਕਰ ਗੁਰੂ ਨਾਨਕ ਦੀ ਕਲਪਨਾ ਪੈਗੰਬਰ—ਅਤੇ ਉਹ ਵੀ ਆਖ਼ਰੀ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਗੰਬਰ ਦੇ ਰੂਪ ਵਿਚ ਨਾ ਹੁੰਦੀ ਜਾਂ ਨਾ ਪ੍ਰਤੀਤ ਹੁੰਦੀ ਤਾਂ ਸ਼ਾਇਦ ਨਾਨਕ ਦੇ ਬਾਅਦ ਕੌਣ ਦਾ ਪ੍ਰਸ਼ਨ ਪੈਦਾ ਹੀ ਨਾ ਹੁੰਦਾ ਤੇ ਗੁਰੂ-ਪਰੰਪਰਾ ਵਿਚ ਨਾਨਕ ਏਕਤਾ ਦਾ ਵੀ ਸੰਕਲਪ ਉਦੈ ਨਾ ਹੁੰਦਾ। ਸੱਤਾ-ਬਲਵੰਡ ਹੀ ਨਹੀਂ, ਬਾਅਦ ਦੇ ਸਿੱਖ ਚਿੰਤਕਾਂ ਨੇ ਵੀ ਇਸੇ ਏਕਤਾ ਨੂੰ ਦ੍ਰਿੜਾਇਆ ਹੈ, ਭਾਈ ਗੁਰਦਾਸ ਸਤੇ-ਬਲਵੰਡ ਦੇ ਪੈਰ-ਚਿੰਨ੍ਹਾ ਉਪਰ ਚਲਦੇ ਹੋਏ ਕਹਿੰਦੇ ਹਨ :

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ ॥
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕ ਰੂਪ ਵਟਾਇਆ ॥
ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ ॥
ਕਾਇਆ ਪਲਟਿ ਸਰੂਪ ਬਣਾਇਆ ॥੪੫॥

ਸਤੇ-ਬਲਵੰਡ ਵਾਂਗ ਭਾਈ ਗੁਰਦਾਸ ਵੀ ਸਮੁੱਚੀ ਗੁਰੂ-ਪਰੰਪਰਾ ਨੂੰ ਗੁਰੂ ਨਾਨਕ ਦਾ ਹੀ ਵਿਸਥਾਰ ਮੰਨਦਾ ਹੈ :

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ ॥
ਅੰਗਦੁ ਅਲਖ ਅਭੇਉ ਸਹਜਿ ਸਮੋਇਆ ॥
ਅਮਰਹੁ ਅਮਰ ਸਮੇਉ ਅਲਖ ਅਲੋਇਆ ॥
ਰਾਮਨਾਮ ਅਰਿਖੇਉ ਅੰਮ੍ਰਿਤੁ ਚੋਇਆ।
ਗੁਰ ਅਰਜਨ ਕਰਿ ਸੇਉ ਢੋਐ ਢੋਇਆ ॥
ਗੁਰ ਹਰਿ ਗੋਬਿੰਦੁ ਅਮੇਉ ਅਮਿਉ ਵਿਲੋਇਆ ॥
ਸੱਚਾ ਸਚਿ ਸੁਚੇਉ ਸਚਿ ਖਲੋਇਆ ॥

ਸਤਾ ਤੇ ਬਲਵੰਡ ਗੁਰੂ ਨਾਨਕ ਦੇ ਪੈਗੰਬਰ ਰੂਪ ਬਾਰੇ ਵਧੇਰੇ ਸਪਸ਼ਟ ਨਜ਼ਰ ਆਉਂਦੇ ਹਨ। ਉਨ੍ਹਾਂ ਨੇ ਕੁਝ ਸ਼ਬਦ ਇਸਲਾਮੀ ਪਰਿਵਾਰ ਵਿਚੋਂ ਚੁਣੇ ਹਨ ਜਿਨ੍ਹਾਂ ਤੋਂ ਸਾਡਾ ਮਤ ਵਧੇਰੇ ਪੁਸ਼ਟ ਹੁੰਦਾ ਹੈ। 'ਰਾਮਕਲੀ ਕੀ ਵਾਰ' ਵਿਚ 'ਉਮਤ' ਸ਼ਬਦ ਦੀ ਵਰਤੋਂ ਇਕ ਤੋਂ ਵਧੀਕ ਵਾਰ ਹੋਈ ਹੈ। ਇਸ ਪ੍ਰਕਾਰ ਗੁਰੂ ਨਾਨਕ ਆਪਣੇ ਜੀਵਨ ਕਾਲ ਵਿਚ ਹੀ ਪੈਗੰਬਰ ਰੂਪ ਵਿਚ ਸਵੀਕਾਰ ਹੋ ਚੁਕਾ ਸੀ। ਗੁਰੂ ਨਾਨਕ (ਮੁਹੰਮਦ ਵਾਂਗ) ਆਪਣੇ ਹੱਥੀ ਪਰਵਾਰ-ਬਾਹਰੇ ਵਿਅਕਤੀ ਨੂੰ ਤਖ਼ਤ ਉਪਰ ਬਿਠਾ ਰਹੇ ਹਨ ਤੇ ਸਾਰੀ ਉਮਤ ਵੇਖ ਰਹੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(੧) ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈਡਾਲੀ ॥
ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ ॥

(੨) ਸਿਖਾ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥

ਗੁਰੂ ਦੀ ਦਰਗਾਹ ਉਪਰ 'ਨੂਰ' ਦੀ ਵਰਖਾ ਵੀ ਉਹਨਾਂ ਦੇ ਪੈਗੰਬਰ ਰੂਪ ਨੂੰ ਪੁਸ਼ਟ ਕਰਦੀ ਹੈ :

(੧) ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥

(2) ਹੋਵੈ ਸਿਫਤਿ ਖਸੰਮ ਦੀ ਨੂਰ ਅਰਸਹੁ ਕੁਰਸਹੁ ਝਟੀਐ ॥

ਰਾਮਕਲੀ ਕੀ ਵਾਰ ਵਿਚੋਂ ਹੋਰ ਵੀ ਅਜਿਹੇ ਉਦਾਹਰਣ ਪੇਸ਼ ਕੀਤੇ ਜਾ ਸਕਦੇ ਹਨ ਜਿਥੋਂ ਪਤਾ ਲਗਦਾ ਹੈ ਕਿ ਲੇਖਕਾਂ ਦੇ ਮਨ ਵਿਚ ਨਾਨਕ ਦਾ ਪੈਗੰਬਰ-ਰੂਪ ਸਥਿਰ ਹੋ ਚੁਕਾ ਸੀ। ਪਰ, ਇਸ ਵਾਰ ਦੀ ਨਾਨਕ-ਬਿੰਬ ਨੂੰ ਆਪਣੀ ਨਿਜੀ ਦੇਣ ਨਾਨਕ, ਅੰਗਦ, ਅਮਰਦਾਸ ਦੀ ਏਕਤਾ ਹੀ ਹੈ। ਏਕਤਾ ਦੀ ਇਹ ਭਾਵਨਾ ਨਾਨਕ-ਬਿੰਬ ਦਾ ਅਸਲੋਂ ਅਨਿਖੜ-ਅੰਗ ਹੈ। ਇਸ ਵਲ ਸੰਕੇਤ ਗੁਰੂ ਅਮਰਦਾਸ ਨੇ ਵੀ ਕੀਤਾ ਹੈ :

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸਕੀ ਰਜ਼ਾਇ ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥

ਨਾਨਕ ਬਿੰਬ ਦੇ ਹਰ ਪ੍ਰਮਾਣਿਕ ਵਿਆਖਿਆਤਾ ਨੇ ਇਸ ਏਕਤਾ ਵਲ ਧਿਆਨ ਦਿੱਤਾ ਹੈ। ਏਥੇ ਕੇਵਲ ਬਚਿਤ੍ਰ ਨਾਟਕ ਦੇ ਉਸ ਹਿੱਸੇ ਵਿਚ ਇਕ ਉਦਾਹਰਣ ਪੇਸ਼ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਿਆ ਜਾਂਦਾ ਹੈ :

ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰਿ ਇਹ ਲਗ ਮੋ ਕਰਾ ॥
ਅਮਰਦਾਸ ਪੁਨਿ ਨਾਮ ਕਹਾਯੋ ॥
ਜਨ ਦੀਪਕ ਤੇ ਦੀਪ ਜਗਾਯੋ ॥
... ...
ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅਮਰਦਾਸ ਅੰਗਦ ਪਹਿਚਾਨਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਮਰਦਾਸ ਰਾਮਦਾਸ ਕਹਾਯੋ ॥
ਸਾਧਨਿ ਲਖਾ ਮੂੜ ਨਹਿ ਪਾਯੋ ॥
ਭਿੰਨ ਭਿੰਨ ਸਭਹੂ ਕਰਿ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਾਥ ਨਾ ਆਈ ॥

ਨਾਨਕ-ਬਿੰਬ ਦਾ ਉਦੈ ਇਸਲਾਮੀ ਪ੍ਰਭੁਤਾ ਦੇ ਦਿਨਾਂ ਵਿਚ ਹੋਇਆ ਸੀ ਇਸ ਲਈ ਸੁਭਾਵਿਕ ਹੀ ਹੈ ਇਸਲਾਮੀ ਚਿੰਤਨ-ਵਿਧੀ ਦਾ ਸੁਚੇਤ ਜਾਂ ਅਚੇਤ, ਪ੍ਰਤੱਖ ਜਾਂ ਪਰੋਖ ਪ੍ਰਭਾਵ ਇਸ ਬਿੰਬ-ਰਚਨਾ ਉਪਰ ਪਿਆ ਹੋਵੇ। ਇਸ ਬਿੰਬ ਦਾ ਭਾਰਤੀਕਰਨ ਨਾਨਕ-ਏਕਤਾ ਦੇ ਸਿੱਧਾਂਤ ਰਾਹੀਂ ਹੀ ਹੋਇਆ। ਗੁਰੂ ਗੋਬਿੰਦ ਸਿੰਘ ਦੀ ਰਚਨਾ ਤੋਂ ਪਤਾ ਲਗਦਾ ਹੈ ਕਿ ਬਹੁਤੇ ਲੋਕਾਂ ਨੂੰ ਇਸ ਸਿਧਾਂਤ ਦੀ ਸਾਰਥਕਤਾ ਗ੍ਰਹਿਣ ਕਰਨ ਵਿਚ ਦਿੱਕਤ ਹੋ ਰਹੀ ਸੀ। ਬਹੁ-ਗਿਣਤੀ ਮੁਸਲਮਾਨਾਂ ਨੂੰ ਇਹ ਵਿਚਾਰ ਅਸਲੋਂ ਹੀ ਅਜੀਬ ਲਗਦਾ ਸੀ ਕਿਉਂਕਿ ਉਹਨਾਂ ਦੇ ਧਰਮ ਸਿਧਾਂਤ ਵਿਚ ਕਿਸੇ ਵਿਅਕਤੀ-ਆਤਮਾ ਦੇ ਸਥਾਨਾਂਤਰਨ ਲਈ ਕੋਈ ਜਗ੍ਹਾ ਨਹੀਂ। 'ਦਬਿਸਤਾਨਿ ਮਜ਼ਾਹਬ' ਦੇ ਕਰਤਾ ਨੇ ਇਸ ਤੱਥ ਦਾ ਉਲੇਖ ਤਾਂ ਕੀਤਾ ਹੈ ਪਰ ਇਸ ਤਰ੍ਹਾਂ ਕਿ ਆਪ ਉਸ ਨੂੰ ਇਸ ਉਪਰ ਵਿਸ਼ਵਾਸ ਨਾ ਆ ਰਿਹਾ ਹੋਵੇ। ਹਿੰਦੂ ਭਾਟ-ਕਵੀਆਂ ਲਈਆ ਲਈ ਇਹ ਤੱਥ ਗ੍ਰਹਿਣ ਕਰਨਾ ਵਧੇਰੇ ਆਸਾਨ ਸੀ, ਪਰ ਉਹਨਾਂ ਇਸ ਨੂੰ ਵੈਸ਼ਨਵ ਅਵਤਾਰ-ਭਾਵਨਾ ਦੇ ਸੰਦਰਭ ਵਿਚ ਹੀ ਗ੍ਰਹਿਣ ਕੀਤਾ ਹੈ। ਨਾਨਕ-ਅੰਗਦ-ਅਮਰਦਾਸ-ਏਕਤਾ ਬਾਵਨ-ਰਾਮ-ਕ੍ਰਿਸ਼ਨ-ਏਕਤਾ ਦਾ ਹੀ ਵਿਸਥਾਰ ਹੈ :

ਸਤਿਜੁਗਿ ਤੈ ਮਾਣਿਓ, ਛਲਿਓ ਬਲਿ, ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥ ਕੀਓ ॥
ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ, ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਫ਼ ਜ਼ਾਹਰ ਹੈ ਨਾਨਕ–ਅੰਗਦ–ਅਮਰਦਾਸ–ਏਕਤਾ ਦਾ ਸਿਧਾਂਤ ਨਿਰੋਲ ਸਿੱਖ ਸਿਧਾਂਤ ਹੈ। ਮੁਸਲਮਾਨ ਆਤਮਾ ਦੇ ਸਥਾਨਾਂਤਰਨ ਨੂੰ ਕਬੂਲ ਨਹੀਂ ਸਕਦੇ ਅਤੇ ਕਿਸੇ ਵੀ ਦੇਹਧਾਰੀ ਜੀਵ ਵਿਚ ਦਿੱਬਤਾ ਦਾ ਨਿਵਾਸ ਸਵੀਕਾਰ ਨਹੀਂ ਕਰ ਸਕਦੇ। ਮੁਹੰਮਦ ਖ਼ੁਦਾ ਦਾ ਰਸੂਲ ਹੈ, ਪਰ ਉਸ ਵਿਚ ਖ਼ੁਦਾਈ ਗੁਣਾਂ ਦਾ ਨਿਵਾਸ ਨਹੀਂ। ਹਿੰਦੂ ਕਵੀਆਂ ਤੇ ਵਿਦਵਾਨਾਂ ਨੇ ਇਸ ਦੀ ਜੋ ਵਿਆਖਿਆ ਪੇਸ਼ ਕੀਤੀ ਉਹ ਆਦਿ ਗ੍ਰੰਥ ਦਾ ਅੰਗ ਹੋਣ ਦੇ ਬਾਵਜੂਦ ਨਾ ਸਿਖ ਵਿਦਵਾਨਾਂ ਦੁਆਰਾ ਸਵੀਕਾਰੀ ਗਈ, ਨਾ ਸਿਖ ਜਨ-ਸਾਧਾਰਨ ਦੁਆਰਾ।

ਨਾਨਕ-ਬਿੰਬ ਦਾ ਉਦੈ ਇਸਲਾਮੀ ਪੈਗੰਬਰ ਅਤੇ ਹਿੰਦੂ ਅਵਤਾਰ ਦੇ ਤਨਾਉ ਵਿਚੋਂ ਹੋਂਦ ਵਿਚ ਆਇਆ ਹੈ। ਇਸ ਦੀ ਆਪਣੀ ਸੁਤੰਤਰ ਹੋਂਦ ਹੈ, ਇਹ ਬਿੰਬ ਇਕੋ ਸਾਹੇ ਦੋਹਾਂ ਨੂੰ ਸਵੀਕਾਰਦਾ ਵੀ ਹੈ ਅਤੇ ਰੱਦ ਵੀ ਕਰਦਾ ਹੈ।

ਨਾਨਕ-ਬਿੰਬ ਦਾ ਅਗਲਾ ਵਾਧਾ ਭਾਈ ਗੁਰਦਾਸ ਅਤੇ ਸਾਖੀਕਾਰਾਂ ਨੇ ਕੀਤਾ ਹੈ। ਉਹਨਾਂ ਤੋਂ ਪਹਿਲਾਂ ਗੁਰੂ ਅੰਗਦ ਗੁਰੂ ਨਾਨਕ ਨੂੰ ਅੰਤਮ ਗੁਰੂ ਦੇ ਰੂਪ ਵਿਚ ਸਵੀਕਾਰ ਕਰ ਚੁਕੇ ਸਨ ਤੇ ਗੁਰੂ ਅਰਜਨ ਉਹਨਾਂ ਨੂੰ 'ਸਭ ਤੇ ਵਡਾ' ਕਹਿ ਚੁਕੇ ਸਨ, ਉਹਨਾਂ ਦਾ ਦਾਅਵਾ ਤਾਂ ਏਥੋਂ ਤੀਕ ਹੈ ਕਿ ਗੁਰੂ ਨਾਨਕ ਦੀ ਵਡਿਆਈ ਸਾਰੇ ਸੰਸਾਰ ਵਿਚ ਸਰਬ-ਵਿਦਿਤ ਹੈ :

(੧) ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨ ਕਲ ਰਾਖੀ ਮੇਰੀ ॥

(੨) ਪ੍ਰਗਟ ਭਈ ਜਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ।

ਭਾਈ ਗੁਰਦਾਸ ਨੇ ਇਸੇ ਵਡਿੱਤਣ ਨੂੰ 'ਵਿਜੈ' ਰੂਪ ਵਿਚ ਪੇਸ਼ ਕੀਤਾ ਹੈ। ਕੁਝ ਪੰਗਤੀਆਂ ਉਦਾਹਰਣ ਵਜੋਂ ਪੇਸ਼ ਹਨ :—

(੧) ਗੜ ਬਗਦਾਦੁ ਨਿਵਾਇ ਕੈ ਮੱਕਾ ਮਦੀਨਾ ਸਭੇ ਨਿਵਾਇਆ ॥

... ...

ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।
ਜੀਤੀ ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।

... ...

ਹਿੰਦੂ ਮੁਸਲਮਾਣਿ ਨਿਵਾਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(੨) ਜਿਣ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ ।

ਨਾਨਕ ਬਿੰਬ ਨੂੰ ਬਿਰਤਾਂਤ ਰੂਪ ਵਿਚ ਪੇਸ਼ ਕਰਨ ਦੀ ਪਿਰਤ ਦਾ ਅਰੰਭ ਭਾਈ ਗੁਰਦਾਸ ਤੋਂ ਹੀ ਹੁੰਦਾ ਹੈ । ਇਸ ਤੋਂ ਬਾਅਦ ਜੋ ਵੀ ਜਨਮ-ਸਾਖੀਆਂ ਜਾਂ ਪ੍ਰਬੰਧ-ਕਾਵਿ ਲਿਖੇ ਗਏ, ਉਨ੍ਹਾਂ ਵਿਚ ਗੁਰੂ ਨਾਨਕ ਦਿਗ ਵਿਜਯੀ ਦੇ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ । ਵਿਸ਼ੇਸ਼ ਧਿਆਨਯੋਗ ਗੱਲ ਇਹ ਹੈ ਕਿ ਵਿਜੈ ਯਾਤਰਾ ਦੀ ਦਿਸ਼ਾ ਬਹੁਤ ਕਰਕੇ ਇਸਲਾਮ ਵਲ ਰਹੀ ਹੈ । ਆਧੁਨਿਕ ਯੁਗ ਵਿਚ ਇਹ ਵਿਚਾਰ ਪ੍ਰਚਲਿਤ ਕੀਤਾ ਗਿਆ ਹੈ ਕਿ ਗੁਰੂ ਨਾਨਕ ਨੇ ਹਿੰਦੂ ਧਰਮ ਤੇ ਇਸਲਾਮ 'ਚ ਸੁਮੇਲ ਸਥਾਪਿਤ ਕਰਨ ਦਾ ਉਦਮ ਕੀਤਾ । ਇਹ ਵਿਚਾਰ ਨਾਨਕ-ਬਿੰਬ ਵਿਚ ਵਿਚੰ ਸਥਾਈ ਸਥਾਨ ਪ੍ਰਾਪਤ ਨਹੀਂ ਕਰ ਸਕਿਆ । ਉਨ੍ਹਾਂ ਹਿੰਦੂ-ਧਰਮ ਜਾਂ ਇਸਲਾਮ ਦੇ ਕਾਬਲ-ਕਾਬੂਲ ਸਿਧਾਂਤਾਂ ਨੂੰ ਸਵੀਕਾਰ ਕਰਕੇ ਉਨ੍ਹਾਂ ਦਾ ਇਕ ਨਵਾਂ ਸੰਗ੍ਰਹਿ ਪੇਸ਼ ਕੀਤਾ ਹੈ—ਅਜਿਹਾ ਮਤ ਨਾਨਕਧਾਰਾ ਦੇ 'ਕਲਾਕਾਰਾ ਤੇ ਵਿਚਾਰਕਾਂ ਨੂੰ ਸਵੀਕਾਰ ਨਾ ਹੋ ਸਕੇਗਾ । ਭਾਈ ਗੁਰਦਾਸ ਨਾਨਕ-ਉਦੇ ਦੀ ਗੱਲ ਹਿੰਦੂ-ਮੁਸਲਿਮ ਤਨਾਉ ਦੇ ਸੰਦਰਭ ਵਿਚ ਕਰਦੇ ਹਨ ਅਤੇ ਦੋਹਾਂ ਨੂੰ ਨਾਨਕ-ਦ੍ਰਿਸ਼ਟੀ ਤੋਂ ਖੰਡਨ-ਜੋਗ ਸਮਝਦੇ ਹਨ । ਦੋਹਾਂ ਵਿਚੋਂ ਕਿਸੇ ਇਕ ਵਲ ਜਾਂ ਦੋਹਾਂ ਵਲ ਝੁਕਾਉ ਗੁਰੂ ਨਾਨਕ ਦੀ ਬਾਣੀ ਜਾਂ ਭਾਵ-ਮੁਦ੍ਰਾ ਵਿਚ ਨਹੀਂ । ਗੁਰੂ ਨਾਨਕ ਦੀ ਭਾਵ-ਮੁਦ੍ਰਾ ਸਮਝੌਤੇ ਜਾਂ ਆਗਿਆ-ਕਾਰਿਤਾ ਦੀ ਨਹੀਂ, ਸਿਰਜਨਾਤਮਕ ਵਿਜੈ ਦੀ ਹੈ । 'ਨਾ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਸ਼ਾਇਦ ਰਤਾ ਕੁ ਬਾਅਦ ਦੀ ਉਪਜ ਹੈ, ਸਭ ਤੋਂ ਪਹਿਲਾਂ ਭਾਈ ਗੁਰਦਾਸ ਨੇ ਹੀ ਗੁਰੂ ਨਾਨਕ ਨੂੰ ਸਿਰਜਨਾਤਮਕ ਵਿਜਈ ਦੇ ਰੂਪ ਵਿਚ ਪਛਾਣਿਆ ਸੀ । ਉਸ ਦੀ ਮੁਦ੍ਰਾ ਧਾਰਮਿਕ ਜੋਧੇ ਦੀ ਹੈ । ਇਹ ਤਾਂ ਨਿਸਚਿਤ ਹੈ ਕਿ ਗੁਰੂ ਨਾਨਕ ਦੀਆਂ ਸਾਰੀਆਂ ਯਾਤਰਾਵਾਂ ਧਾਰਮਿਕ ਸਥਾਨਾਂ ਅਤੇ ਪੁਰਬਾਂ ਨਾਲ ਸੰਬੰਧਿਤ ਹਨ ਅਤੇ ਹਰ ਥਾਂ ਉਹ ਪੁਰਾਤਨ ਪਰੰਪਰਾ ਅਨੁਸਾਰ ਤੀਰਥ-ਕਰਮ ਲਈ ਨਹੀਂ ਗਏ, ਸਗੋਂ ਵਿਵਾਦ ਜਾਂ ਸੰਵਾਦ ਦੇ ਮਾਧਿਅਮ ਰਾਹੀਂ ਯੁੱਧ ਕਰਨ ਗਏ ਹਨ । ਧਰਮ-ਯੁਧ ਦਾ ਸਪਸ਼ਟ ਉਲੇਖ ਤਾਂ ਗੋਬਿੰਦ-ਬਾਣੀ ਵਿਚ ਮਿਲਦਾ ਹੈ, ਪਰ ਇਸ ਦੀ ਨੀਂਹ ਨਿਸਚੇ ਹੀ ਗੁਰੂ ਨਾਨਕ ਦੇ ਜੀਵਨ-ਕਥਨ ਰਾਹੀਂ ਰੱਖੀ ਜਾ ਚੁਕੀ ਸੀ । ਕੁਝ ਵਿਦਵਾਨਾਂ ਦਾ ਮਤ ਹੈ ਕਿ ਧਰਮ-ਜੁਧ ਦਾ ਸੰਕਲਪ ਇਸਲਾਮੀ ਜਿਹਾਦ ਦੀ ਦੇਣ ਹੈ, ਪਰ ਇਹ ਗੱਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਧਿਆਨ ਜੋਗ ਹੈ ਕਿ ਇਸ ਦੀ ਵਰਤੋਂ ਵੀ ਇਸਲਾਮ ਪ੍ਰਤੀ ਹੀ ਹੋਈ। ਇਸੇ ਪ੍ਰਕਾਰ ਜੇ ਅੰਤਿਮ-ਗੁਰੂ ਦੇ ਸੰਕਲਪ ਨੂੰ ਆਖਰੀ-ਨਬੀ ਤੋਂ ਪ੍ਰੇਰਿਤ ਮੰਨ ਲਿਆ ਜਾਵੇ ਤਾਂ ਇਹ ਗੱਲ ਵੀ ਸਵੀਕਾਰਨੀ ਪਵੇਗੀ ਕਿ ਇਸ ਸੰਕਲਪ ਦੀ ਵਰਤੋਂ ਨਾਲ ਮੁਹੰਮਦ ਆਖ਼ਰੀ-ਨਬੀ ਦੇ ਰੂਪ ਵਿਚ ਰੱਦ ਵੀ ਹੁੰਦਾ ਹੈ। ਅੰਤਿਮ-ਗੁਰੂ ਅੰਤਿਮ-ਨਬੀ ਨੂੰ ਰੱਦ ਕਰਦਾ ਹੈ ਅਤੇ ਧਰਮ-ਯੁਧ ਮੁਜਾਹਿਦਾਂ ਦੇ ਹਥਿਆਰ ਨੂੰ ਖੁੰਢਾ ਕਰਦਾ ਹੈ। ਸੰਖੇਪ ਵਿਚ, ਨਾਨਕ-ਬਿੰਬ ਦੇ ਸਿਰਜਨਾ-ਤਮਕ ਖੰਡਨ ਦੀ ਸਪਸ਼ਟ ਦਿਸ਼ਾ ਇਸਲਾਮ ਵਲ ਹੈ।

ਗੁਰੂ ਨਾਨਕ ਤੋਂ ਇਕ ਪੈਗੰਬਰੀ ਅਤੇ ਧਰਮ-ਜੁਧ ਦੀ ਨਵੀਨ ਪਰੰਪਰਾ ਦਾ ਹੀ ਉਦੇ ਨਹੀਂ ਹੁੰਦਾ, ਇਕ ਨਵੀਨ ਰਾਜ-ਭਾਵਨਾ ਵੀ ਅੰਗੜਾਈ ਲੈਂਦੀ ਦਿਸ ਆਉਂਦੀ ਹੈ। ਗੁਰੂ ਨਾਨਕ ਤੋਂ ਕੇਵਲ ਇਕ ਧਰਮ-ਪਰੰਪਰਾ ਦਾ ਅਰੰਭ ਹੀ ਨਹੀਂ ਹੁੰਦਾ, ਇਕ ਰਾਜ-ਪਰੰਪਰਾ ਦਾ ਅਰੰਭ ਵੀ ਹੁੰਦਾ ਹੈ। ਇਸ ਸੰਬੰਧ ਵਿਚ ਗੁਰੂ ਨਾਨਕ ਤੋਂ ਬਾਅਦ ਦੇ ਗੁਰੂ ਸਾਹਿਬਾਨ ਮੌਨ ਹਨ, ਪਰ ਇਸ ਦੀ ਚਰਚਾ ਗੁਰੂ ਅੰਗਦ ਦੇ ਸਮੇਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਏਥੇ ਵੀ ਸਤੇ ਬਲਵੰਡ ਲਿਖਿਤ ਵਾਰ ਤੋਂ ਸਾਨੂੰ ਨਿਸਚਿਤ ਸੰਕੇਤ ਮਿਲਦੇ ਹਨ :

(੧) ਨਾਨਕ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ॥
(੨) ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥
(੩) ਤੁਧ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥
(੪) ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ ॥
(੫) ਨਾਨਕ ਕਾਇਆ ਪਲਟ ਕਰਿ ਮਲਿ ਤਖਤੁ ਬੈਠਾ ਸੈਡਾਲੀ ॥
(੬) ਸੋ ਟਿਕਾ ਸੋ ਬੈਹਣਾ ਸੋ ਬੈਹਣਾ ਸੋਈ ਦੀਬਾਣੁ ॥
(੭) ਧੰਨ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥

ਇਨ੍ਹਾਂ ਸੰਕੇਤਾਂ ਨੂੰ ਰੂਪਕ-ਰਚਨਾ ਕਹਿ ਕੇ ਹੀ ਟਾਲਿਆ

ਆਪ ਕਰੇ ਪਰਮੇਸਰ ਸੋਊ।
ਦੀਨ ਸਾਹ ਇਨ ਕੋ ਪਹਿਚਾਨੋ।
ਦੁਨੀ ਪਤੀ ਉਨ ਕੋ ਅਨੁਮਾਨੋ।

ਬਚਿਤਰ-ਨਾਟਕ ਵਿਚ ਦੋ ਬੰਸਾਵਾਲੀਆਂ ਚਿਤਰੀਆਂ ਗਈਆਂ ਹਨ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜ-ਬੰਸਾਵਲੀ ਅਤੇ ਧਰਮ ਬੰਸਾਵਲੀ । ਪਹਿਲੀ ਬੰਸਾਵਲੀ ਵਿਚ ਰਾਜੇ ਰਾਜ ਮਾਰਗ ਤਿਆਗ ਕੇ ਧਰਮ-ਮਾਰਗ ਗ੍ਰਹਿਣ ਕਰਦੇ ਹਨ ਤੇ ਦੂਸਰੀ ਬੰਸਾਵਲੀ ਵਿਚ ਪਰਮਾਤਮਾ ਦੇ ਭੇਜੇ ਅਵਤਾਰ ਜਾਂ ਪੈਗੰਬਰ ਧਰਮ ਕਰਮ ਤੋਂ ਉਖੜ ਕੇ ਰਾਜੇ ਬਣ ਬੈਠਦੇ ਹਨ। ਗੁਰੂ ਨਾਨਕ ਦਾ ਉਲੇਖ ਪਹਿਲੀ ਬੰਸਾਵਲੀ ਦੇ ਅਖੀਰ ਉਪਰ ਹੈ ਅਤੇ ਮੁਹੰਮਦ ਸਾਹਿਬ ਦਾ ਉਲੇਖ ਦੂਸਰੀ ਬੰਸਾਵਲੀ ਦੇ ਅਖੀਰ ਉਪਰ । ਦੋਵੇਂ ਕਾਲ-ਚੱਕਰ ਵਸ ਆਪੋ-ਆਪਣੀ ਪਰਵਾਰ-ਪਰੰਪਰਾ ਤੋਂ ਟੁਟੇ ਹੋਏ ਹਨ, ਤੇ ਪਰੋਖ ਰੂਪ ਵਿਚ, ਦੋਹਾਂ ਵਿਚਕਾਰ ਤਨਾਉ ਦਾ ਵਾਤਵਰਨ ਹੈ। ਗੁਰੂ ਗੋਬਿੰਦ ਸਿੰਘ ਦੇ ਬਾਅਦ ਇਸੇ ਤਨਾਉ ਨਾਲ ਸੰਬੰਧਿਤ ਰਾਜ-ਭਾਵਨਾ ਨਾਨਕ-ਮਾਰਗ ਦਾ ਪ੍ਰਧਾਨ ਲੱਛਣ ਸੀ। ਇਸ ਸੰਬੰਧ ਵਿਚ ਮੈਂ ਕੇਵਲ ਇਕੋ ਗ੍ਰੰਥ ਵਲ ਸੰਕੇਤ ਕਰਨਾ ਚਾਹਾਂਗਾ ਜਿਸ ਵਿਚ ਰਾਜ-ਭਾਵਨਾ ਪ੍ਰਚੰਡ-ਰੂਪ ਵਿਚ ਪੇਸ਼ ਹੋਈ ਹੈ। ਇਹ ਪੁਸਤਕ ਹੈ ਰਤਨ ਸਿੰਘ ਭੰਗੂ ਰਚਿਤ ਪ੍ਰਾਚੀਨ ਪੰਥ ਪ੍ਰਕਾਸ਼। ਇਸ ਲੇਖਕ ਨੇ ਜਿਥੋਂ ਤਕ ਹੋਇਆ ਤੱਥ-ਮੂਲਕ ਇਤਿਹਾਸ-ਦ੍ਰਿਸ਼ਟੀ ਤੋਂ ਕੰਮ ਲਿਆ ਹੈ। ਪਰ, ਸਿੱਖ ਜੋਧਿਆਂ ਦੇ ਮਨ ਵਿਚ ਵਸਦੇ ਨਾਨਕ-ਬਿੰਬ ਦਾ ਵੀ ਸਪਸ਼ਟ ਉਲੇਖ ਕੀਤਾ ਹੈ। ਗੁਰੂ ਨਾਨਕ ਤਾਂ ਜਨਮ ਸਮੇਂ ਹੀ ਪਾਤਸ਼ਾਹ ਪ੍ਰਤੀਤ ਹੁੰਦਾ ਸੀ :

ਕੋਊ ਕਹੈ ਪਾਤਸ਼ਾਹ ਯਹ ਹੋਉਗੁ ਸੁ ਛਤ੍ਰ ਧਾਰ ॥

ਇਸ ਨੇ ਰਾਏ ਬੁਲਾਰ ਨੂੰ ਦਿੱਲੀ ਦੀ ਵਜ਼ੀਰੀ ਅਤੇ ਬਾਬਰ ਨੂੰ ਦਿੱਲੀ ਦੀ ਪਾਤਿਸ਼ਾਹੀ ਬਖਸ਼ੀ। ਬਾਅਦ ਵਿਚ ਜਦੋਂ ਬਾਬਰ-ਪਰਵਾਰ ਆਪਣੇ ਕੌਲ-ਇਕਰਾਰ ਭੁਲ ਗਿਆ ਤਾਂ ਸਿੱਖਾਂ ਨੇ ਇਸ਼ੇ ਬਖ਼ਸ਼ੇ ਹੋਏ ਰਾਜ ਨੂੰ ਵਾਪਸ ਲੈਣ ਦਾ ਉਦਮ ਕੀਤਾ। ਪਾਤਸ਼ਾਹੀ ਦਾ ਦਾਅਵਾ ਤਾਂ ਗੁਰੂ ਨਾਨਕ ਦੇ ਕੁਝ ਚਿਰ ਬਾਅਦ ਗੁਰੂ ਅਮਰ ਦਾਸ ਨੇ ਹੀ ਕਰ ਦਿਤਾ ਸੀ :

ਅੰਗਦ ਤੇ ਗੁਰ ਭਯੋ ਅਮਰਦਾਸ ॥
ਕੀਯੋ ਪਾਤਸਾਹੀ ਦਾਵਾ ਜਾਸ ॥
ਬਾਈ ਸੂਬੇ ਜਿਨੈ ਨਿਵਾਜੇ ॥
ਪਾਤਸ਼ਾਹੀ ਦਾਵੈ ਜਿਤਨ ਜਿਤਾਏ ॥

ਗੁਰੂ ਨਾਨਕ ਨਾਲ ਸੰਬੰਧਿਤ ਪਾਤਸ਼ਾਹੀ ਦਾਅਵਾ ਇਤਨਾ ਪ੍ਰਬਲ ਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਾਰਨ ਕਰ ਗਿਆ ਸੀ ਕਿ ਜਦੋਂ ਕਦੀ ਸਿਖਾਂ ਨੂੰ ਕੁਝ ਇਲਾਕੇ ਉਪਰ ਰਾਜ ਦੀ ਪੇਸ਼ਕਸ਼ ਵੀ ਹੁੰਦੀ ਹੈ ਤਾਂ ਉਹ ਠੁਕਰਾ ਦੇਂਦੇ ਹਨ। ਉਹਨਾਂ ਦੇ ਮਨ ਨਹੀਂ ਜਾ ਸਕਦਾ।

ਰੂਪਕ-ਰਚਨਾ ਦੇ ਉਪਮਾਨ ਵੀ ਕਵੀ-ਚਿੱਤ-ਦੀ ਰੀਝ-ਸੱਧਰ ਤੋਂ ਨਿਖੇੜੇ ਨਹੀਂ ਜਾ ਸਕਦੇ। ਇਨ੍ਹਾਂ ਰਾਜ-ਸੰਕੇਤਾਂ ਨੂੰ ਕੇਵਲ ਸਤੇ-ਬਲਵੰਡ ਤਕ ਹੀ ਸੀਮਿਤ ਨਾ ਸਮਝਿਆ ਜਾਵੇ। ਨਾਨਕ-ਮਾਰਗ ਵਿਚ ਇਹ ਬਾਰ-ਬਾਰ ਵਰਤੇ ਜਾਂਦੇ ਹਨ ਤੇ ਇਕ ਪ੍ਰਕਾਰ ਇਹ ਪਰੰਪਰਾ ਦਾ ਰੂਪ ਧਾਰਦੇ ਹਨ। ਆਦਿ ਗ੍ਰੰਥ ਵਿਚ ਰਾਮਕਲੀ ਦੀ ਸਦ ਵੀ ਗੁਰੂ-ਮਾਰਗ ਨੂੰ ਰਾਜ-ਮਾਰਗ ਵਾਂਗ ਪੇਸ਼ ਕਰਦੀ ਹੈ:

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪ ਟਿਕਾਇਆ ॥

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਸੇ ਪ੍ਰਕਾਰ ਦੀ ਧਰਮ-ਮਿਸ੍ਰਿਤ ਰਾਜ-ਭਾਵਨਾ ਅੰਕਿਤ ਹੈ:

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਪੰਥ ਚਲਾਇਆ ॥

(੧) ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰ ਛਤ੍ਰ ਫਿਰਾਇਆ ॥

(੨) ਸਤਿਗੁਰ ਸੱਚਾ ਪਾਤਸਾਹੁ ਬੇਪਰਵਾਹੁ ਅਥਾਹੁ ਸਹਾਬਾ ॥

... ...

ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ ॥

... ...

ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ ॥

(੩) ਬਾਬਰ ਕੇ ਬਾਬੇ ਮਿਲੇ ਨਿਵ ਨਿਵ ਸਭ ਨਾਬਾਬ ਰਚਾਯਾ ॥

ਜਿਵੇਂ ਕਿ ਮੈਂ ਉਪਰ ਸੰਕੇਤ ਕਰ ਆਇਆ ਹਾਂ ਕਿਸੇ ਵੀ ਕੌਮ ਦੇ ਪੁਰਾਣ-ਬਿੰਬ ਦੀ ਰਚਨਾ ਵਿਚ ਉਸ ਕੌਮ ਦੀਆਂ ਰੀਝਾਂ, ਆਕਾਂਖਿਆਵਾਂ ਤੇ ਸੁਪਨਿਆਂ ਦਾ ਹੱਥ ਹੁੰਦਾ ਹੈ। ਇਹ ਰਚਨਾਵਾਂ ਉਸ ਸਮੇਂ ਦੀਆਂ ਹਨ ਜਦੋਂ ਨਾਨਕ-ਮਾਰਗ ਨੂੰ ਰਾਜ ਪ੍ਰਾਪਤ ਨਹੀਂ ਸੀ। ਗੁਰੂ ਹੀ ਪਾਤਸ਼ਾਹ ਸਨ ਅਤੇ ਪਾਤਸ਼ਾਹੀ ਵੀ। ਗੁਰੂ ਗੋਬਿੰਦ ਸਿੰਘ ਨਾਨਕ-ਮਾਰਗੀ ਗੱਦੀ ਨੂੰ ਰਾਜ-ਸਾਜ ਹੀ ਮੰਨਦੇ ਹਨ ਅਤੇ ਬਾਬੇ ਪਰਵਾਰ ਨੂੰ ਦੀਨ ਸ਼ਾਹ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(੧) ਰਾਜ ਸਾਜ ਜਬ ਹਮ ਪਰ ਆਯੋ।
ਯਥਾ ਸਕਤਿ ਤਬ ਧਰਮ ਚਲਾਯੋ।

(੨) ਬਾਬੇ ਕੇ ਬਾਬਰ ਕੇ ਦੋਊ।

ਅੰਦਰ ਇਹ ਵਿਚਾਰ ਸਥਿਰ ਹੋ ਚੁਕਾ ਹੈ ਕਿ ਪਾਤਸ਼ਾਹੀ ਗੁਰੂ ਦੀ ਹੈ ਤੇ ਗੁਰੂ ਨੇ ਆਪਣੇ ਸਿਖਾਂ ਨੂੰ ਬਖਸ਼ੀ ਹੈ। ਇਹ ਕਿਸੇ ਹੋਰਸ ਪਾਸੋਂ ਬਖ਼ਸ਼ੀਸ਼ ਵਿਚ ਨਹੀਂ ਲਈ ਜਾ ਸਕਦੀ, ਆਪਣੇ ਜ਼ੋਰ ਨਾਲ ਲੜ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

('ਅਧਿਅਨ ਤੇ ਅਧਿਆਪਨ' ਵਿਚੋਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ: ਸੋਹਿੰਦਰ ਸਿੰਘ ਵਣਜਾਰਾ ਬੇਦੀ

ਲੋਕ-ਕਲਾ

ਸ਼ਰੀਰਕ ਲੋੜਾਂ ਵਾਂਗ ਮਨੁੱਖ ਦੀਆਂ ਕੁਝ ਮਾਨਸਿਕ ਲੋੜਾਂ ਵੀ ਹਨ, ਜਿੰਨਾਂ ਦੀ ਤ੍ਰਿਪਤੀ ਸੁਹਜ ਰਸ ਨਾਲ ਹੁੰਦੀ ਹੈ। ਸੁਹਜ ਨੂੰ ਮਾਨਣ ਦੀ ਇੱਛਾ ਨੇ ਕਲਾ ਨੂੰ ਜਨਮ ਦਿਤਾ। ਉਹ ਕਲਾ, ਜਿਸ ਨੂੰ ਆਦਿ ਕਾਲ ਤੋਂ ਅਨੇਕਾਂ ਕਿਰਤੀਆਂ ਨੇ, ਆਪਣੇ ਅਨੁਭਵ ਨਾਲ ਸਿੰਜ ਕੇ ਰਸਾਇਆ, ਪਕਾਇਆ ਤੇ ਨਿਖਾਰਿਆ ਅਤੇ ਜੋ ਪਰੰਪਰਾ ਦੀ ਧਾਰਾ ਦਾ ਅੰਗ ਬਣ ਕੇ ਵਿਗਸੀ, ਲੋਕ-ਕਲਾ ਅਖਵਾਈ। ਲੋਕ-ਕਲਾ ਦੀ ਵੱਡੀ ਸਿਫ਼ਤ ਇਹ ਹੈ ਕਿ ਇਹ ਸੁਹਜ ਰਸ ਦੀ ਤ੍ਰਿਪਤੀ ਕਰਨ ਦੇ ਨਾਲ ਉਪਯੋਗੀ ਵੀ ਹੁੰਦੀ ਹੈ ਅਤੇ ਜੀਵਨ ਵਿਚ ਸਹਿਜ ਰੂਪ ਵਿਚ ਰਚੀ ਹੁੰਦੀ ਹੈ।

ਲੋਕ ਕਲਾ ਜੀਵਨ ਦੀਆਂ ਲੋੜਾਂ ਵਿਚੋਂ ਉਪਜੀ ਹੋਣ ਕਰਕੇ ਜਨ-ਜੀਵਨ ਤੇ ਸਭਿਆਚਾਰ ਨਾਲ ਇਕ ਰਸ ਹੁੰਦੀ ਹੈ। ਇਸ ਦਾ ਸੋਹਜ ਤੇ ਛਬਨ ਜਾਤੀ ਦੀਆਂ ਕਲਾ ਰੁਚੀਆਂ ਦਾ ਬੋਧਿਕ ਹੈ। ਲੋਕ ਕਲਾ ਪਿੰਡਾਂ ਦੇ ਅਲੜ੍ਹ ਲੋਕਾਂ ਦੀਆਂ ਅੰਤ੍ਰੀਵ ਖ਼ਾਹਿਸ਼ਾਂ, ਭਾਵਨਾਵਾਂ ਤੇ ਤਜ਼ਰਬਿਆਂ ਦਾ ਸੁਭਾਵਕ ਪ੍ਰਗਟਾਵਾ ਹੈ ਅਤੇ ਇਸ ਵਿਚ ਸਦੀਆਂ ਤੋਂ ਚਲੀਆਂ ਆ ਰਹੀਆਂ ਕਲਾ-ਰੁਚੀਆਂ ਸਹਿਜ ਭਾਵ ਵਿਚ ਹੀ ਪ੍ਰਫੁਲਤ ਹੁੰਦੀਆਂ ਰਹੀਆਂ ਹਨ। ਪੀੜ੍ਹੀਆਂ ਦਾ ਅਨੁਭਵ ਖੁਰ ਖੁਰ ਕੇ ਇਸ ਕਲਾ ਨੂੰ ਨਿਖਾਰਦਾ ਤੇ ਸੰਵਾਰਦਾ ਰਿਹਾ ਹੈ। ਭਾਵੇਂ ਵੇਖਣ ਵਿਚ ਲੋਕ ਕਲਾ ਸਾਦੀ ਜਿਹੀ ਲਗਦੀ ਹੈ; ਪਰ ਇਸ ਵਿਚ ਕਲਾ ਦੀ ਇਕ ਪ੍ਰਬਲ ਕਣੀ ਹੁੰਦੀ ਹੈ, ਜੋ ਇਸ ਦੀ ਛਬੀ ਨੂੰ ਮਨਮੋਹਣਾ ਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ-ਕਲਾ ਘਰਾਂ ਦਾ ਸੁਹਜ ਤੇ ਸ਼ਿੰਗਾਰ ਹੈ। ਹਰ ਮਨੁੱਖ ਵਿਚ ਜਨਮ ਤੋਂ ਹੀ ਸੁੰਦਰਤਾ ਦੀ ਭੁੱਖ ਹੁੰਦੀ ਹੈ ਤੇ ਇਸ ਦੀ ਤ੍ਰਿਪਤੀ ਸਾਧਾਰਨ ਜੀਵਨ ਵੇਗ ਵਿਚ ਲੋਕ ਕਲਾ ਹੀ ਕਰਦੀ ਹੈ। ਨਿੱਤ ਵਰਤੋਂ ਦੀਆਂ ਚੀਜ਼ਾਂ ਨੂੰ ਲੋਕ ਕਲਾ ਇਕ ਜਲੌ ਬਖਸ਼ਦੀ ਹੈ ਅਤੇ ਸਾਧਾਰਨ ਤੋਂ ਅਸਾਧਾਰਨ ਬਣਾ ਦੇਂਦੀ ਹੈ। ਘਰਾਂ ਵਿੱਚ ਵਰਤੀਂਦੇ ਖੇਸ, ਦਰੀਆਂ, ਗ਼ਲੀਚੇ ਅਤੇ ਫੁਲਕਾਰੀਆਂ ਵਿਚ ਰੰਗਾਂ, ਪੈਟਰਨਾਂ, ਤੇ ਕਲਾ ਰੂੜੀਆਂ ਦੁਆਰਾ, ਲਕੜੀ ਜਾਂ ਦੰਦ ਖੰਦ ਦੀਆਂ ਬਣੀਆਂ ਘਰੋਗੀ ਵਰਤੋਂ ਦੀਆਂ ਕਲਾ-ਕਿਰਤਾਂ ਵਿਚ ਰੂਪ ਤੇ ਨਿਕਾਸੀ ਨਾਲ; ਗਹਿਣਿਆਂ ਵਿਚ ਵੰਨ-ਸੁਵੰਨੇ ਪੈਟਰਨਾਂ ਤੇ ਕਲਾ ਛਬੀਆਂ ਦੇ ਸੁਹਜ ਨਾਲ, ਮਿਟੀ ਜਾਂ ਧਾਤ ਦੇ ਬਣੇ ਬਰਤਨਾਂ ਵਿਚ ਫੁੱਲਾਂ, ਵੇਲਾਂ ਤੇ ਬੂਟਿਆਂ ਨਾਲ, ਕੰਧਾਂ ਉੱਤੇ ਉਕਰੇ ਦੇਵੀ ਦੇਵਤਿਆਂ, ਜਨੌਰਾਂ ਤੇ ਫੁੱਲਾਂ ਦੇ ਚਿੱਤਰਾਂ ਨਾਲ, ਇਹ ਕਲਾ ਸਾਡੇ ਜੀਵਨ ਵਿਚ ਸੁਹਜ ਖਿਲੇਰਦੀ ਤੇ ਸਾਡੀਆਂ ਕਲਾ ਰੁਚੀਆਂ ਨੂੰ ਸੰਤੁਸ਼ਟ ਕਰਨ ਤੋਂ ਬਿਨਾਂ ਮਾਨਸਕ ਤੇ ਆਤਮਕ ਤ੍ਰਿਪਤੀ ਦਿੰਦੀ ਰਹੀ ਹੈ।

ਲੋਕ ਕਲਾ ਦਾ ਮੁੱਢ ਵੀ ਬੋਲੀ ਜਾਂ ਲਿਪੀ ਵਾਂਗ ਦੈਵੀ ਹੈ, ਕਿਹਾ ਜਾਂਦਾ ਹੈ ਕਿ ਸੰਸਾਰ ਦੇ ਮੁਢ ਵਿਚ, ਭੈਆਜੀਤ ਨਾਂ ਦਾ ਇਕ ਸੱਤਵਾਦੀ ਰਾਜਾ ਹੋਇਆ, ਜੋ ਪੂਜਾ ਪਾਠ ਤੇ ਤਪਸਿਆ ਦੇ ਨਾਲ ਨੌਲ, ਲੋਕਾ ਦੇ ਸੁਖ ਦੇ ਸਾਧਨਾਂ ਲਈ ਸੋਚਦਾ ਰਹਿੰਦਾ ਸੀ। ਉਸ ਨੇ ਆਪਣੀ ਨਗਰੀ ਨੂੰ ਸਵੱਰਗ ਵਾਂਗ ਖ਼ੁਸ਼ਹਾਲ ਬਣਾਇਆ ਹੋਇਆ ਸੀ। ਇਸੇ ਨਗਰੀ ਵਿਚ ਇਕ ਨੇਕ ਬ੍ਰਾਹਮਣ ਰਹਿੰਦਾ ਸੀ, ਜਿਸ ਦੇ ਘਰ ਵਿਚ ਇਕੋ ਇਕ ਸਹਿਕ-ਸਕੀਵਾਂ ਬੱਚਾ ਸੀ। ਇਸ ਬ੍ਰਾਹਮਣ ਨੇ ਉਸ ਦੀ ਲੰਮੀ ਆਯੂ ਲਈ, ਸਾਰੇ ਸੰਸਕਾਰ ਧਰਮ ਮਰਯਾਦਾ ਅਨੁਸਾਰ ਕੀਤੇ ਸਨ, ਪਰ ਫਿਰ ਵੀ ਅਚਾਨਕ ਇਸ ਬੱਚੇ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ, ਇਸ ਨਗਰੀ ਵਿੱਚ ਕਦੇ ਕੋਈ ਬੱਚਾ ਛੋਟੀ ਉਮਰ ਵਿਚ ਨਹੀਂ ਸੀ ਮਰਿਆ, ਲੋਕੀ ਖਾ ਹੰਢਾ ਕੇ ਮਰਦੇ ਸਨ। ਸੋ, ਲੋਕਾਂ ਨੇ ਕਿਹਾ ਕਿ ਇਸ ਨਗਰੀ ਵਿਚ, ਜ਼ਰੂਰ ਕੋਈ ਅਜਿਹਾ ਉਪੱਧਰ ਹੋਇਆ ਹੈ, ਜਿਸ ਕਰਕੇ ਬੱਚੇ ਦੀ ਮੌਤ ਹੋ ਗਈ ਹੈ। ਰਾਜੇ ਨੂੰ ਬੜਾ ਦੁਖ ਹੋਇਆ ਤੇ ਉਸਨੇ ਪੂਜਾ ਪਾਠ ਤੇ ਤੱਪਾਂ ਦੁਆਰਾ ਇਕੱਠੀ ਕੀਤੀ ਸ਼ਕਤੀ ਨਾਲ ਜਮਦੂਤਾਂ ਦੇ ਕੰਮ ਵਿਚ ਵਿਘਨ ਪਾਇਆ। ਜਦੋਂ ਬ੍ਰਹਮਾ ਦੇਵਤੇ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਉਹ ਖ਼ੁਦ ਮਾਤ ਲੋਕ ਵਿਚ ਆਏ ਤੇ ਰਾਜੇ ਨੂੰ ਦਸਿਆ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੱਚੇ ਦੀ ਮੌਤ ਦਾ ਕਾਰਨ, ਉਸਦੇ ਪਿਛਲੇ ਜਨਮ ਦੇ ਕੁਕਰਮ ਹਨ, ਪਰ ਰਾਜੇ ਨੇ ਇਸ ਗੱਲ ਉਤੇ ਵਿਸ਼ਵਾਸ ਨਾ ਕੀਤਾ। ਰਾਜੇ ਨੇ ਬ੍ਰਹਮਾ ਅਗੇ ਬੜੇ ਵਾਸਤੇ ਪਾਏ, ਜਦੋਂ ਬ੍ਰਹਮਾ ਨੂੰ ਕੋਈ ਰਾਹ ਨਾ ਦਿਸਿਆ ਤਾਂ ਉਸਨੇ ਬੱਚੇ ਵਿਚ ਮੁੜ ਜਾਨ ਫੂਕਨੀ ਚਾਹੀ, ਪਰ ਉਦੋਂ ਤਕ ਬੱਚੇ ਦਾ ਮੁਰਦਾ ਸ਼ਰੀਰ ਗਲ ਸੜ ਗਿਆ ਸੀ। ਸੋ, ਬ੍ਰਹਮਾ ਨੇ ਰਾਜੇ ਨੂੰ ਕਿਹਾ ਕਿ ਕਿਸੇ ਸ਼ਿਲਪੀ ਤੋਂ ਬੱਚੇ ਦੀ ਮੂਰਤੀ ਬਣਵਾਈ ਜਾਵੇ। ਰਾਜੇ ਦਾ ਕੋਈ ਵੀ ਸ਼ਿਲਪੀ ਮੂਰਤੀ ਨਾ ਬਣਾ ਸਕਿਆ। ਅਖੀਰ ਬ੍ਰਹਮਾ ਨੇ ਵਿਸ਼ਕਰਮਾ ਨੂੰ ਸਦਿਆ ਤੇ ਉਸ ਵਿਚ ਆਪਣੀ ਸਿਰਜਨਾ ਸ਼ਕਤੀ ਦਾ ਕੁਝ ਅੰਸ਼ ਸਿੰਚਿਆ। ਵਿਸ਼ਕਰਮਾ ਨੇ ਮਿੱਟੀ ਨੂੰ ਗੁੰਨ ਕੇ, ਬੱਚੇ ਦੀ ਮੂਰਤੀ ਬਣਾਈ, ਜੋ ਅਸਲ ਨਾਲ ਇਨ ਬਿਨ ਮੇਲ ਖਾਂਦੀ ਸੀ। ਇਹ ਸੰਸਾਰ ਦੀ ਪਹਿਲੀ ਕਲਾ ਮੂਰਤੀ ਸੀ। ਬ੍ਰਹਮਾ ਨੇ ਇਸ ਮੂਰਤੀ ਵਿਚ ਜਾਨ ਪਾ ਦਿੱਤੀ। ਉਦੋਂ ਤੋਂ ਹੀ ਸੰਸਾਰ ਵਿਚ ਕਲਾ ਦਾ ਜਨਮ ਹੋਇਆ।

ਪੰਜਾਬ ਦੀ ਲੋਕ ਕਲਾ ਇਥੋਂ ਦੀ ਸੰਸਕ੍ਰਿਤੀ ਜਿਤਨੀ ਹੀ ਪੁਰਾਣੀ ਹੈ, ਇਥੋਂ ਦੀ ਕਲਾ ਨੂੰ ਵਿਗਸਣ ਤੇ ਨਿਖਰਣ ਦੇ ਪੂਰੇ ਮੌਕੇ ਨਹੀਂ ਮਿਲੇ। ਪੰਜਾਬ ਲੰਮੇ ਸਮੇਂ ਤਕ, ਮਧ ਪੂਰਬ ਤੇ ਕੇਂਦਰੀ ਏਸ਼ੀਆ ਤੋਂ ਹੁੰਦੇ ਹੱਲਿਆਂ ਦਾ ਸ਼ਿਕਾਰ ਬਣਿਆ ਰਿਹਾ ਇਸ ਕਰਕੇ ਇਥੋਂ ਦੇ ਲੋਕਾਂ ਦਾ ਜੀਵਨ ਹਮੇਸ਼ਾਂ ਹੀ ਇਤਨਾ ਕਰੜਾ ਤੇ ਅਸੁਰਖਿਅਤ ਰਿਹਾ ਕਿ ਉਨ੍ਹਾਂ ਨੂੰ ਅਕਸਰ ਕਲਾ ਦੇ ਵਿਕਾਸ ਲਈ ਟਿਕ ਕੇ ਕੰਮ ਕਰਨ ਦੇ ਮੌਕੇ ਘਟ ਮਿਲਦੇ ਰਹੇ। ਪੰਜਾਬ ਨੂੰ ਹਮੇਸ਼ਾਂ ਕਲਾਕਾਰਾਂ ਦੀ ਥਾਂ ਲੜਾਕੇ ਵੀਰਾਂ ਤੇ ਯੋਧਿਆਂ ਦੀ ਲੋੜ ਰਹੀ। ਇਸ ਲਈ, ਇਥੋਂ ਦੀ ਧਰਤੀ ਨੇ ਲੋਕ-ਕਲਾਕਾਰ ਪੈਦਾ ਕਰਨ ਦੀ ਥਾਂ ਸੂਰਮੇ ਵਧੇਰੇ ਪੈਦਾ ਕੀਤੇ ਅਤੇ ਇਹ ਲੋਕ ਸੁਹਜ ਨਾਲੋਂ ਸ਼ਕਤੀ ਦੇ ਵਧੇਰੇ ਪੁਜਾਰੀ ਰਹੇ। ਕਲਾ ਭਾਵੇਂ ਮਨੁਖੀ ਹਿਰਦੇ ਦੇ ਅੰਦਰਲੇ ਸੁਹਜ ਤੇ ਸੱਚ ਦਾ ਸਹਿਜ ਪ੍ਰਕਾਸ਼ ਹੈ; ਪਰ ਇਸ ਨੂੰ ਅਭਿਵਿਅਕਤ ਕਰਨ ਲਈ ਸ਼ਾਂਤ ਵਾਤਾਵਰਨ ਤੇ ਮਨ ਦੇ ਟਿਕਾਓ ਦੀ ਵੀ ਲੋੜ ਹੈ ਤੇ ਇਹ ਗੱਲਾਂ ਪੰਜਾਬੀਆਂ ਲਈ ਦੁਰਲਭ ਰਹੀਆਂ। ਪਰ, ਫਿਰ ਵੀ ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ ਲਈ, ਜੋ ਚੀਜ਼ਾਂ ਬਣਦੀਆਂ ਰਹੀਆਂ, ਉਨ੍ਹਾਂ ਨੂੰ ਕਲਾ ਤੇ ਸੁਹਜ ਨਾਲ ਨਿਖਾਰਿਆ ਜਾਂਦਾ ਰਿਹਾ ਤੇ ਪਿੰਡਾਂ ਵਿਚ, ਲੋਕ ਕਲਾ ਕਈ ਰੂਪਾਂ ਤੇ ਸ਼ੈਲੀਆਂ ਵਿਚ ਵਿਗਸਦੀ ਰਹੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੀ ਲੋਕ ਕਲਾ ਦੇ ਸਭ ਤੋਂ ਪੁਰਾਣੇ ਨਮੂਨੇ, ਹੜਪਾ ਤੇ ਰੋਪੜ ਦੀਆਂ ਪੁਰਾਣੀਆਂ ਥੇਹਾਂ ਦੀ ਖੁਦਾਈ ਵੇਲੇ ਮਿਲੇ। ਇਨ੍ਹਾਂ ਵਿਚੋਂ ਕੁਝ ਮਿੱਟੀ ਦੇ ਘੜੇ ਤੇ ਅੱਗ ਵਿੱਚ ਪੱਕੇ ਖਿਡੌਣੇ [Terracottas] ਹਨ, ਜੋ ਘਰਾਂ ਵਿਚ ਸਜਾਵਟ ਲਈ ਵਰਤੇ ਜਾਂਦੇ ਸਨ। ਮੁਢਲੇ ਮਿਆਰ ਨੂੰ ਮੁੱਖ ਰਖਦਿਆਂ, ਇਹ ਖਿਡੌਣੇ ਲੋਕ-ਕਲਾ ਦੇ ਬੜੇ ਉਤਮ ਨਮੂਨੇ ਹਨ। ਗੁੰਨ੍ਹੀ ਹੋਈ ਮਿੱਟੀ ਵਿਚੋਂ ਸੁਦਰ ਆਕਾਰ ਨੂੰ ਢਾਲਣਾ, ਭਾਵੇਂ ਸਾਧਾਰਨ ਜਿਹੀ ਕਲਾ ਸੀ, ਪਰ ਰਚਨਾ-ਤਮਕ ਖੇਤਰ ਵਿਚ ਇਹ ਇਕ ਬੜਾ ਵੱਡਾ ਕਦਮ ਸੀ—ਕਲਪਨਾ ਨੂੰ ਮਿੱਟੀ ਵਿਚੋਂ ਉਭਾਰਨਾ ਭਾਵਾਂ ਨੂੰ ਮਿੱਟੀ ਵਿਚ ਸਮੋ ਕੇ ਨਿਖਾਰਨਾ। ਹੜੱਪਾ ਤੇ ਰੋਪੜ ਵਿਚੋਂ ਕੁਝ ਹੋਰ ਕਲਾ-ਕਿਰਤੀਆਂ, ਠੀਕਰ-ਮੋਹਰਾਂ ਤੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਮਿਲੀਆਂ ਹਨ, ਜਿਨ੍ਹਾਂ ਵਿਚ ਨਕਸ਼-ਨੁਹਾਰ, ਅਨੁਪਾਤ ਤੇ ਬਣਤਰ ਵਲ ਉਚੇਚਾ ਧਿਆਨ ਦਿੱਤਾ ਜਾਪਦਾ ਹੈ। ਇਨ੍ਹਾਂ ਦੀ ਕਲਾ ਬੜੀ ਪ੍ਰਭਾਵਸ਼ਾਲੀ ਹੈ। ਇਹ ਕਲਾ-ਕਿਰਤੀਆਂ ਦ੍ਰਾਵੜੀ ਸਭਿਅਤਾ ਦੀ ਰਹਿੰਦ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ, ਧਰਤੀ ਨੇ ਆਪਣੀ ਕੁਖ ਵਿਚ ਸੰਭਾਲੀ ਰਖਿਆ। ਇਕ ਮੋਹਰ ਉਤੇ ਪਿਪਲ ਦੀ ਪੂਜਾ ਕਰ ਰਹੇ ਆਦਮੀ ਦੀ ਛਾਪ ਹੈ, ਕੁਝ ਮੋਹਰਾਂ ਉਤੇ ਬ੍ਰਿਛਾਂ ਬੂਟਿਆਂ ਤੇ ਪਸ਼ੂਆਂ ਦੇ ਚਿੱਤਰ ਹਨ। ਇਨ੍ਹਾਂ ਮੂਰਤੀਆਂ ਵਿਚੋਂ ਕੁਝ ਮੂਰਤੀਆਂ ਤੀਵੀਆਂ ਦੀਆਂ ਹਨ, ਜੋ ਗਹਿਣਿਆਂ ਨਾਲ ਸਜੀਆਂ ਹੋਈਆਂ ਹਨ। ਮੂਰਤੀਆਂ ਭਾਵੇਂ ਸਾਧਾਰਨ ਹਨ, ਪਰ ਇਨ੍ਹਾਂ ਵਿਚ ਕਲਾ ਦੀ ਅਜਿਹੀ ਕਣੀ ਹੈ, ਜੋ ਮਨ ਨੂੰ ਖਿੱਚਦੀ ਹੈ। ਠੀਕਰ-ਮੋਹਰਾਂ ਉਤੇ ਘੋੜਾ, ਕੁੱਤਾ, ਭੇਡ, ਸੂਰ, ਝੋਟਾ, ਬਲਦ ਤੇ ਸ਼ੇਰ ਆਦਿ ਜਾਨਵਰਾਂ ਦੇ ਚਿੱਤਰ ਉਕਰੇ ਹੋਏ ਹਨ ਤੇ ਇਨ੍ਹਾਂ ਦੀ ਮੂਰਤੀ ਕਲਾ ਬੜੇ ਉੱਚੇ ਪੱਧਰ ਦੀ ਹੈ। ਇਹ ਠੀਕਰ-ਮੋਹਰਾਂ ਉਤੇ ਉਕਰ ਪਸ਼ੂ ਚਿੰਨ੍ਹ ਇਨ੍ਹਾਂ ਦੇ ਰਚਨਹਾਰਿਆਂ ਦੇ ਪੁਰਖਿਆਂ ਦੇ ਚਿੰਨ੍ਹਾਂ [totem] ਜਾਪਦੇ ਹਨ। ਇਕ ਮੋਹਰ ਉਤੇ ਇਕ ਮਨੁੱਖ ਪਿੱਪਲ ਦੇ ਬ੍ਰਿਛ ਅੱਗੇ ਗੋਡਿਆਂ ਦੇ ਭਾਰ ਹੋ ਕੇ ਮੱਥਾ ਟੇਕ ਰਿਹਾ ਹੈ। ਇਕ ਹੋਰ ਮੋਹਰ ਵਿੱਚ ਇਕ ਤਪੱਸਵੀ ਤਪ ਕਰਦਾ ਹੋਇਆ ਵਿਖਾਇਆ ਗਿਆ ਹੈ ਤੇ ਉਸ ਦੇ ਆਸਪਾਸ ਅਨੇਕਾਂ ਜੰਗਲੀ ਜਾਨਵਰ ਘੇਰਾ ਪਾਈ ਬੈਠੇ ਹਨ।

ਮੂਰਤੀ ਕਲਾ ਵਿੱਚ ਪੰਜਾਬ ਦੀ ਗੰਧਾਰ ਸ਼ੈਲੀ ਬੜੀ ਪ੍ਰਸਿਧ ਹੈ। ਇਹ ਮੂਲ ਵਿਚ ਲੋਕ-ਸ਼ੈਲੀ ਸੀ, ਜੋ ਯੂਨਾਨੀ ਤੇ ਇਰਾਨੀ ਸ਼ੈਲੀਆਂ ਦੇ ਪ੍ਰਭਾਵ ਹੇਠ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੁੱਧ ਕਾਲ ਵਿਚ ਨਿਖਰੀ। ਇਸ ਕਲਾ ਦਾ ਉਭਾਰ ਭਾਰਤ ਦੀ ਉੱਤਰ-ਪੱਛਮੀ ਸੀਮਾ ਦੇ ਉਸ ਖੇਤਰ ਵਿਚ ਹੋਇਆ, ਜਿਸ ਨੂੰ ਗੰਧਾਰ ਪ੍ਰਦੇਸ਼ ਕਿਹਾ ਜਾਂਦਾ ਸੀ। ਇਸ ਤੋਂ ਇਸੇ ਕਲਾ ਦਾ ਨਾਂ 'ਗੰਧਾਰ ਸ਼ੈਲੀ' ਪਿਆ। ਪਿਸ਼ਾਵਰ ਤੇ ਤਕਸ਼ਿਲਾ ਇਸ ਦੇ ਗੜ੍ਹ ਸਨ। ਗੰਧਾਰ ਸ਼ੈਲੀ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਮੂਰਤੀਆਂ ਵਿਚ ਨਕਸ਼ਾਂ ਤੇ ਅੰਗਾਂ ਨੂੰ ਬੜੀ ਮਿਹਨਤ ਨਾਲ ਘੜਿਆ ਤੇ ਨਿਖਾਰਿਆ ਜਾਂਦਾ ਸੀ। ਚਿਹਰੇ ਦੇ ਸਾਰੇ ਨਕਸ਼ ਉਭਰੇ ਹੁੰਦੇ ਸਨ। ਗੰਧਾਰ ਸ਼ੈਲੀ ਦੀਆਂ ਕਲਾ-ਕਿਰਤੀਆਂ ਲਾਹੌਰ ਤੇ ਪਿਸ਼ਾਵਰ ਦੇ ਅਜਾਇਬ ਘਰਾਂ ਵਿੱਚ ਹਨ।

ਚਿੱਤਰਕਲਾ ਵਿੱਚ ਪਹਾੜੀ ਕਲਮ ਹੀ ਸਭ ਤੋਂ ਵਧ ਨਿਖੱਰੀ ਤੇ ਵਿਗਸੀ ਹੈ, ਖਾਸ ਤੌਰ ਉਤੇ ਕਾਂਗੜਾ ਕਲਮ ਦੇ ਚਿੱਤਰ। ਕਾਂਗੜਾ ਇਕ ਤਾਂ ਪੰਜਾਬ ਦੀਆਂ ਨਿੱਤ ਦੀਆਂ ਉੱਪਰ-ਥੱਲੀਆਂ ਤੋਂ ਬਚਿਆ ਰਿਹਾ ਤੇ ਇਥੇ ਕਲਾ ਦੇ ਸਿਰਜਣ ਤੇ ਵਿਗਸਣ ਦੇ ਸਾਰੇ ਅਵਸਰ ਪ੍ਰਾਪਤ ਰਹੇ। ਦੂਜਾ, ਇੱਥੋਂ ਦੇ ਪ੍ਰਾਕ੍ਰਿਤਕ ਦ੍ਰਿਸ਼ ਲੋਕ-ਕਲਾਕਾਰਾਂ ਦੀਆਂ ਭਾਵਨਾਵਾਂ ਨੂੰ ਹਲੂਣਦੇ ਰਹੇ। ਪਹਾੜੀ ਸ਼ਕਲ ਦੀਆਂ ਪ੍ਰਮੁਖ ਕਲਾ-ਕਿਰਤੀਆਂ ਵਿਚ ਕ੍ਰਿਸ਼ਨ ਲੀਲਾ ਤੇ ਰਾਗਮਾਲਾ ਦੇ ਚਿੱਤਰ ਮਿਲਦੇ ਹਨ। ਹਰ ਰਾਗ ਨੂੰ ਆਕਾਰ ਤੇ ਰੰਗਾਂ ਦੁਆਰਾ ਚਿੱਤਰਿਆ ਗਿਆ ਹੈ, ਜੋ ਆਪਣੀ ਕਿਸਮ ਦੀ ਅਨੋਖੀ ਚੀਜ਼ ਬਣੀ ਹੈ। ਰਾਗ ਜੀਵਨ ਨਾਲ ਇਕ ਰਸ ਹੋਏ ਲਗਦੇ ਹਨ ਤੇ ਰਾਗ ਆਪਣੇ ਨਵੇਕਲੇ ਰੰਗ ਤੇ ਪ੍ਰਤਿਭਾ ਵਿੱਚ ਪ੍ਰਕਾਸ਼ਮਾਨ ਹੋਇਆ ਹੈ।

ਪੰਜਾਬ ਵਿਚ ਕੁਝ ਜਾਤੀਆਂ ਨੇ ਪੀੜ੍ਹੀਆਂ ਦੇ ਅਨੁਭਵ ਖੋਰ, ਕੇ ਕੁਝ ਉਪਯੋਗੀ ਲੋਕ-ਕਲਾਵਾਂ ਨੂੰ ਨਿਖਾਰਿਆ ਤੇ ਪਾਲਿਆ ਹੈ। ਪੁਰਖੀ ਕਿੱਤੇ ਨੂੰ ਅਪਨਾਣ ਦੀ ਰੁਚੀ ਨੇ, ਇਨ੍ਹਾਂ ਲੋਕ ਕਲਾਵਾਂ ਨੂੰ ਪਕਾਣ ਤੇ ਰਸਾਣ ਵਿੱਚ ਚੌਖਾ ਹਿੱਸਾ ਪਾਇਆ ਹੈ। ਲਹੂ ਮਾਸ ਵਿੱਚ ਰਚਿਆ, ਪੁਰਖਾਂ ਦਾ ਅਨੁਭਵ, ਇਨ੍ਹਾਂ ਕਲਾਵਾਂ ਵਿਚ ਪੀੜ੍ਹੀ ਦਰ ਪੀੜ੍ਹੀ ਨਿਖਾਰ ਲਿਆਉਂਦਾ ਰਿਹਾ। ਇਹ ਅਸਲੀ ਸ਼ਬਦਾਂ ਵਿੱਚ, ਲੋਕ-ਕਲਾਕਾਰ ਹਨ, ਜੋ ਯੁਗਾਂ ਦਾ ਅਨੁਭਵ ਖੂਨ ਵਿਚ ਰਚਾਈ ਬੈਠੇ ਹਨ। ਘੁੰਮਿਆਰ ਚੱਕ ਉਤੇ ਉਦੋਂ ਦਾ ਭਾਂਡੇ ਘੜਦਾ ਆ ਰਿਹਾ ਹੈ, ਜਦੋਂ ਤੋਂ ਵਿਸ਼ਕਰਮੇ ਨੇ ਉਸਨੂੰ ਭਾਂਡੇ ਘੜਨ ਲਈ ਚੱਕ ਬਣਾ ਕੇ ਦਿੱਤਾ। ਉਹ ਸਿਰਫ਼ ਭਾਂਡੇ ਘੜਦਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਕਈ ਸ਼ੈਲੀਆਂ ਤੇ ਰੂਪਾਂ ਵਿੱਚ ਸਿਰਜਦਾ, ਉਨ੍ਹਾਂ ਵਿਚ ਕਲਾ ਤੇ ਸੁਹਜ ਰਚਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਂਡਿਆਂ ਉੱਤੇ ਵੇਲ-ਬੂਟਿਆਂ ਨੂੰ ਚਿਤਰ ਕੇ ਘੁੰਮਿਆਰ ਉਨ੍ਹਾਂ ਦੇ ਬਾਹਰਲੇ ਰੂਪ ਨੂੰ ਹੀ ਨਿਖਾਰਦਾ ਰਿਹਾ ਹੈ। ਮੁਸਲਮਾਨਾਂ ਦੇ ਆਉਣ ਨਾਲ ਕੁੰਭਕਾਰੀ ਦੀ ਕਲਾ ਕਾਫ਼ੀ ਵਿਗਸੀ ਤੇ ਪ੍ਰਫੁੱਲਤ ਹੋਈ। ਕਿਉਂ ਜੋ ਮੁਸਲਮਾਨ ਧਾਤ ਭਾਂਡਿਆਂ ਨਾਲੋਂ ਮਿੱਟੀ ਦੇ ਭਾਂਡੇ ਵਧੇਰੇ ਵਰਤਦੇ ਹਨ। ਹਿੰਦੂ ਧਰਮ-ਸ਼ਾਸਤਰਾਂ ਅਨੁਸਾਰ ਮਿੱਟੀ ਦੇ ਬਰਤਨ, ਸੂਤਕ ਪਾਤਕ ਵਿਚ ਝੱਟ ਭਿੱਟ ਜਾਂਦੇ ਹਨ। ਉਂਜ ਵੀ ਹਿੰਦੂਆਂ ਵਿੱਚ ਮਿੱਟੀ ਦੇ ਭਾਂਡਿਆਂ ਨੂੰ, ਭਾਵੇਂ ਉਹ ਖ਼ਰਾਬ ਨਾ ਵੀ ਹੋਏ ਹੋਣ ਬਹੁਤੀ ਦੇਰ ਤਕ ਵਰਤਿਆ ਨਹੀਂ ਜਾਂਦਾ ਤੇ ਕੰਮੀ-ਕਮੀਣਾਂ ਨੂੰ ਦੇ ਦਿੱਤੇ ਜਾਂਦੇ ਹਨ, ਪਰ ਇਸ ਦੇ ਉਲਟ ਮੁਸਲਮਾਨਾਂ ਵਿੱਚ ਧਾਤ ਦੇ ਭਾਂਡਿਆਂ ਨਾਲੋਂ ਮਿੱਟੀ ਦੇ ਭਾਂਡੇ ਵਧੇਰੇ ਵਰਤੇ ਜਾਂਦੇ ਹਨ, ਕਿਉਂ ਜੋ ਮੁਸਲਮਾਨਾਂ ਅਨੁਸਾਰ ਜਿਸ ਘਰ ਵਿਚ, ਮਿੱਟੀ ਦੇ ਬਰਤਣ ਹੋਣ ਉਥੇ ਫਰਿਸ਼ਤੇ ਬੜੇ ਚਾਉ ਤੇ ਰੀਝ ਨਾਲ ਫੇਰੇ ਪਾਉਂਦੇ ਹਨ।

ਸੋ, ਮੁਸਲਮਾਨੀ ਵਿਸ਼ਵਾਸਾਂ ਨੇ ਕੁੰਭਕਾਰੀ ਦੀ ਕਲਾ ਨੂੰ ਵਿਗਸਾਣ ਵਿੱਚ ਚੋਖਾ ਹਿੱਸਾ ਪਾਇਆ। ਪਹਿਲਾਂ ਪੰਜਾਬ ਦੇ ਮਿੱਟੀ ਦੇ ਭਾਂਡੇ ਰੋਗਨੀ ਨਹੀਂ ਸਨ ਹੁੰਦੇ। ਰੋਗਨੀ ਤੇ ਰੰਗਦਾਰ ਬਰਤਨਾਂ ਦਾ ਰਿਵਾਜ ਵੀ ਮੁਸਲਮਾਨਾਂ ਦੇ ਵੇਲੇ ਪਿਆ ਤੇ ਇਹ ਕਲਾ ਮੂਲ ਵਿਚ ਈਰਾਨੀ ਹੈ।

ਗੁਜਰਾਤ ਵਿੱਚ ਕੁੰਭਕਾਰੀ ਕਲਾ ਮੁਗ਼ਲਾਂ ਦੇ ਰਾਜ ਵੇਲੇ ਸਿਖਰ ਉਤੇ ਸੀ। ਇੱਥੋਂ ਦੇ ਘੁੰਮਿਆਰ ਇਕ ਖ਼ਾਸ ਤਰ੍ਹਾਂ ਦੀ ਮਿੱਟੀ ਨੂੰ ਕਈ ਵਾਰ ਪਾਣੀ ਵਿੱਚ ਧੋ ਧੋ ਕੇ ਉਸ ਤੋਂ ਬੜੀ ਸੂਖਮ ਕਿਸਮ ਦੀ ਮਿੱਟੀ ਤਿਆਰ ਕਰਦੇ ਸਨ, ਜਿਸ ਤੋਂ ਬੜੇ ਸੁੰਦਰ ਕਾਗਜ਼ ਵਰਗੇ ਪਤਲੇ, ਪਰ ਫ਼ੌਲਾਦ ਵਾਂਗ ਮਜ਼ਬੂਤ ਭਾਂਡੇ ਬਣਾਏ ਜਾਂਦੇ ਸਨ। ਇਹ ਕਾਗਜ਼ੀ ਬਰਤਨ ਕਿਸੇ ਸਮੇਂ ਕਾਬਲ ਦੇ ਮਹਿਲਾਂ ਦੇ ਸ਼ਿੰਗਾਰ ਹੋਇਆ ਕਰਦੇ ਸਨ। ਪੰਜਾਬ ਵਿੱਚ ਅਮੀਰਾਂ ਤੇ ਨਵਾਬਾਂ ਦੇ ਘਰਾਂ ਅਤੇ ਸ਼ਾਹੀ ਘਰਾਣਿਆਂ ਵਿਚ ਇਹੋ ਬਰਤਨ ਵਰਤੇ ਜਾਂਦੇ ਸਨ। ਸੋਹਣੀ ਦਾ ਆਸ਼ਿਕ ਮਿਰਜ਼ਾ ਇਜ਼ਕ ਬੇਗ ਇਨ੍ਹਾਂ ਭਾਂਡਿਆਂ ਨੂੰ ਖਰੀਦਣ ਲਈ ਕਾਬੁਲ ਤੋਂ ਗੁਜਰਾਤ ਆਇਆ ਸੀ।

ਬਰਤਨਾਂ ਤੋਂ ਬਿਨਾਂ ਘੁੰਮਿਆਰ ਬੱਚਿਆਂ ਲਈ ਮਿੱਟੀ ਦੇ ਸੁੰਦਰ ਖਿਡੌਣੇ ਤੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਘੜਦਾ ਹੈ, ਜਿਸ ਨੂੰ ਰੰਗਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਜਾ ਕੇ ਸ਼ਿੰਗਾਰ ਕੇ ਉਹ ਅਨੁਪਮ, ਕਲਾ-ਕਿਰਤੀਆਂ ਬਣਾ ਦਿੰਦਾ ਹੈ। ਇਹ ਖਿਡੌਣੇ ਦੀਵਾਲੀ ਦੇ ਮੇਲੇ ਉਤੇ ਸਭ ਤੋਂ ਵਧੇਰੇ ਵਿਕਦੇ ਹਨ।

ਲਕੜੀ ਦੀ ਸ਼ਿਲਪ-ਕਲਾ ਦਾ ਆਪਣਾ ਸੁਹਜ ਹੈ। ਇਸ ਕਲਾ ਦੀ ਉਸਾਰੀ ਵਿਚ ਤਰਖਾਣਾਂ ਨੇ ਆਪਣਾ ਅਨੁਭਵ ਖੋਰਿਆ ਹੈ। ਤਰਖਾਣ ਘਰਾਂ ਲਈ ਪਲੰਘ, ਪੀੜ੍ਹੀਆਂ ਤੇ ਚਰਖੇ ਬੜੇ ਰੀਝ ਨਾਲ ਘੜਦੇ ਰਹੇ ਹਨ ਅਤੇ ਇਨ੍ਹਾਂ ਉਤੇ ਕਈ ਤਰ੍ਹਾਂ ਦੇ ਫੁੱਲ, ਵੇਲ-ਬੂਟੇ ਤੇ ਜਨੌਰਾਂ ਦੇ ਚਿੱਤਰ ਉਭਾਰ ਕੇ, ਆਪਣੀ ਕਲਾ-ਪ੍ਰਤਿਭਾ ਦੀ ਪ੍ਰਦਰਸ਼ਨੀ ਕਰਦੇ ਰਹੇ ਹਨ। ਰਾਂਗਲੇ ਚਰਖਿਆਂ ਨਾਲ ਸ਼ੀਸ਼ੇ ਦੀਆਂ ਟੁਕੜੀਆਂ ਨੂੰ ਇਸ ਤਰ੍ਹਾਂ ਬੀੜਿਆ ਜਾਂਦਾ ਹੈ ਕਿ ਕੱਤਣ ਵਾਲੀ ਮੁਟਿਆਰ ਦੇ ਅਨੇਕਾਂ ਅਕਸ, ਉਸ ਦੇ ਚਰਖੇ ਵਿਚੋਂ ਉਭਰ ਕੇ ਉਸ ਦੇ ਰੂਪ ਦੀ ਪ੍ਰਸ਼ੰਸਾ ਕਰਦੇ ਰਹਿਣ। ਘਰਾਂ ਦੇ ਮੁਖ-ਦੁਆਰਾਂ ਵਿੱਚ, ਲਕੜੀ ਦੀ ਸ਼ਿਲਪ-ਕਲਾ ਬਹੁਤ ਸੁਹਣੀ ਨਿਖਰੀ ਹੈ। ਇਨ੍ਹਾਂ ਦਰਵਾਜ਼ਿਆਂ ਉਤੇ ਲੱਕੜੀ ਦੇ ਫੁੱਲ-ਬੂਟੇ ਤੇ ਜਨੌਰ ਬਣਾ ਕੇ ਜੜੇ ਜਾਂਦੇ ਰਹੇ, ਇਨ੍ਹਾਂ ਦੀ ਘੜਤ ਵਿੱਚ ਸ਼ਿਲਪੀ ਆਪਣੇ ਸਾਰੇ ਕਲਾ-ਗੁਣਾਂ ਨੂੰ ਰਚਾ ਦੇਂਦਾ ਰਿਹਾ ਹੈ। ਮਤਸਯਾ ਪੁਰਾਣ ਅਨੁਸਾਰ ਅਤਿਥੀਆਂ ਦੇ ਸਤਿਕਾਰ ਵਜੋਂ ਹਰ ਘਰ ਵਿੱਚ, ਲਕੜੀ ਦੀ ਕਟਾਈ ਨਾਲ ਸ਼ਿੰਗਾਰਿਆ ਦੁਆਰ ਹੋਣਾ ਚਾਹੀਦਾ ਹੈ, ਵੱਡੀਆਂ ਹਵੇਲੀਆਂ ਦੇ ਮੁੱਖ ਦੁਆਰ ਕਦੇ ਕਲਾ ਦੀ ਸਿਖਰਾਂ ਛੂੰਹਦੇ ਸਨ। ਪੰਜਾਬ ਵਿੱਚ ਹੁਸ਼ਿਆਰਪੁਰ ਤੇ ਜਲੰਧਰ ਵਿੱਚ ਲਕੜੀ ਦਾ ਜੜਾਊ ਕੰਮ ਅੱਜ ਵੀ ਬਹੁਤ ਸੁੰਦਰ ਹੁੰਦਾ ਹੈ। ਹੁਸ਼ਿਆਰਪੁਰ ਵਰਗੀ ਜੜ੍ਹਤਕਾਰੀ ਹੋਰ ਕਿਧਰੇ ਨਹੀਂ ਹੁੰਦੀ। ਦੰਦ, ਖੰਡ ਦੇ ਖਿਡੌਣੇ ਤੇ ਸੁੰਦਰ ਕਲਾ-ਕਿਰਤੀਆਂ ਅੰਮ੍ਰਿਤਸਰ ਵਿਚ ਬਣਾਈਆਂ ਜਾਂਦੀਆਂ ਹਨ। ਵਿਆਹ ਸਮੇਂ ਦੰਦ ਖੰਡ ਦੇ ਰੰਗਲੇ ਚੂੜੇ ਪਹਿਨਣ ਦੇ ਰਿਵਾਜ਼ ਨੇ ਦੰਦ ਖੰਡ ਦੀ ਕਲਾ ਨੂੰ ਕਾਫ਼ੀ ਉੱਨਤ ਕੀਤਾ। ਦੰਦ ਖੰਡ ਦੇ ਸ਼ਿੰਗਾਰ ਬਕਸੇ ਦਾਜਾਂ ਵਿਚ ਆਮ ਦਿੱਤੇ ਜਾਂਦੇ ਹਨ।

ਪੰਜਾਬਣਾਂ ਦੀਆਂ ਕਲਾ-ਰੁਚੀਆਂ ਨੂੰ ਗਹਿਣਿਆਂ ਤੇ ਕਢਾਈ ਵਾਲੇ ਕਪੜਿਆਂ ਤੋਂ ਮਾਨਸਕ ਤ੍ਰਿਪਤੀ ਮਿਲਦੀ ਰਹੀ। ਹਾਰ ਸ਼ਿੰਗਾਰ ਤੇ ਗਹਿਣੇ ਇਸਤਰੀ ਦੇ ਸੁਹਜ ਵਿਚ ਸਦਾ ਵਾਧਾ ਕਰਦੇ ਰਹੇ ਹਨ। ਸੁਨਿਆਰੇ ਇਸਤ੍ਰੀ ਦੀ ਸੁਹਜ ਭੁੱਖ ਦੀ ਪੂਰਤੀ ਲਈ, ਸੋਨੇ ਤੇ ਚਾਂਦੀ ਵਿਚ ਆਪਣਾ 'ਪੁਰਖੀ ਅਨੁਭਵ ਖੋਰ ਕੇ, ਕਈ ਪੈਟਰਨਾਂ, ਰੂਪਾਂ ਤੇ ਸ਼ੈਲੀਆਂ ਦੇ ਗਹਿਣੇ ਘੜਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇ ਹਨ। ਸਰੀਰ ਦੇ ਹਰੇਕ ਅੰਗ ਲਈ ਵੰਨ-ਸੁਵੰਨੇ ਰੂਪਾਂ ਤੇ ਪੈਟਰਨਾਂ ਦੇ ਗਹਿਣੇ ਪ੍ਰਚਲਤ ਹਨ, ਜਿਨ੍ਹਾਂ ਵਿਚ ਲੋਕ-ਕਲਾ ਪੂਰੀ ਤਰ੍ਹਾਂ ਪ੍ਰਫੁਲਤ ਹੋਈ ਪੰਜਾਬ ਵਿਚ ਗਹਿਣਿਆਂ ਦੇ ਸੌ ਤੋਂ ਉਪਰ ਪੈਟਰਨ ਪ੍ਰਚੱਲਤ ਹਨ, ਜਿਨ੍ਹਾਂ ਨੂੰ ਅੱਗੋਂ ਕਈ ਡੀਜ਼ਾਇਨਾਂ ਵਿਚ ਨਿਖਾਰਿਆ ਤੇ ਸੁੰਦਰਾਇਆ ਗਿਆ ਹੈ। ਇਨ੍ਹਾਂ ਗਹਿਣਿਆਂ ਉੱਤੇ ਕਈ ਤਰ੍ਹਾਂ ਦੀਆਂ ਛਬੀਆਂ ਵੀ ਉਕਰੀਆਂ ਜਾਂਦੀਆਂ ਹਨ, ਜੋ ਸਮੇਂ ਦੇ ਗੇੜ ਨਾਲ ਬਦਲਦੀਆਂ ਰਹੀਆਂ। ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ, ਇੱਥੇ ਦੇ ਗਹਿਣਿਆਂ ਉਤੇ ਵਧੇਰੇ ਕਰਕੇ, ਚੰਨ, ਸੂਰਜ ਤੇ ਦੇਵਤਿਆਂ ਦੀਆਂ ਮੂਰਤੀਆਂ ਉਕਰੀਆਂ ਜਾਂਦੀਆਂ ਸਨ। ਪਰ ਮੁਸਲਮਾਨ ਦੇਵ ਪੂਜਾ ਦੇ ਕੱਟਰ ਵਿਰੋਧੀ ਸਨ, ਇਸ ਲਈ ਉਨ੍ਹਾਂ ਦੇ ਰਾਜ ਦੇ ਦੌਰਾਨ ਇਨ੍ਹਾਂ ਦੀ ਥਾਂ ਵੇਲ-ਬੂਟਿਆਂ ਤੇ ਫੁਲਾਂ ਨੇ ਮੱਲ ਲਈ। ਪੰਜਾਬ ਦੀ ਲੋਕ-ਕਲਾ ਕਈ ਰਵਾਇਤਾਂ ਤੇ ਮਨੌਤਾਂ ਦੇ ਸੁਮੇਲ ਵਿਚ ਨਿਖਰੀ ਹੈ ਅਤੇ ਬਾਹਰੋਂ ਆਈ ਹਰ ਨਵੀਂ ਸੰਸਕ੍ਰਿਤੀ ਨੇ, ਆਪਣੀ ਸ਼ੈਲੀ ਦਾ, ਇਥੋਂ ਦੇ ਮੂਲ ਪੈਟਰਨ ਉਤੇ, ਕੁਝ ਪ੍ਰਭਾਵ ਜ਼ਰੂਰ ਪਾਇਆ ਹੈ।

ਕੁਝ ਲੋਕ-ਕਲਾਵਾਂ ਨੂੰ ਪੰਜਾਬ ਦੀਆਂ ਸਵਾਣੀਆਂ ਨੇ ਆਪਣੇ ਮੁੜ੍ਹਕੇ ਤੇ ਸਾਧਨਾਂ ਨਾਲ ਪਾਲਿਆ ਹੈ। ਅਜਿਹੀ ਇਕ ਲੋਕ-ਕਲਾ ਫ਼ੁਲਕਾਰੀ ਹੈ, ਜੋ ਬੇਮੇਲ ਤੇ ਅਮੁੱਲ ਚੀਜ਼ ਹੈ। ਇਸ ਦੇ ਰੂਪ ਵਿਚ, ਨਵੇਕਲੀ, ਸੁਹਜ ਤੇ ਅਨੂਠੀ ਕਲਾ ਹੈ। ਪੰਜਾਬਣਾਂ ਨੇ ਇਸ ਕਲਾ ਨੂੰ ਆਪਣੇ ਆਰਾਮ ਦੀਆਂ ਘੜੀਆਂ ਨੂੰ ਕੁਰਬਾਨ ਕਰਕੇ ਬੜੀ ਚਾਅ ਤੇ ਰੀਝ ਨਾਲ ਪਾਲਿਆ ਹੈ। ਫੁੱਲਕਾਰੀ ਉਨ੍ਹਾਂ ਲਈ ਧਰਮ-ਸਾਧਨਾ ਰਹੀ ਹੈ। ਇਹ ਉਹ ਸੁੱਚੀ ਤੇ ਸੱਚੀ ਲੋਕ-ਕਲਾ ਹੈ, ਜਿਸ ਦੇ ਇਕ-ਧਾਗੇ ਵਿਚ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਨੂੰ ਖੋਰਿਆ ਤੇ ਪਿਆਰ ਨੂੰ ਰਚਾਇਆ ਹੈ। ਫੁਲਕਾਰੀ ਦੀ ਕਢਾਈ ਵਿਚ ਲੰਮੇ ਧੀਰਜ ਤੇ ਹੁੱਬ ਦੀ ਲੋੜ ਹੈ, ਤਦ ਜਾ ਕੇ ਤੰਦਾਂ ਵਿਚ ਜਿੰਦ ਧੜਕਦੀ ਹੈ। ਇਸੇ ਲਈ ਪੰਜਾਬਣ ਮੁਟਿਆਰ ਕਹਿੰਦੀ ਹੈ— "ਜਿਤਨਾ ਡੂੰਘਾ ਪਿਆਰ ਕੋਈ ਮਾਂ ਆਪਣੀ ਧੀ ਨਾਲ ਕਰਦੀ ਹੈ, ਉਤਨੀ ਸੁੰਦਰ ਤੇ ਸੁਹਜ ਭਰਪੂਰ ਫੁੱਲਕਾਰੀ ਉਹ ਧੀ ਲਈ ਕਢਦੀ ਹੈ।' ਫੁੱਲਕਾਰੀ ਦੇ ਧਾਗੇ ਮੋਹ-ਮਮਤਾ ਦੀਆਂ ਤੰਦਾਂ ਹਨ, ਜਿਨ੍ਹਾਂ ਵਿਚ ਮਾਂ ਆਪਣੀਆਂ ਸਾਰੀਆਂ ਰੀਝਾਂ ਪਰੋ ਦਿੰਦੀ ਹੈ। ਪੰਜਾਬੀ ਮਾਵਾਂ ਦਾਜ ਵਿਚ ਹੋਰ ਕੋਈ ਚੀਜ਼ ਦੇਣ ਜਾਂ ਨਾ, ਪਰ ਫੁਲਕਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜ਼ਰੂਰ ਦੇਂਦੀਆਂ ਹਨ ਜਿਸ ਨਾਲ ਇਸ ਕਲਾ ਨੂੰ ਨਿਖਰਨ ਤੇ ਵਿਗਸਣ ਦੇ ਚੰਗੇ ਮੌਕੇ ਮਿਲਦੇ ਰਹੇ । ਪਹਿਲਿਆਂ ਸਮਿਆਂ ਵਿੱਚ ਧੀ ਦੇ ਜੰਮਦਿਆਂ ਸਾਰ ਹੀ ਫੁੱਲਕਾਰੀ ਛੂਹ ਦਿਤੀ ਜਾਂਦੀ ਸੀ ।

ਫੁੱਲਕਾਰੀ ਸ਼ਬਦ ਹਰ ਤਰ੍ਹਾਂ ਦੀ ਕਸੀਦਾਕਾਰੀ ਲਈ ਵਰਤਿਆ ਜਾਂਦਾ ਹੈ । ਇਸ ਸ਼ਬਦ ਦੇ ਅਰਥ ਹਨ—ਫੁੱਲ ਕੱਢਣੇ । ਫੁੱਲਕਾਰੀ ਦੇ ਕਈ ਰੂਪ ਤੇ ਸ਼ੈਲੀਆਂ ਹਨ ਤੇ ਉਨ੍ਹਾਂ ਉਤੇ ਕੱਢੇ ਵੇਲ-ਬੂਟੇ, ਫੁੱਲ ਤੇ ਕਲਾ-ਰੂੜੀਆਂ (Folk-motifs) ਵੀ ਕਲਾ ਰੁਚੀਆਂ ਅਨੁਸਾਰ ਵੰਨਾਂ ਵੰਨਾਂ ਦੀਆਂ ਹਨ । ਜਿਸ ਕਪੜੇ ਦੀ ਸਾਰੀ ਸਤਹ ਹੀ ਬਿਨਾਂ ਕੋਈ ਵਿਰਲ ਛੱਡੇ, ਵਿਆਪਕ ਰੂਪ ਵਿਚ ਕੱਢੀ ਗਈ ਹੋਵੇ, ਉਸ ਨੂੰ 'ਬਾਗ਼' ਕਹਿੰਦੇ ਹਨ । ਕਈ 'ਬਾਗ਼ਾਂ' ਵਿਚ ਵੇਲਾਂ, ਬੂਟੀਆਂ ਤੇ ਫੁੱਲਾਂ ਦੇ ਵੰਨ-ਸੁਵੰਨੇ ਨਮੂਨਿਆਂ ਨਾਲ ਸਮੁੱਚੇ ਬਾਗ਼ ਦਾ ਚਿੱਤਰ ਉਲੀਕਿਆ ਹੁੰਦਾ ਹੈ । ਜੇ ਕੇਵਲ ਪੱਲੇ ਉਤੇ ਹੀ ਬੂਟੀਆਂ ਦੀ ਕਢਾਈ ਹੋਵੇ, ਅਤੇ ਵਿਚੋਂ ਥਾਂ ਖਾਲੀ ਰਹਿਣ ਦਿੱਤੀ ਜਾਵੇ ਤਾਂ ਇਸ ਨੂੰ ਚੋਪ ਕਹਿੰਦੇ ਹਨ । ਚੋਪ ਵਿਆਹ ਉੱਤੇ, ਨਾਨਕੇ ਛੱਕ ਵਿਚ, ਛੋਇਆ ਜਾਂਦਾ ਹੈ ਅਤੇ ਚੂੜਾ ਚੜ੍ਹਾਉਣ ਵੇਲੇ ਵਿਆਹੀ ਜਾਣ ਵਾਲੀ ਕੰਨਿਆ ਨੂੰ ਸ਼ਗਨ ਵਜੋਂ ਉਪਰ ਲੈਣ ਲਈ ਦਿੱਤਾ ਜਾਂਦਾ ਹੈ । ਚੋਪ ਸ਼ਗਨਾਂ ਦੀ ਫੁੱਲਕਾਰੀ ਹੈ, ਇਸ ਦਾ ਪਹਿਲਾ ਤੋਪਾ ਸੁਹਾਗ ਦੇ ਗੀਤਾਂ ਨਾਲ ਛੂਹਿਆ ਜਾਂਦਾ ਹੈ । ਇਸ ਨੂੰ ਕਿਰਮਚੀ ਖੱਦਰ ਉਤੇ ਸਿਲਕ ਦੇ ਸੁਨਹਿਰੀ ਪੀਲੇ ਧਾਗਿਆਂ ਨਾਲ ਕੱਢਿਆ ਜਾਂਦਾ ਹੈ ।

ਫੁੱਲਕਾਰੀ ਵਿਚ ਰੰਗਾਂ ਦੀ ਚੋਣ ਤੇ ਢੁਕਾਅ ਵਿਚ, ਸੁਘੜਤਾ ਤੋਂ ਕੰਮ ਲਿਆ ਜਾਂਦਾ ਹੈ । ਪੰਜਾਬਣਾਂ ਵਿਚ ਰੰਗਾਂ ਨੂੰ ਮੇਲਣ ਦੀ ਕਲਾਤਮਕ ਸੂਝ ਹੈ । ਫੁੱਲਕਾਰੀ ਵਿਚ ਧਾਗਾ ਵਧੀਆ ਰੇਸ਼ਮ ਦਾ ਤੇ ਕਪੜਾ ਖੱਦਰ ਦਾ ਵਰਤਿਆ ਜਾਂਦਾ ਹੈ । ਇਸ ਦੀ ਕਢਾਈ ਕਪੜੇ ਦੇ ਪੁੱਠੇ ਪਾਸਿਉਂ ਕੀਤੀ ਜਾਂਦੀ ਹੈ । ਫੁੱਲਕਾਰੀ ਦੀਆਂ ਕਲਾ ਰੂੜੀਆਂ ਵੰਨ-ਸਵੰਨੀਆਂ ਹਨ । ਵੇਲ-ਬੂਟਿਆਂ, ਫ਼ੁੱਲਾਂ, ਪੰਛੀਆਂ ਤੋਂ ਬਿਨਾਂ, ਪੇਂਡੂ ਜੀਵਨ ਦੇ ਦ੍ਰਿਸ਼ਾਂ ਨੂੰ ਵੀ ਫੁੱਲਕਾਰੀ ਵਿਚ ਸੁਰਜੀਤ ਕੀਤਾ ਜਾਂਦਾ ਹੈ । ਕਈ ਫੁੱਲਕਾਰੀਆਂ ਵਿਚ ਜਮੇਟਰੀ ਦੇ ਸਾਧਾਰਨ ਆਕਾਰਾਂ ਦੇ ਸੁਮੇਲ ਰਾਹੀਂ ਸੁਹਜ ਪੈਦਾ ਕੀਤਾ ਜਾਂਦਾ ਹੈ ।

ਫੁੱਲਕਾਰੀ ਪੰਜਾਂ ਦਰਿਆਵਾਂ ਦੀ ਭੋਇੰ ਵਿਚੋਂ ਨਿਖਰੀ ਲੋਕ-ਕਲਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਵਿਚ ਪੰਜਾਬਣ ਦੇ ਮੁੜ੍ਹਕੇ ਦੀ ਮਹਿਕ ਹੀ ਨਹੀਂ, ਉਨ੍ਹਾਂ ਦੇ ਵਿਅਕ-ਤਿੱਤਵ ਤੇ ਰੰਗੀਲੇ ਸੁਭਾਅ ਦੀ ਛਾਪ ਵੀ ਹੈ। ਇਹ ਪੰਜਾਬਣਾਂ ਦੀਆਂ ਉਂਗਲਾਂ ਦਾ ਕਮਾਲ ਹੈ ਕਿ ਉਹ ਨਿੱਕੀ ਜਿਹੀ ਸੂਈ ਤੇ ਧਾਗਿਆਂ ਨਾਲ ਕਲਾ ਦੀ ਇਕ ਅਲੌਕਿਕ ਦੁਨੀਆਂ ਰਚ ਦਿੰਦੀਆਂ ਹਨ।

ਫੁੱਲਕਾਰੀ ਕਢਣ ਲਈ ਜਦੋਂ ਤ੍ਰੀਵੀਆਂ ਜੁੜ ਕੇ ਬੈਠਦੀਆਂ ਹਨ ਤਾਂ ਹੱਥਾਂ ਨਾਲ ਤਰੋਪੇ ਭਰਦੀਆਂ, ਮੂੰਹ ਨਾਲ ਗੀਤ ਛੋਹੀ ਰਖਦੀਆਂ ਹਨ। ਗੀਤਾਂ ਦੀਆਂ ਸਵਰ ਲਹਿਰੀਆਂ ਵਿਚ ਫੁੱਲ ਬੂਟੇ ਤੇ ਵੇਲਾਂ ਜਨਮ ਲੈ ਕੇ ਸਦੀਆਂ ਤਕ ਸਜੀਵ ਰਹਿੰਦੇ ਹਨ। ਫੁੱਲਕਾਰੀ ਵਿਚ ਪੰਜਾਬਣਾਂ ਦੀਆਂ ਅਨੇਕਾਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਜੋ ਲੋਕ-ਗੀਤਾਂ ਵਿਚ ਪ੍ਰਗਟ ਹੋਈਆਂ ਹਨ—

ਫੁੱਲਕਾਰੀ ਮੇਰੀ ਰੇਸ਼ਮੀ ਰੰਗ ਢੁਕਾਏ ਠੀਕ,
ਛੇਤੀ ਦਰਸ਼ਨ ਦੇਵਣੇ, ਮੈਂ ਰਸਤੇ ਰਹੀ ਉਲੀਕ।

ਪੱਛਮੀ ਪੰਜਾਬ ਵਿਚ, ਰਾਵਲਪਿੰਡੀ ਤੇ ਜਿਹਲਮ ਦੇ ਇਲਾਕੇ ਦੇ 'ਬਾਗ' ਸੁੰਦਰਤਾ, ਛਬੀ ਸੁਮੇਲ ਤੇ ਅਨੁਪਾਤ ਨੂੰ ਮੁੱਖ ਰਖਦਿਆਂ ਸਭ ਤੋਂ ਵਧੀਆ ਮੰਨੇ ਜਾਂਦੇ ਹਨ। ਪੂਰਬੀ ਪੰਜਾਬ ਵਿਚ ਅੰਮ੍ਰਿਤਸਰ ਤੇ ਫਿਰੋਜ਼ਪੁਰ ਵਿਚ, ਫੁੱਲਕਾਰੀ ਦਾ ਕੰਮ ਚੋਖਾ ਕੀਤਾ ਜਾਂਦਾ ਹੈ, ਪਰ ਹੁਣ ਇਹ ਕਲਾ ਅਲੋਪ ਹੁੰਦੀ ਜਾ ਰਹੀ ਹੈ। ਪੰਜਾਬੀ ਘਰਾਂ ਵਿਚ ਜਿਹੜੀਆਂ ਫੁੱਲਕਾਰੀਆਂ ਅੱਜ ਕਲ੍ਹ ਮਿਲਦੀਆਂ ਹਨ, ਇਨ੍ਹਾਂ ਵਿਚੋਂ ਬਹੁਤੀਆਂ ਬੀਤੇ ਯੁਗ ਦੀ ਯਾਦ ਹਨ। ਨਵਾਂ ਕੰਮ ਘਟ ਹੋ ਰਿਹਾ ਹੈ।

ਫੁੱਲਕਾਰੀਆਂ ਤੋਂ ਬਿਨਾਂ, ਰੇਸ਼ਮੀ ਧਾਗੇ ਨਾਲ ਰੁਮਾਲਾਂ ਦੀ ਕਢਾਈ ਵੀ ਕੀਤੀ ਜਾਂਦੀ ਹੈ। ਰੁਮਾਲਾਂ ਉਤੇ ਫੁੱਲ, ਬੂਟਿਆਂ ਤੇ ਪੰਛੀਆਂ ਤੋਂ ਬਿਨਾਂ ਦੇਵੀ ਦੇਵਤਿਆਂ ਦੇ ਚਿੱਤਰ ਵੀ ਕੱਢੇ ਜਾਂਦੇ ਹਨ। ਡੇਰਾ ਬਾਬਾ ਨਾਨਕ ਵਿੱਚ ਬੇਬੇ ਨਾਨਕੀ ਦੇ ਹੱਥਾਂ ਦਾ ਕਢਿਆ ਇਕ ਸੁੰਦਰ ਰੁਮਾਲ ਹੁਣ ਤਕ ਸੰਭਾਲਿਆ ਪਿਆ ਹੈ, ਜੋ ਕਲਾ ਦੇ ਪੱਖੋਂ ਬੜੀ ਉੱਤਮ ਕ੍ਰਿਤ ਹੈ।

ਚਰਖੇ ਨੇ ਵੀ ਸਾਡੀ ਸ਼ਿਲਪ-ਕਲਾ ਦੇ ਵਿਗਸਣ ਵਿੱਚ ਚੋਖਾ ਹਿੱਸਾ ਪਾਇਆ ਹੈ। ਪੰਜਾਬਣਾਂ ਰੂੰ ਨੂੰ ਘਰਾਂ ਵਿੱਚ ਕੱਤ ਕੇ, ਸੁੰਦਰ ਦਰੀਆਂ, ਖੇਸ ਤੇ ਚੁਤਹੀਆਂ ਬਣਾਉਂਦੀਆਂ ਰਹੀਆਂ ਹਨ, ਜਿਨ੍ਹਾਂ ਵਿਚ ਕਲਾ ਦੀ ਕਣੀ ਸੁਰਜੀਤ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਪਰ, ਜਿਸ ਲੋਕ ਕਲਾ ਦਾ ਜ਼ਿਕਰ ਕੀਤਾ ਗਿਆ ਹੈ, ਉਹ ਮੂਲ ਵਿੱਚ ਉਪਯੋਗੀ ਹੈ, ਪਰ ਹੁਣ ਜਿਸ ਕਲਾ ਦਾ ਵਰਨਣ ਕਰ ਰਹੇ ਹਾਂ, ਉਸ ਦਾ ਜਨਮ ਰੀਤਾਂ ਤੇ ਪੂਜਾ ਵਿਧੀਆਂ ਵਿਚੋਂ ਹੋਇਆ। ਇਸ ਕਲਾ ਦੀ ਜਨਮ ਦਾਤੀ ਵੀ ਤੀਵੀਂ ਹੈ। ਤੀਜ-ਤਿਉਹਾਰਾਂ ਤੇ ਹੋਰ ਉਤਸਵਾਂ ਉਤੇ ਘਰਾਂ ਨੂੰ ਸ਼ਿੰਗਾਰਨ ਲਈ ਸਵਾਣੀਆਂ ਘਰਾਂ ਦੀਆਂ ਕੰਧਾਂ ਉਤੇ, ਆਮ ਰੰਗਾਂ ਨਾਲ ਧਾਰਮਕ ਚਿਨ੍ਹਾਂ ਤੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਚਿੱਤਰਦੀਆਂ ਹਨ। ਵੈਸਨਵ ਘਰਾਂ ਵਿੱਚ ਕ੍ਰਿਸ਼ਨ ਤੇ ਰਾਧਾ ਦੀ ਪ੍ਰੇਮ-ਲੀਲਾ ਅਤੇ ਰਾਮ-ਲਛਮਣ ਤੇ ਸੀਤਾ ਦੇ ਬਨਵਾਸ ਦੇ ਦਿਨਾਂ ਦੇ ਚਿੱਤਰ ਉਲੀਕਣ ਦਾ ਰਿਵਾਜ਼ ਹੈ। ਸਿੱਖ ਘਰਾਂ ਵਿਚ ਗੁਰੂ ਸਾਹਿਬਾਨ ਦੇ ਚਿੱਤਰ ਤੇ ਸਾਖੀਆਂ ਦੀਆਂ ਕਈ ਝਾਕੀਆਂ, ਖੰਡੇ ਦੇ ਨਿਸ਼ਾਨ, ਬਾਜ਼ ਤੇ ਨੀਲੇ ਘੋੜੇ ਦੇ ਚਿੱਤਰ ਉੱਕਰਨ ਦੀ ਪ੍ਰਥਾ ਰਹੀ ਹੈ। ਕੋਈ ਸੁੱਘੜ ਹੱਥ ਤਾਂ ਕੁਝ ਸਿੱਧੀਆਂ, ਕੁਝ ਵਿੰਗੀਆਂ ਤੇ ਗੁਲਾਈਦਾਰ ਲੀਕਾਂ ਵਾਹ ਕੇ ਅਜਿਹਾ ਚਿੱਤਰ ਉੱਕਰ ਦੇਂਦਾ ਹੈ ਕਿ ਉਸ ਵਿੱਚ ਸੁਹਜ ਤੇ ਛਬੀ ਤੋਂ ਬਿਨਾਂ ਸਜੀਵਤਾ ਵੀ ਆ ਜਾਂਦੀ ਹੈ। ਚੰਦਰੀਆਂ ਰੂਹਾਂ ਤੋਂ ਘਰ ਦੀ ਰੱਖਿਆ ਕਰਨ ਲਈ ਮਕਾਨ ਦੇ ਮੱਥੇ ਉਤੇ ਕੁਝ ਰੇਖਾਵਾਂ ਵਾਹ ਕੇ, ਜੁਮੈਟਰੀ ਦੇ ਚਿੱਤਰ ਜਿਹੇ ਬਣਾ ਦਿੱਤੇ ਜਾਂਦੇ ਹਨ, ਜਿਨ੍ਹਾਂ ਦਾ ਆਪਣਾ ਸੁਹਜ ਤੇ ਰੂਪ ਹੈ। ਪਿੰਡਾਂ ਵਿੱਚ ਰੋਗੀ ਦੇ ਮੰਜੇ ਦੇ ਨੇੜੇ ਕੰਧ ਉਤੇ, ਦੇਵੀ ਦੇਵਤੇ ਦੇ ਕੁਝ ਚਿੱਤਰ ਜਾਂ ਕੁਝ ਰੇਖਾ ਚਿੱਤਰ ਉਲੀਕ ਦਿੱਤੇ ਜਾਂਦੇ ਹਨ, ਜਿਨ੍ਹਾਂ ਨਾਲ ਰੋਗੀ ਦੇ ਮਨ ਨੂੰ ਧਰਵਾਸ ਬਝਿਆ ਰਹਿੰਦਾ ਹੈ। ਅਜਿਹੇ ਕਈ ਚਿੱਤਰ ਸੁਹਜ ਤੇ ਉੱਤਮ ਕਲਾ ਦੇ ਨਮੂਨੇ ਹੁੰਦੇ ਹਨ। ਪਿੰਡ ਦਾ ਹਿੰਦੂ ਬਾਣੀਆਂ ਜਦੋਂ ਲੇਖੇ ਦੀਆਂ ਨਵੀਆਂ ਵਹੀਆਂ ਛੂੰਹਦਾ ਹੈ ਤਾਂ ਉਹ ਪਹਿਲੇ ਸਫ਼ੇ ਉਤੇ ਗਣੇਸ਼ ਦਾ ਰੇਖਾ ਚਿੱਤਰ ਵਾਹੁੰਦਾ ਹੈ, ਤਾਂ ਜੋ ਕੰਮ ਵਿਚ ਬਰਕਤ ਪਈ ਰਹੇ।

ਨੌਰਾਤਿਆਂ ਦੇ ਦਿਨਾਂ ਵਿੱਚ 'ਸਾਂਝੀ' ਮਾਈ ਦੀ ਛਬੀ ਕੰਧ ਉਤੇ ਗੋਹੇ ਤੇ ਮਿੱਟੀ ਨਾਲ ਬਣਾਈ ਜਾਂਦੀ ਹੈ। ਸਾਂਝੀ ਮਾਈ ਦੀ ਛਬੀ ਗਹਿਣਿਆਂ ਨਾਲ ਸ਼ਿੰਗਾਰੀ ਹੁੰਦੀ ਹੈ। ਪਿੱਛੇ, ਪਿਛੋਕੜ ਵਿੱਚ ਇਕ ਪਾਸੇ ਚੰਨ੍ਹ ਚੜ੍ਹਦਾ ਤੇ ਦੂਜੇ ਪਾਸੇ ਸੂਰਜ ਛਿਪਦਾ ਵਿਖਾਇਆ ਜਾਂਦਾ ਹੈ। ਹਰ ਕੁੜੀ ਆਪਣੀ ਕਲਾ ਸੂਝ ਰਾਹੀਂ ਮੂਰਤੀ ਨੂੰ ਸੁੰਦਰ ਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਫਿਰ ਨੌਰਾਤਿਆਂ ਦੇ ਦਿਨੀਂ ਇਸ ਛਬੀ ਦੀ ਪੂਜਾ ਕੀਤੀ ਜਾਂਦੀ ਹੈ। ਦੀਵਾਲੀ ਦੇ ਦਿਨਾਂ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਾਣੀਆਂ ਕੰਧਾਂ ਉੱਤੇ ਚੂਨਾ ਫੇਰ ਕੇ ਉਸ ਉੱਤੇ ਲਛਮੀ ਦੇਵੀ ਤੇ ਕੁਬੇਰ ਦਾ ਚਿੱਤਰ ਬਣਾਉਂਦੀਆਂ ਹਨ।

ਪੰਜਾਬ ਵਿੱਚ ਗਿੱਲੇ ਪਲਸਤਰ ਦੀ ਚਿੱਤਰਕਾਰੀ ਦਾ ਵੀ ਚੋਖਾ ਰਿਵਾਜ਼ ਰਿਹਾ ਹੈ। ਇਹ ਵਿਧੀ, ਵੈਸ਼ਨਵ ਮੱਤ ਦੇ ਮੰਦਰਾਂ ਵਿੱਚ, ਦੇਵੀ–ਦੇਵਤਿਆਂ ਦੀਆਂ ਮੂਰਤੀਆਂ ਬਨਾਉਣ ਲਈ ਵਰਤੀ ਜਾਂਦੀ ਸੀ। ਮਕਾਨਾਂ ਦੇ ਮੱਥੇ ਤੇ ਘਰਾਂ ਦੀਆਂ ਕੰਧਾਂ ਨੂੰ ਸਜਾਉਣ ਲਈ ਕਿਸੇ ਸੁੱਘੜ ਕਲਾਕਾਰ ਤੋਂ ਗਿੱਲੇ ਪਲਸਤਰ ਉਤੇ ਚਿੱਤਰਕਾਰੀ ਕਰਵਾ ਲਈ ਜਾਂਦੀ ਹੈ। ਇਨ੍ਹਾਂ ਚਿੱਤਰਾਂ ਦੇ ਵਿਸ਼ੇ ਬਹੁ–ਰੰਗੀ ਹਨ, ਪਰ ਬਹੁਤੇ ਚਿੱਤਰ ਧਾਰਮਿਕ ਤੇ ਮਿਥਿਹਾਸਕ ਹੀ ਬਣਾਏ ਜਾਂਦੇ ਹਨ। ਇਹ ਚਿੱਤਰ ਸਾਡੀ ਲੋਕ-ਸੰਸਕ੍ਰਿਤੀ ਦੀ ਵੀ ਪ੍ਰਤੀਨਿਧਤਾ ਕਰਦੇ ਹਨ।

ਸੋ, ਪੰਜਾਬ ਵਿਚ ਲੋਕ-ਕਲਾ ਦੀ ਆਪਣੀ ਨਵੇਕਲੀ ਹੋਂਦ ਹੈ। ਪੰਜਾਬੀ ਚਰਿੱਤਰ ਤੇ ਭਾਵਨਾ ਇਸ ਦੀ ਨੁਹਾਰ, ਆਕਾਰ, ਰੰਗ ਤੇ ਸੁਹਜ ਵਿੱਚ ਸਮਾਈ ਹੋਈ ਹੈ।

('ਪੰਜਾਬ ਦੀ ਲੋਕ ਧਾਰਾ' ਵਿਚੋਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਲਰਾਜ ਸਾਹਨੀ

ਪਰਦੇਸੀ ਆਪਣੇ ਵਤਨ 'ਚ

ਸਰਗੋਧਿਉਂ ਸਵੇਰੇ ਸਤ ਵਜੇ ਦੀ ਤੁਰੀ ਗੱਡੀ ਯਾਰ੍ਹਾਂ ਵਜੇ ਲਾਲਾਮੂਸੇ ਪੁਜੀ। ਪਾਕਿਸਤਾਨ ਵਿਚ ਗੱਡੀਆਂ ਦੇ ਬੜੇ ਸੁਹਣੇ ਨਾਂ ਰਖੇ ਹੋਏ ਹਨ......ਤੇਜ਼ ਗਾਮ, ਤੇਜ਼ਰੌ ਸੁਬਕ ਗਾਮ, ਸੁਬਕ ਰੌ। ਇਕ ਤੇਜ਼ ਗੱਡੀ ਜਿਹੜੀ ਕਰਾਚੀਉਂ ਪਿਸ਼ਾਵਰ ਤਕ ਜਾਂਦੀ ਹੈ ਅਤੇ ਜਿਸ ਵਿਚ ਬਹਿ ਕੇ ਮੈਂ ਪਿੰਡੀ ਅਪੜਨਾ ਸੀ, ਦਾ ਨਾਂ ਹੈ "ਤਾਰੀ"। ਪਤਾ ਨਹੀਂ ਜਿਸ ਵਿਚ ਸਫ਼ਰ ਕਰ ਕੇ ਲਾਲੇਮੂਸੇ ਪੁਜਿਆ ਉਸ ਦਾ ਕੀ ਨਾਂ ਹੈ। ਬ੍ਰਾਂਚ ਲਾਈਨ ਗੱਡੀਆਂ ਦੇ ਸ਼ਾਇਦ ਨਾਂ ਨਹੀਂ ਰਖੇ ਜਾਂਦੇ, ਵਰਨਾ ਇਹਦਾ ਨਾਂ ਜ਼ਰੂਰ "ਸੁਸਤ ਰੌ" ਹੋਣਾ ਸੀ।

ਇਕ ਜ਼ਮਾਨਾ ਸੀ ਜਦੋਂ ਪਿੰਡੀਓਂ ਲਾਹੌਰ ਤਕ ਦੀ ਦੌੜ, ਬਾਰੇਨੁਮਾਜਾਂ ਮੰਨੀ ਜਾਂਦੀ ਸੀ। ਉਦੋਂ ਮੇਰੇ ਮਨ ਵਿਚ ਲਾਲੇਮੂਸੇ ਦੀ ਦੋ ਤਰ੍ਹਾਂ ਦੀ ਕਲਪਨਾ ਸੀ। ਇਕ ਇਹ ਕਿ ਪਿੰਡੀ ਤੇ ਲਾਹੌਰ ਦਰਮਿਆਨ ਉਹ ਨਖੇੜਵੀਂ ਲੀਕ ਵਾਂਗ ਹੈ। ਦੂਜੇ; ਫੇਰੇ ਜਾਣ ਆਉਣ ਵਾਲੇ "ਲਾਲਿਆਂ" ਨੂੰ ਇਥੇ ਕਈ ਘੰਟੇ 'ਮੁਸਣਾ' ਪੈਂਦਾ ਹੈ। ਇਹ ਦੂਜੀ ਵਿਸ਼ੇਸ਼ਤਾ ਤਾਂ ਹਾਲੀਂ ਵੀ ਕਾਇਮ ਸੀ। ਤਿੰਨ ਘੰਟੇ ਸਟੇਸ਼ਨ ਤੇ ਵਿਹਲਿਆਂ ਬਹਿ ਕੇ ਕਟਣੇ ਸਨ।

ਪਰ ਮੈਨੂੰ ਕੋਫ਼ਤ ਮਹਿਸੂਸ ਨਹੀਂ ਹੋਈ। ਅਕਤੂਬਰ ਦਾ ਪਿਛਲਾ ਪੰਦਰ-ਵਾੜਾ ਸ਼ੁਰੂ ਹੋ ਚੁਕਿਆ ਸੀ। ਏਸ ਮੌਸਮ ਲਾਹੌਰ ਵਿਚ ਹਾਲੇ ਵੀ ਦਿਹਾੜ ਗਰਮ ਹੁੰਦੀ, ਪਰ ਪੋਠੋਹਾਰ ਦੀ ਧਰਤ ਉਪਰ ਪਹਾੜਾਂ ਤੋਂ ਠੰਢੀਆਂ ਹਵਾਵਾਂ ਲਹਿ ਕੇ ਧੁੱਪ ਵਿਚ ਨਿੱਘ ਅਤੇ ਕਿਤਨੇ ਕੁ ਕੈਰਟ ਸੋਨਾ ਹੋਰ ਭਰ ਦੇਂਦੀਆਂ ਹਨ। ਇਹ ਬੜਾ ਸੁਹਾਵਣਾ ਸਮਾਂ ਹੁੰਦਾ ਹੈ ਅਤੇ ਪ੍ਰਦੇਸ ਵਿਚ ਬੈਠੇ ਪੋਠੋਹਾਰੀ ਨੂੰ ਕਦੇ ਵੀ ਨਹੀਂ ਭੁੱਲਦਾ। ਸਮ੍ਰਿਤੀ ਦੁਪਹਿਰੀ ਸੜਕਾਂ ਅਤੇ ਕੰਧਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਪਰ ਵਕਤੋਂ ਪਹਿਲਾਂ ਲਮੇਰੀਆਂ ਹੁੰਦੀਆਂ ਛਾਵਾਂ ਨੂੰ ਸਦਾ ਸਾਂਭ ਕੇ ਰਖਦੀ ਹੈ। ਇਸ ਮੌਸਮ ਵਿਚ ਮੈਨੂੰ ਆਪਣਾ ਸਕੂਲ ਵੀ ਚੰਗਾ ਲਗਣ ਲੱਗ ਪੈਂਦਾ ਸੀ, ਕਿਉਂਕਿ ਮਾਸਟਰ ਕੁਝ ਸੁਸਤ ਹੋ ਜਾਂਦੇ ਤੇ ਘੱਟ ਮਾਰਦੇ। ਸਕੂਲ ਦਾ ਵਕਤ ਬਦਲ ਜਾਂਦਾ। ਸਵੇਰੇ ਨੌਂ ਕੁ ਵਜੇ ਮਾਂ ਸਾਨੂੰ ਚੰਗੀ ਤਰ੍ਹਾਂ ਖੁਆ ਪਿਆ ਕੇ ਟੋਰਦੀ ਅਤੇ ਮੁੜਨ ਵੇਲੇ ਮੱਠੀ ਅੱਗੀਂ ਦੁੱਧ ਕੜ੍ਹਨਾ ਧਰ ਦੇਂਦੀ, ਜਿਸ ਵਿਚ ਬਦਾਮ ਹੁੰਦੇ, ਛੁਹਾਰੇ, ਲਾਚੀਆ, ਖ਼ਸਖ਼ਾਸ ਤੇ ਖ਼ਬਰੇ ਹੋਰ ਕੀ ਕੀ। ਤ੍ਰਿਕਾਲਾਂ ਤਕ ਇਹ ਦੁੱਧ ਉੱਬਲ ਉੱਬਲ ਕੇ ਲਾਲ ਤੇ ਧੁੱਪ ਵਾਂਗ ਹੀ ਸੰਘਣਾ ਹੋ ਜਾਂਦਾ।

ਇਸ ਵਿਸ਼ੇਸ਼ ਧੁੱਪ ਦਾ ਸੁਆਦ ਮਾਣਦਾ ਮੈਂ ਪਲੇਟਫ਼ਾਰਮ ਤੇ ਕਿਤਨਾ ਚਿਰ ਟਹਿਲਦਾ ਰਿਹਾ। ਸਟੇਸ਼ਨ ਜ਼ਰਾ ਵੀ ਨਹੀਂ ਸੀ ਬਦਲਿਆ ਸਿਵਾ ਇਸ ਦੇ ਕਿ ਗਾਹੇ ਗਾਹੇ ਬੁਲਾਰਾ ਨਿਹਾਇਤ ਸਸਤਾ ਉਰਦੂ ਵਿਚ ਲਾਊਡ-ਸਪੀਕਰ ਤੇ ਗੱਡੀਆਂ ਦੇ ਆਉਣ ਜਾਣ ਬਾਰੇ ਵੇਰਵਾ ਦੇਂਦਾ ਸੀ। ਇਹ ਲਾਊਡ-ਸਪੀਕਰ ਹਿੰਦੁਸਤਾਨ ਦੇ ਸਟੇਸ਼ਨਾਂ ਤੇ ਵੀ ਲਗ ਗਏ ਹਨ, ਪਰ ਉਨ੍ਹਾਂ ਉਪਰ ਜ਼ਬਾਨ ਦੀ ਜੋ ਦੁਰਦਸ਼ਾ ਕੀਤੀ ਜਾਂਦੀ ਹੈ, ਉਹ ਵਰਨਣ ਤੋਂ ਬਾਹਰ ਹੈ। ਹਿੰਦੁਸਤਾਨ ਦੇ ਸਰਕਾਰੀ ਮਹਿਕਮਿਆਂ ਵਿਚ ਹਿੰਦੀ ਵਿਗਾੜ ਕੇ ਤੇ ਅੰਗਰੇਜ਼ੀ ਸੰਵਾਰ ਕੇ ਬੋਲਣਾ ਉਚੇਰੀ ਤਹਿਜ਼ੀਬ ਅਤੇ ਪੁਜ਼ੀਸ਼ਨ ਦਾ ਇਸ਼ਤਿਹਾਰ ਹੈ। ਹਵਾਈ ਜਹਾਜ਼ਾਂ ਵਿਚ ਹੋਸਟੈਸਾਂ ਵੀ ਬੋਲਣ ਵੇਲੇ ਕੌਮੀ ਅਣਖ ਨੂੰ ਬਾਲਾਏ-ਤਾਕ ਰਖ ਦੇਂਦੀਆਂ ਹਨ। ਇਸ ਦੇ ਵਿਪ੍ਰੀਤ ਪਾਕਿਸਤਾਨੀ ਅਫ਼ਸਰਾਂ ਅਤੇ ਉੱਚੀ ਸ਼ਰੇਣੀ ਦੇ ਲਕਾਂ ਨੂੰ ਮੈਂ ਅੰਗਰੇਜ਼ੀਅਤ ਦੇ ਖ਼ਬਤ ਤੋਂ ਆਜ਼ਾਦ ਵੇਖਿਆ।

ਖ਼ਾਨ ਸਾਮਾ ਮੇਰੇ ਲਈ ਰੋਟੀ ਵੇਟਿੰਗ ਰੂਮ ਵਿਚ ਹੀ ਲੈ ਆਇਆ ਇਹਦੇ ਨਾਲ ਲਗਦੇ ਡ੍ਰੈਸਿੰਗ ਰੂਮ ਵਿਚ ਇਕ ਲੱਕੜੀ ਦੀ ਬਣੀ ਹੋਈ ਜਾਇ-ਨਿਮਾਜ਼ ਪਈ ਸੀ। ਦੁਪਹਿਰ ਦੀ ਨਿਮਾਜ਼ ਵੇਲੇ ਰੇਲਵੇ ਦੇ ਛੋਟੇ ਤੇ ਵਡੇ ਕਰਮਚਾਰੀ ਵਾਰੋਵਾਰੀ ਆਉਂਦੇ, ਜਾਇ-ਨਿਮਾਜ਼ ਵਿਛਾਂਦੇ ਤੇ ਨਿਮਾਜ਼ ਪੜ੍ਹਦੇ। ਕਾਫ਼ੀ ਚਿਰ ਤਕ ਇਹ ਆਵਾਜਾਈ ਲਗੀ ਰਹੀ ਅਤੇ ਇਹਨੂੰ ਵੇਖ ਕੇ ਮੇਰਾ ਮਨ ਚੁਟਕੀਆਂ ਲੈਣ ਲਗ ਪਿਆ।

ਏਸ ਇਬਾਦਤ ਦਾ ਕੁਝ ਨਾ ਕੁਝ ਫ਼ਾਇਦਾ ਤਾਂ ਜ਼ਰੂਰ ਹੁੰਦਾ ਹੋਵੇਗਾ, ਮੈਂ ਸੋਚਿਆ ? ਭਾਵੇਂ ਥੋੜੇ ਚਿਰ ਲਈ ਹੀ ਸਹੀ, ਛੋਟੇ ਤੇ ਵਡੇ ਕਰਮਚਾਰੀ ਆਪਣੇ ਆਪ ਨੂੰ ਇਕ ਦੂਜੇ ਦੇ ਨੇੜੇ ਨੇੜੇ ਤੇ ਬਰਾਬਰ ਮਹਿਸੂਸ ਕਰਨ ਲਗ ਪੈਂਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਣਗੇ ? ਉਨ੍ਹਾਂ ਦੇ ਆਚਰਣ ਵਿਚ ਸਵੱਛਤਾ ਆ ਜਾਂਦੀ ਹੋਵੇਗੀ ? ਮੁਸਾਫ਼ਰਾਂ ਨਾਲ ਸਲੂਕ ਸੁਧਰ ਜਾਂਦਾ ਹੋਵੇਗਾ ?

ਇਸਲਾਮ ਦੀਆਂ ਬੇਸ਼-ਕੀਮਤ ਸਮਾਜੀ ਤੇ ਜਮਹੂਰੀ ਰਵਾਇਤਾਂ ਹਨ। ਜਦੋਂ ਮੈਂ ਕਾਲਜ ਵਿਚ ਪੜ੍ਹਦਾ ਸਾਂ, ਸਰ ਸਿਕੰਦਰ ਹਯਾਤ ਖ਼ਾਨ ਕੁਝ ਮਹੀਨਿਆਂ ਲਈ ਪੰਜਾਬ ਦੇ ਗਵਰਨਰ ਨੀਯਤ ਹੋਏ ਸਨ। ਪਰ ਉਨ੍ਹਾਂ ਆਪਣੀ ਰਿਹਾਇਸ਼ ਗੌਰਮਿੰਟ ਹਾਊਸ ਤਬਦੀਲ ਨਹੀਂ ਸੀ ਕੀਤੀ। ਆਪਣੀ ਕੋਠੀ ਦੇ ਹਾਤੇ ਵਿਚ ਹੀ ਇਕ ਉੱਚੇ ਮਸਤੂਲ ਉਪਰ ਯੂਨੀਅਨ ਜੈਕ ਲਗਵਾ ਛਡਿਆ ਸੀ। ਉਨ੍ਹਾਂ ਦੇ ਪਹਿਲੇ ਹਿੰਦੁਸਤਾਨੀ ਗਵਰਨਰ ਬਣਨ ਤੇ ਲੋਕਾਂ ਨੂੰ ਬੜਾ ਮਾਣ ਸੀ। ਇਕ ਸ਼ਾਮ ਜਦੋਂ ਉਨ੍ਹਾਂ ਦਾ ਲੜਕਾ ਸ਼ੌਕਤ, ਜੋ ਮੇਰਾ ਜਮਾਤੀ ਸੀ। ਤੇ ਮੈਂ ਉਨ੍ਹਾਂ ਦੀ ਕੋਠੀ ਦਾਖ਼ਲ ਹੋਏ ਤਾਂ ਅਜੀਬ ਨਜ਼ਾਰਾ ਵੇਖਿਆ। ਲਾਅਨ ਵਿਚ ਵਿਛੀਆਂ ਦਰੀਆਂ ਉਪਰ ਅਮੀਰ ਤੇ ਗ਼ਰੀਬ, ਦੋਹਾਂ ਤਰ੍ਹਾਂ ਦੇ ਮੁਲਾਕਾਤੀਆਂ ਦੀ ਭੀੜ ਲਗੀ ਹੋਈ ਸੀ। ਇਸ ਦੇ ਐਨ ਵਿਚਕਾਰ ਸਰ ਸਿਕੰਦਰ ਆਪ ਬੜੀ ਬੇਤਕੱਲਫ਼ੀ ਨਾਲ ਸਜੇ ਹੋਏ ਸਨ, ਅਤੇ ਹੁੱਕਾ ਵੀ ਸਾਂਝਾ ਕਰ ਰਹੇ ਸਨ। ਜਿਸ ਟਾਂਗੇ ਵਿਚ ਅਸੀਂ ਆਏ ਉਸ ਦਾ ਕੋਚਵਾਨ ਵੀ ਝਟ ਦਰੀ ਤੇ ਆ ਬੈਠਾ ਸੀ ਤੇ ਹੁੱਕੇ ਦਾ ਦਮ ਲਾ ਕੇ ਚਲਦਾ ਬਣਿਆ ਸੀ। ਮੈਂ ਬੜਾ ਹੀ ਪ੍ਰਭਾਵਤ ਹੋਇਆ ਸਾਂ; ਅਤੇ ਸ਼ੌਕਤ ਨੇ ਉਸ ਸ਼ਾਮ ਇਸਲਾਮੀ ਇਸ਼ਤਰਾਕੀਅਤ ਉਪਰ ਮੈਨੂੰ ਇਕ ਚੰਗਾ ਖ਼ਾਸਾ ਲੈਕਚਰ ਦਿਤਾ ਸੀ।

ਪਾਕਿਸਤਾਨ ਦੇ ਵਜੂਦ ਵਿਚ ਆਉਣ ਤੋਂ ਬਅਦ ਉਥੋਂ ਦੀ ਜਨਤਾ ਨੇ ਜ਼ਰੂਰ ਆਸ ਕੀਤੀ ਹੋਵੇਗੀ ਕਿ ਹੁਣ ਨਿਜ਼ਾਮ ਇਨ੍ਹਾਂ ਦੀ ਜਮਹੂਰੀ ਅਤੇ ਇਸ਼ਤਰਾਕੀ ਲੀਹਾਂ ਤੇ ਚਲੇਗਾ। ਲੋਟੂ ਅੰਗਰੇਜ਼ ਚਲੇ ਗਏ, ਸੂਦ ਖ਼ੋਰੇ ਖੱਤਰੀ ਦਫ਼ਾ ਹੋ ਗਏ, ਹੁਣ ਭਲਾ ਕਿਹੜੀ ਰੁਕਾਵਟ ਰਹਿ ਗਈ।

ਇਹ ਆਸ ਉਨ੍ਹਾਂ ਦੀ ਕਿਥੋਂ ਤਕ ਪੂਰੀ ਹੋਈ, ਉਹ ਆਪ ਹੀ ਦਸ ਸਕਦੇ ਹਨ। ਪਰ ਇਕ ਬਾਹਰੋਂ ਆਇਆ ਹੋਇਆ, ਸਰਸਰੀ ਨਜ਼ਰ ਨਾਲ ਵੇਖਣ ਵਾਲਾ, ਮਹਿਮਾਨ ਇਤਨਾ ਜ਼ਰੂਰ ਕਹਿ ਸਕਦਾ ਹੈ ਕਿ ਉਹ ਆਪਣੀ ਮੰਜ਼ਿਲੇ ਮਕਸੂਦ ਤੋਂ ਸ਼ਾਇਦ ਉਤਨੇ ਹੀ ਦੂਰ ਹਨ ਜਿਤਨੇ ਅਸੀਂ ਆਪ ਹਾਂ। ਗ਼ਰੀਬ ਅਮੀਰ ਦੇ ਭੇਦ ਓਵੇਂ ਹੀ ਮੌਜੂਦ ਹਨ, ਹੋ ਸਕਦੈ ਹੋਰ ਵੀ ਤਿੱਖੇ ਹੋ ਗਏ ਹੋਣ।

ਸਾਡੇ ਹਿੰਦੁਸਤਾਨ ਵਿਚ ਤਾਂ ਮਜ਼ਬਾਂ ਦਾ ਕੋਈ ਹਿਸਾਬ ਨਹੀਂ।...ਹਿੰਦੂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਲਮਾਨ, ਸਿੱਖ, ਈਸਾਈ, ਪਾਰਸੀ, ਬੋਧ, ਜੈਨ, ਅਤੇ ਅਨੇਕਾਂ ਹੋਰ ਮਤ-ਮਤਾਂਤਰ। ਜੇ ਸਾਡੇ ਸਟੇਸ਼ਨਾਂ ਉਤੇ ਵੀ ਇਸੇ ਤਰ੍ਹਾਂ ਕਰਮਚਾਰੀਆਂ ਨੂੰ ਆਪਣੇ ਢੰਗ ਨਾਲ ਇਬਾਦਤ ਕਰਨ ਦੀ ਸਹੂਲਤ ਦੇ ਦਿਤੀ ਜਾਵੇ ਤਾਂ ਮੁਮਕਿਨ ਹੈ ਜਿਸ ਰਫ਼ਤਾਰ ਨਾਲ ਉਨ੍ਹਾਂ ਦਾ ਕਿਰਦਾਰ ਸੁਧਰੇ ਉਸ ਤੋਂ ਕ਼ਿਤੇ ਜਲਦੀ ਰੇਲ ਮਹਿਕਮੇ ਦਾ ਕਾਰੋਬਾਰ ਖ਼ਤਮ ਹੋ ਜਾਏ।

ਸਮਾਨਤਾ, ਨਿਆਂ, ਮਨੁੱਖ-ਮਾਤਰ ਦੇ ਕਲਿਆਣ ਦਾ ਉਪਦੇਸ਼ ਸੰਸਾਰ ਦੇ ਹਰ ਮਹਾਂਪੁਰਸ਼ ਨੇ ਦਿਤਾ ਹੈ। ਕਮਿਊਨਿਜ਼ਮ ਨੂੰ ਭੰਡਣ ਵੇਲੇ ਹਿੰਦੂ ਵੀਰ ਝੱਟ—

"ਸਰਵੈ ਭਵੰਤੂ ਸੁਖਿਨ : ਸਰਵੇ ਸੰਤੂ ਨਿਰਾਮਯ"

ਦੇ ਹਵਾਲੇ ਦੇਣ ਲਗ ਪੈਂਦੇ ਹਨ, ਅਤੇ ਸਿੱਖ ਵੀਰ ਦਸਮ ਪਿਤਾ ਦੇ ਇਸ ਵਾਕ ਦੇ—

"ਸੱਭੇ ਸਾਂਝੀਵਾਲ ਸਦਾਇਨ ਕੋਈ ਨਾ ਦਿੱਸੇ ਬਾਹਰਾ ਜੀਓ।"

ਪਰ ਵਡਿਆਈ ਦੀ ਕਸੌਟੀ ਤੁਕਾਂ ਦੁਹਰਾਣਾ ਜਾਂ ਧਾਰਮਕ ਰਹੁ-ਰੀਤ ਦਾ ਪਾਬੰਦ ਹੋਣਾ ਨਹੀਂ, ਉਹ ਸਾਡਾ ਅਮਲ ਹੈ। ਸੱਚਾ ਉਹ ਜਿਦ੍ਹਾ ਅਮਲ ਸੱਚਾ।

ਕਲ੍ਹ ਰਾਤ ਦੀ ਇਕ ਘਟਨਾ ਯਾਦ ਆਈ। ਮੁੰਡੇ ਖੁੰਡੇ ਖਿਚ ਕੇ ਮੈਨੂੰ ਸਿਨਮੇ ਲੈ ਗਏ ਸਨ। ਇਹ ਸਿਨਮਾ ਵੀ, ਜੋ ਮੈਂ ਭੁੱਲਦਾ ਨਹੀਂ, ਉਸ ਸਾਹਣੀ ਮੁਸਲਮਾਨ ਵੀਰ ਦਾ ਸੀ ਜਿਨ੍ਹਾਂ ਦੀ ਹੱਟੀ ਉਤੇ ਮੈਂ ਸਰਗੋਧੇ ਪਹਿਲੀ ਸ਼ਾਮ ਜਾ ਚੜ੍ਹਿਆ ਸਾਂ। ਪਿਕਚਰ ਦਾ ਨਾਂ ਸੀ "ਔਰ ਚਰਾਗ਼ ਜਲਤਾ ਰਹਾ।" ਇਸ ਦੇ ਪ੍ਰੋਡਯੂਸਰ-ਡਾਇਰੈਕਟਰ ਪਹਿਲਾਂ ਹਿੰਦੁਸਤਾਨੀ ਤੇ ਫੇਰ ਪਾਕਿਸਤਾਨੀ ਸਿਵਲ-ਸਰਵਿਸ ਦੇ ਇਕ ਉੱਚੇ ਅਫ਼ਸਰ ਰਹਿ ਚੁਕੇ ਹਨ। ਰੀਟਾਇਰ ਹੋ ਕੇ ਫ਼ਿਲਮਾਂ ਦੀ ਪੱਧਰ ਨੂੰ ਉਚੇਰਾ ਕਰਨ ਦੇ ਮੁਬਾਰਕ ਇਰਾਦੇ ਨਾਲ ਇਹ ਪਹਿਲੀ ਫ਼ਿਲਮ ਬਣਾਈ ਹੈ। ਕਲਾ-ਪਖ ਕਾਫੀ ਕੱਚਾ ਹੈ (ਫ਼ਿਲਮ ਬਣਾਨ ਦਾ ਕੰਮ ਅੰਦਰੋਂ ਇਤਨਾ ਆਸਾਨ ਨਹੀਂ ਜਿਤਨਾ ਬਾਹਰੋਂ ਦਿਸਦਾ ਹੈ)। ਪਰ ਵਿਚਾਰ ਤੇ ਆਦਰਸ਼ ਦੀ ਦ੍ਰਿਸ਼ਟੀ ਤੋਂ ਸਾਫ਼ ਸੁਥਰੀ ਅਤੇ ਸਿਖਿਆ-ਦਾਇਕ ਫ਼ਿਲਮ ਹੈ। ਇਸ ਵਿਚ ਇਕ ਆਦਰਸ਼ ਮੁਸਲਮਾਨ ਪਰਿਵਾਰ ਦੀ ਵਿਆਖਿਆ ਕੀਤੀ ਗਈ ਹੈ, ਜੋ ਵੱਡੀ ਤੋਂ ਵੱਡੀ ਅਜ਼ਮਾਇਸ਼ ਵੇਲੇ ਵੀ ਸਬਰ ਸਿਦਕ ਦਾ ਦਾਮਨ ਨਹੀਂ ਛੱਡਦਾ ਰੱਬੀ ਮਾਰਗ ਉਤੇ ਤੁਰਦਾ ਹੈ।

ਉਹ ਮਾਰਗ ਕੀ ਹੈ ? ਹਮੇਸ਼ ਸੱਚ ਬੋਲੋ, ਬੱਦ ਤੋਂ ਬੱਦ ਦੁਸ਼ਮਣ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ [illegible] ਨਾਲ ਪੇਸ਼ ਆਉ। ਪ੍ਰੇਮ ਤੇ ਅਹਿੰਸਾ ਰਾਹੀਂ ਇਕ ਨਾ ਇਕ ਦਿਨ ਜ਼ਰੂਰ ਤੁਸੀਂ ਉਸ ਦਾ ਮਨ-ਪ੍ਰੀਵਰਤਨ ਕਰ ਲਉਗੇ। ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਕਦੇ ਆਪਣੇ ਦਿਲ ਵਿਚ ਮਲੀਨ ਵਿਚਾਰ ਨਾਂ ਲਿਆਉ। ਸੰਸਾਰਕ ਲੋਭ ਤੇ ਲਾਲਸਾ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰੋ। ਸਾਦਾ ਖਾਣਾ, ਸਾਦਾ ਪਹਿਨਣਾ, ਸੱਚੀ ਨਿਰਮਾਣਤਾ, ਮਨੁੱਖਤਾ ਦੀ ਸੇਵਾ ਕਰਨੀ, ਇਹੋ ਉੱਤਮ ਜੀਵਨ ਦੇ ਲੱਛਣ ਹਨ।

ਪਰ, ਇਹੋ ਤਾਲੀਮ ਤਾਂ ਆਰੀਆ ਸਮਾਜ ਦੇ ਉਪਦੇਸ਼ਕ ਵੀ ਦਿਆ ਕਰਦੇ ਹਨ? ਬਾਬਾ ਨੌਧ ਸਿੰਘ ਦਾ ਕਿਰਦਾਰ ਵੀ ਤਾਂ ਭਾਈ ਵੀਰ ਸਿੰਘ ਨੇ ਇਸੇ ਫ਼ਾਰਮੂਲੇ ਅਨੁਸਾਰ ਘੜਿਆ ਸੀ। ਸੱਚੇ ਹਿੰਦੂ ਜਾਂ ਸੱਚੇ ਸਿੱਖ ਦੀ ਜੋ ਪਰਿਭਾਸ਼ਾ ਕੀਤੀ ਜਾਂਦੀ ਹੈ, ਉਹੋ ਇਸ ਫ਼ਿਲਮ ਅਨੁਸਾਰ ਇਕ ਸੱਚੇ ਮੁਸਲਮਾਨ ਦੀ ਸੀ। ਮੈਨੂੰ ਇੰਜ ਜਾਪਿਆਂ ਜਿਵੇਂ ਪ੍ਰੇਮ ਚੰਦ ਦਾ ਕੋਈ ਨਾਵਲ ਪੜ੍ਹ ਰਿਹਾ ਹਾਂ। ਮਹਾਤਮਾ ਗਾਂਧੀ ਅਤੇ ਟਾਲਸਟਾਏ ਦੇ ਵੀ ਤਾਂ ਇਹੋ ਵਿਚਾਰ ਹਨ?'

ਹਾਲ ਖ਼ਾਲੀ ਪਿਆ ਸੀ। ਮਸਾਂ ਦੋ ਕੁ ਸੋ- ਬੰਦੇ ਹੋਣਗੇ, ਅਤੇ ਉਹ ਵੀ ਬੜੀ ਅਰੁਚੀ ਨਾਲ ਫ਼ਿਲਮ ਵੇਖ ਰਹੇ ਸਨ। ਮੇਰੇ ਸਾਥੀਆਂ ਵਿਚੋਂ ਵੀ ਕਿਸੇ ਨੂੰ ਫ਼ਿਲਮ ਪਸੰਦ ਨਾ ਆਈ। ਸ਼ੋ ਦੇ ਖ਼ਾਤਮੇ ਉਤੇ ਉਹ ਮੇਰੀ ਰਾਏ ਤਲਬ ਕਰਨ ਲਗ ਪਏ। ਜਦੋਂ ਮੈਂ ਕਿਹਾ ਕਿ ਪਿਕਚਰ ਮੈਨੂੰ ਪਸੰਦ ਆਈ ਹੈ ਤਾਂ ਉਨ੍ਹਾਂ ਟਿਚਕਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਅਖੇ ਮੈਂ ਡਿਪਲੋਮੇਸੀ ਵਰਤ ਰਿਹਾਂ, ਦਿਲ ਦੀ ਗੱਲ ਨਹੀਂ ਕਰ ਰਿਹਾ। ਇਸ ਇਲਜ਼ਾਮ ਵਿਚ ਥੋੜ੍ਹੀ ਬਹੁਤ ਸਚਿਆਈ ਵੀ ਸੀ। ਬਦੇਸ਼ੋਂ ਆਇਆ ਆਦਮੀ ਘਰ ਦੇ ਬੱਚੇ ਵਾਂਗ ਖੁਲ੍ਹ ਕੇ ਆਲੋਚਨਾ ਨਹੀਂ ਕਰ ਸਕਦਾ, ਪਰ ਜਦੋਂ ਮੈਂ ਨਿਵੇਦਨ ਕੀਤਾ ਕਿ ਮੇਰੇ ਦ੍ਰਿਸ਼ਟੀ ਕੋਣ ਅਨੁਸਾਰ ਫ਼ਿਲਮਾਂ ਕੇਵਲ ਮਨੋਰੰਜਨ ਦਾ ਸਾਧਨ ਨਹੀਂ ਹੁੰਦੀਆਂ ਅਤੇ ਕੋਈ ਵੀ ਫ਼ਿਲਮ ਜਿਹੜੀ ਜਨ-ਸੁਧਾਰ ਦੇ ਆਸ਼ੇ ਨਾਲ ਬਣਾਈ ਗਈ ਹੋਵੇ ਕਾਬਿਲੇ ਇਹਤਰਾਮ ਹੈ ਤਾਂ ਉਨ੍ਹਾਂ ਬੇਯਕੀਨੀ ਖ਼ਾਮੋਸ਼ੀ ਨਾਲ ਸਿਰ ਹਿਲਾ ਛਡੇ। ਸਾਫ਼ ਜ਼ਾਹਰ ਸੀ ਕਿ ਇਨ੍ਹਾਂ ਨੌਜਵਾਨਾਂ ਦਾ ਉਨ੍ਹਾਂ ਆਦਰਸ਼ਾਂ ਤੋਂ ਹੀ ਯਕੀਨ ਉਠ ਗਿਆ ਸੀ ਜੋ ਇਸ ਫ਼ਿਲਮ ਵਿਚ ਦਰਸਾਏ ਗਏ ਸਨ। ਉਨ੍ਹਾਂ ਦਾ ਜੀਵਨ-ਤਜਰਬਾ ਦਸਦਾ ਸੀ ਕਿ ਅਕਸਰ ਇਨ੍ਹਾਂ ਆਦਰਸ਼ਾਂ ਦਾ ਐਲਾਨ ਕਰਨ ਵਾਲੇ ਹੀ ਅੰਦਰ ਖਾਤੇ ਇਨ੍ਹਾਂ ਦਾ ਗਲਾ ਘੋਂਪਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਵਾਰੀ ਫੇਰ ਮੈਨੂੰ ਆਪਣੇ ਮੁਲਕ ਹਿਦੁਸਤਾਨ ਦਾ ਨਿਧਰਮਕ ਵਿਧਾਨ ਵਡਮੁੱਲਾ ਭਾਸਣ ਲਗ ਪਿਆ। ਬਿਹਤਰ ਗੱਲ ਇਹੋ ਹੈ ਕਿ ਇਨਸਾਨ ਮਜ਼ੁਬ ਦੀ ਦੌੜ ਆਪਣੀ ਜ਼ਮੀਰ ਤੇ ਆਪਣੇ ਭਗਵਾਨ ਤਕ ਹੀ ਸੀਮਤ ਰਖੇ। ਜੇ ਇੰਜ ਕਰਨ ਵਿਚ ਉਹ ਕਾਮਯਾਬ ਹੈ ਤਾਂ ਸਾਰੀ ਮਨੁੱਖਤਾ ਲਈ ਉਹਦੇ ਦਿਲ ਵਿਚ ਪ੍ਰੇਮ ਤੇ ਸਨਮਾਨ ਪੈਦਾ ਹੋਵੇਗਾ। ਇਹੋ ਸਾਡੇ ਪੁਰਖਿਆਂ ਦੀ ਰੀਤ ਰਹੀ ਹੈ। ਮਜ਼ੁਬ ਦਾ ਸਮਾਜਕ ਅਤੇ ਰਾਜਨੀਤਕ ਕੰਮਾਂ ਵਿਚ ਜਿਤਨਾ ਘਟ ਪ੍ਰਵੇਸ਼ ਹੋਵੇ ਉਤਨਾ ਹੀ ਚੰਗਾ ਹੈ।

ਭਾਰਤ ਦੀ ਜਨਤਾ ਆਪਣੇ ਅਨੁਭਵ ਨਾਲ ਹੌਲੀ ਹੌਲੀ ਇਸ ਗੱਲ ਨੂੰ ਸਿੱਖ ਰਹੀ ਹੈ, ਭਾਵੇਂ ਸਿਰ-ਫਿਰਿਆਂ ਦੀ ਅਜੇ ਵੀ ਘਾਟ ਨਹੀਂ। ਇਕ ਵੇਲਾ ਸੀ ਜਦੋਂ ਹਕੂਮਤ ਦੀ ਪਕਿਆਈ ਜਨਤਾ ਨੂੰ ਲੜਾਣ ਉਤੇ ਨਿਰਭਰ ਸੀ। ਇਹ ਅੰਗਰੇਜ਼ੀ ਰਾਜ ਦਾ ਵੇਲਾ ਸੀ। ਇਸ ਕੰਮ ਲਈ ਚਰਿੱਤਰ-ਹੀਨ ਅਤੇ ਜ਼ਮੀਰ ਫ਼ਰੋਸ਼ ਲੋਕਾਂ ਨੂੰ ਆਸਾਨੀ ਨਾਲ ਵਰਤਿਆ ਜਾ ਸਕਦਾ ਸੀ। ਪਰ ਹੁਣ ਆਜ਼ਾਦ ਸਰਕਾਰ ਲਈ ਪਕਿਆਈ ਦੀ ਮੁੱਢਲੀ ਸ਼ਰਤ ਦੇਸ਼-ਵਿਆਪੀ ਏਕਤਾ ਹੈ। ਉਸ ਤੋਂ ਬਿਨਾਂ ਨਾ ਦੇਸ਼ ਸਲਾਮਤ ਰਹਿ ਸਕਦਾ ਹੈ, ਨਾ ਹਕੂਮਤ। ਕੋਈ ਬੜਾ ਹੀ ਮੂਰਖ ਹਿੰਦੁਸਤਾਨੀ ਹੋਵੇਗਾ ਜਿਹੜਾ ਇਸ ਗੱਲ ਨੂੰ ਨਾ ਸਮਝੇ। ਅਤੇ ਰਾਜ ਵਲੋਂ ਵੀ ਹੁਣ ਉਨ੍ਹਾਂ ਲੋਕਾਂ ਨੂੰ ਸ਼ਹਿ ਨਹੀਂ ਮਿਲਦੀ ਜਿਹੜੇ ਮਜ਼ੁਬ ਦੇ ਨਾਂ ਉਤੇ ਲੋਕਾਂ ਨੂੰ ਲੜਾਣਾ ਚਾਹੁੰਦੇ ਹੋਣ। ਇਸ ਨੀਤੀ ਤੋਂ ਜਨਤਾ ਦਾ ਸੰਤੁਸ਼ਟ ਹੋਣਾ ਸੁਭਾਵਕ ਹੈ, ਕਿਉਂਕਿ ਉਹ ਸੁਰੱਖਿਅਤ ਤੇ ਸੁਖਾਲਾ ਜੀਵਨ ਪਸੰਦ ਕਰਦੀ ਹੈ। ਅਜਿਹੇ ਜੀਵਨ ਨੂੰ ਵਜੂਦ ਵਿਚ ਲਿਆਉਣ ਲਈ ਉਪਜ-ਵਧਾਊ ਹੰਭਲੇ ਮਾਰਨ ਦੀ ਲੋੜ ਹੈ, ਮਜ਼ੁਬੀ ਨਾਅਰਿਆਂ ਦੀ ਨਹੀਂ। ਅਤੇ ਇਸੇ ਦਿਸ਼ਾ ਵਿਚ ਸਾਡੀ ਹਕੂਮਤ ਸਾਨੂੰ ਵੰਗਾਰਦੀ ਹੈ।

ਪਰ ਉਪਜ ਦੇ ਵਾਧਿਆਂ ਦਾ ਕੀ ਲਾਭ ਜੇ ਮੁਨਾਫ਼ਿਆਂ ਦੇ ਜ਼ਖੀਰੇ ਮੋਟਿਆਂ ਢਿੱਡਾਂ ਵਿਚ ਲਹਿੰਦੇ ਜਾਣ? ਇਸ ਜ਼ਖੀਰੇ ਦੀ ਵੰਡ ਜਮਹੂਰੀ ਤੇ ਇਸ਼ਤਰਾਕੀ ਢੰਗ ਨਾਲ ਹੋਣੀ ਲਾਜ਼ਮੀ ਹੈ। ਸਾਡੀ ਹਕੂਮਤ ਇਸ ਹਕੀਕਤ ਨੂੰ ਵੀ ਤਸਲੀਮ ਕਰਦੀ ਹੈ ਅਤੇ ਇਸ ਦੇ ਅਨਕੂਲ ਆਪਣੇ ਪ੍ਰੋਗਰਾਮ ਢਾਲਣਾ ਚਾਹੁੰਦੀ ਹੈ। ਇਹ ਵੀ ਬੜੇ ਸੰਤੋਖ ਦੀ ਗੱਲ ਹੈ।

ਪ੍ਰਦੇਸ ਵਿਚ ਬੈਠ ਕੇ ਮੇਰੇ ਦਿਲ ਅੰਦਰ ਪੰਡਤ ਨਹਿਰੂ ਲਈ ਬੜੇ ਆਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਸਤਿਕਾਰ ਦੀ ਭਾਵਨਾ ਉਠ ਪਈ। ਉਹੋ ਇਨ੍ਹਾਂ ਨੀਤੀਆਂ ਦਾ ਅਵਿਕਾਰਕ ਅਤੇ ਕਰਣਧਾਰ ਹੈ। ਉਹ ਆਦਰਸ਼ਾਂ ਨੂੰ ਵਿਵਹਾਰਕ ਅਤੇ ਵਿਗਿਆਨਕ ਢੰਗ ਨਾਲ ਵੇਖਦਾ ਹੈ, ਅਮਲ ਦੀਆਂ ਯਥਾਰਥ ਰਾਹਾਂ ਟੋਲਦਾ ਹੈ। ਆਪਣੀ ਜਨਤਾ ਦੀ ਸੋਚ-ਪੱਧਰ ਨੂੰ ਧਿਆਨ ਵਿਚ ਰਖ ਕੇ ਸਹਿਜੇ ਅਗੇ ਕਦਮ ਪੁਟਦਾ ਹੈ, ਉਤਾਵਲੀਆਂ ਛਾਲਾਂ ਨਹੀਂ ਮਾਰਦਾ। ਇਸੇ ਕਾਰਨ ਉਹ ਜਨਤਾ ਦੇ ਦਿਲਾਂ ਵਿਚ ਖੁੱਭਿਆ ਰਹਿੰਦਾ ਹੈ। ਉਸ ਦੀ ਖ਼ਾਤਰ ਲੋਕ ਉਸ ਦੀ ਸਰਕਾਰ ਦੇ ਵੀ ਸੌ ਕਸੂਰ ਮਾਫ਼ ਕਰ ਛਡਦੇ ਹਨ। ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਜਿਉਂ ਜਿਉਂ ਦੇਸ ਵਿਚ ਜਾਗਿਰਤੀ ਆਵੇਗੀ ਉਸ ਦੀਆਂ ਬਣਾਈਆਂ ਨੀਤੀਆਂ ਹੋਰ ਵੀ ਮਜ਼ਬੂਤ ਹੁੰਦੀਆਂ ਜਾਣਗੀਆਂ। ਉਹ ਜ਼ਮਾਨੇ ਦੀ ਮੰਗ ਹਨ।

ਪਾਕਿਸਤਾਨ ਵੀ ਏਸ਼ੀਆ ਦੇ ਨਵੇਂ ਆਜ਼ਾਦ ਹੋਏ ਦੇਸ਼ਾਂ ਵਿਚੋਂ ਹੈ। ਉਸ ਦੇ ਨਿਰਮਾਣ ਵਿਚ ਮਜ਼੍ਹਬ ਦਾ ਭਾਵੇਂ ਕਿਤਨਾ ਹੀ ਹੱਥ ਰਿਹਾ ਹੋਵੇ, ਪ੍ਰਗਤੀ ਤੇ ਵਿਕਾਸ ਲਈ ਉਸ ਨੂੰ ਵੀ ਉਦਾਰ ਲੋਕਸ਼ਾਹੀ ਤੇ ਸਮਾਜਵਾਦੀ ਅਸੂਲ ਅਪਣਾਨੇ ਪੈਣਗੇ, ਜਿਵੇਂ ਕਿ ਮਿਸਰ, ਅਲਜੀਰੀਆ ਆਦਿ ਮੁਸਲਮਾਨ ਦੇਸ਼ਾਂ ਨੇ ਕੀਤਾ ਹੈ। ਦੇਸ਼ ਵਿਚੋਂ ਗ਼ਰੀਬੀ, ਜਹਾਲਤ, ਬੀਮਾਰੀ, ਅਨਿਆਂ ਨੂੰ ਦੂਰ ਕਰਨ ਨਾਲੋਂ ਵੱਡੀ ਇਬਾਦਤ ਹੋਰ ਕਿਹੜੀ ਹੋ ਸਕਦੀ ਹੈ ?

ਫੇਰ ਖ਼ਿਆਲ ਆਇਆ, ਸਿਆਸਤ ਦੇ ਦਾਅ-ਪੇਚ ਤੂੰ ਕੀ ਜਾਣੇ ਮਨਾ ! ਕੀ ਭਾਰਤ ਵਿਚ ਅਜੋਕੇ ਕਾਣੀ-ਵੰਡ ਅਤੇ ਭ੍ਰਿਸ਼ਟਾਚਾਰ ਦੀ ਕੋਈ ਘਾਟ ਹੈ ? ਕੀ ਦੇਸ਼ ਦਾ ਵੰਡਾਰਾ ਬਜ਼ਾਤੇ-ਖ਼ੁਦ ਨਹਿਰੂ ਦੀ ਅਤੇ ਸਾਡੀ ਕੌਮੀ ਤਹਿਰੀਕ ਦੀ ਹਾਰ ਨਹੀਂ ਸੀ ? ਜੇ ਫੇਰ ਕੋਈ ਸੰਕਟ ਉਠ ਖਲੋਵੇ ਤਾਂ ਕੀ ਗਰੰਟੀ ਹੈ ਕਿ ਨਹਿਰੂ ਜਾਂ ਉਸ ਦੀ ਸਰਕਾਰ ਭਾਰਤ ਦੀ ਏਕਤਾ ਨੂੰ ਕਾਇਮ ਰਖ ਸਕੇਗੀ ? ਅਖ਼ਬਾਰਾਂ ਦੀਆਂ ਸੁਰਖ਼ੀਆਂ ਦਸਦੀਆਂ ਹਨ ਕਿ ਚੀਨੀਆਂ ਨਾਲ ਕਸ਼ੀਦੰਗੀ ਦਿਨੋ ਦਿਨ ਵਧ ਰਹੀ ਹੈ। ਜੇ ਖ਼ੁਦਾ-ਨਾ-ਖ਼ਾਸਤਾ ਸਚ-ਮੁਚ ਜੰਗ ਛਿੜ ਪਈ ? ਕਿਤੇ ਫੇਰ ਤਾਂ ਨਾ, ਹਮੇਸ਼ ਵਾਂਗ, ਸਾਡੇ ਦੇਸ਼ ਦੀ ਏਕਤਾ ਢਹਿ ਕੇ ਢੇਰੀ ਹੋ ਜਾਏਗੀ ?!..

ਮੇਰੇ ਸੁਆਦ ਦੀ ਨਿਘੀ ਧੁੱਪ ਉਪਰ ਝੁੱੜ ਜਿਹਾ ਫੈਲਣ ਲਗ ਪਿਆ। ਭੇਰੇ ਸ਼ਹਿਰ ਨਾਲ ਉਦੋਂ ਦੀਆਂ ਯਾਦਾਂ ਵਾਬਸਤਾ ਸਨ ਜਦੋਂ ਜੀਵਨ ਵਿਚ ਕਿਸੇ ਕਿਸਮ ਦੀ ਵਿਖਮਤਾ ਪੈਦਾ ਨਹੀਂ ਸੀ ਹੋਈ। ਝੰਗ ਤੇ ਸਰਗੋਧਾ ਪਹਿਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰ ਵੇਖਿਆ ਸੀ। ਹੁਣ ਮੈਂ ਐਸੇ ਇਲਾਕੇ ਵਿਚ ਦਾਖ਼ਲ ਹੋ ਰਿਹਾ ਸਾਂ ਜੋ ਚੰਗੀਆਂ ਤੇ ਮਾੜੀਆਂ, ਸੁਖਦਾਈ ਤੇ ਦੁਖਦਾਈ, ਦੋਵੇਂ ਤਰ੍ਹਾਂ ਦੀਆਂ ਯਾਦਾਂ ਨਾਲ ਝੂਰਿਆ ਪਿਆ ਸੀ। ਕਿਤਨੇ ਦਿਨਾਂ ਤੋਂ ਤੜਪ ਰਿਹਾ ਸਾਂ ਪੋਠੋਹਾਰ ਦੀ ਧਰਤੀ ਦੇ ਦਰਸ਼ਨ ਲਈ। ਕਦੋਂ ਮੈਂ ਆਪਣਾ ਪਿੰਡੀ ਸ਼ਹਿਰ ਵੇਖਾਂਗਾ...... ਸ਼ਾਹ ਚੰਨ ਚਿਰਾਗ਼ ਦੀ ਗਲੀ, ਜਿਥੇ ਮੈਂ ਜੰਮਿਆਂ। ਛਾਛੀ ਮਹੱਲਾ ਜਿਸ ਦੀਆਂ ਗਲੀਆਂ ਤੇ ਨਾਲੀਆਂ ਵਿਚ ਖੇਡ ਖੇਡ ਕੇ ਵੱਡਾ ਹੋਇਆ। ਮੇਰਾ ਡੀ. ਏ. ਵੀ. ਕਾਲਜ, ਕੰਪਨੀ ਬਾਗ਼ ਜਿਥੇ ਹਾਕੀ ਖੇਡਦੇ ਸਾਂ, ਤਪਾਬੈਨ, ਮਾਈ ਵੀਰੋ ਦੀ ਬੰਨ੍ਹ, ਚਿੱਟੀਆਂ ਹੱਟੀਆਂ, ਲੰਡਾ ਬਾਜ਼ਾਰ, ਤਲਵਾੜਾਂ ਦਾ ਬਾਜ਼ਾਰ, ਸਦਰ ਦਾ ਪੁੱਲ......

ਪਰ ਹੁਣ ਜਦ ਵਤਨ ਦੀ 'ਮੁਹਾਠ' ਤੇ ਆ ਖਲੋਤਾ ਸਾਂ ਉਸ ਤੋਂ ਡਰ ਲਗਣ ਲਗ ਪਿਆ ਸੀ। ਸਾਰਾ ਚਾਅ ਕਿਤੇ ਗੁਆਚ ਗਿਆ ਜਾਪਦਾ ਸੀ। ਦੰਗੇ ਫ਼ਸਾਦ ਦੀਆਂ ਅੱਗਾਂ ਯਾਦ ਆਉਣ ਲਗ ਪਈਆਂ 'ਅੱਲਾ-ਓ-ਅਕਬਰ, ਅਤੇ 'ਹਰ ਹਰ ਮਹਾਂਦੇਵ' ਦੇ ਨਾਅਰੇ ਕੰਨਾਂ ਵਿਚ ਗੂੰਜਣ ਲਗ ਪਏ, ਅੱਖਾਂ ਅਗੇ ਚਿਹਰਿਆਂ ਦੇ ਸਹਿਮ ਤੇ ਪਥਰਾ ਘੁੰਮਣ ਲਗ ਪਏ।

ਦਿੱਲੀ ਵਿਚ ਇਕ ਪਿਆਰੇ ਸੱਜਣ ਨੇ ਫ਼ਰਮਾਇਸ਼ ਕੀਤੀ ਸੀ ਕਿ ਜਿਹਲਮ ਦੇ ਪੁਲ ਤੋਂ ਜਦੋਂ ਗੱਡੀ ਲੰਘੇ ਉਨ੍ਹਾਂ ਵਲੋਂ ਇਕ ਚਾਂਦੀ ਦਾ ਰੁਪਿਆ ਦਰਿਆ ਦੀ ਭੇਟ ਕਰਾਂ। ਵੰਡ ਦੇ ਦਿਨਾਂ ਵਿਚ ਇਹੋ ਪਾਣੀ ਉਨ੍ਹਾਂ ਦੇ ਪਰਵਾਰ ਦੇ ਕਿਤਨੇ ਹੀ ਜੀਆਂ ਦੇ ਖ਼ੂਨ ਨਾਲ ਰੰਗਿਆ ਗਿਆ ਸੀ। ਜਿਹਲਮੋਂ ਨੱਠ ਕੇ ਦਿੱਲੀ ਪੁੱਜਣ ਤਕ ਉਨ੍ਹਾਂ ਉਪਰ ਕੀ ਕੀ ਬੀਤੀ, ਜਦੋਂ ਵੀ ਮੇਰਾ ਮਿੱਤਰ ਵਿਸਕੀ ਜਾਂ ਬੀਅਰ ਦਾ ਘੁਟ ਲਵੇ ਦੁਹਰਾਣ ਲੱਗ ਪੈਂਦਾ ਹੈ। ਅਸੀਂ ਕਈ ਵਾਰ ਜ਼ਿਚ ਵੀ ਆ ਜਾਂਦੇ ਹਾਂ, ਪਰ ਜੇ ਸੁਣਨ ਲਗ ਜਾਈਏ ਤਾਂ ਹਰ ਵਾਰੀ ਬਦਨ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਕਿਤਨੇ ਲੋਕਾਂ ਨੇ ਆਪਣੀਆਂ ਧੀਆਂ-ਭੈਣਾਂ ਨੂੰ ਕਮਰਿਆਂ ਵਿਚ ਬੰਦ ਕਰਕੇ ਆਪਣੇ ਹੱਥਾਂ ਨਾਲ ਸਾੜ ਮੁਕਾਇਆ ਸੀ।

ਉਸ ਜ਼ਮਾਨੇ ਮੈਂ ਬੰਬਈ ਵਿਚ ਬੈਠਾ ਨਿਰਵਿਘਨ ਫ਼ਿਲਮਾਂ ਦੀ ਸ਼ੂਟਿੰਗ ਕਰ ਰਿਹਾ ਸਾਂ। ਪਰਵਾਰ ਕਸ਼ਮੀਰ ਸੀ। ਉਜੜੇ ਅਸੀਂ ਵੀ, ਕਬਾਇਲੀਆਂ ਦੇ ਹਮਲੇ ਵੇਲੇ ਖ਼ਤਰਿਆਂ ਵਿਚ ਵੀ ਪਏ, ਪਰ ਲੱਖਾਂ ਨਾਲੋਂ ਫੇਰ ਵੀ ਚੰਗੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇ। ਮੈਂ ਵੀ ਜੇ ਕਾਫ਼ਲਿਆਂ ਨਾਲ ਟੁਰਿਆ ਹੁੰਦਾ, ਆਪਣੀ ਅੱਖੀ ਬਰਬਰਤਾ-ਭਰੇ-ਕਤਲੇ-ਆਮ ਵੇਖੇ ਹੁੰਦੇ ਤਾਂ ਦਿਲ ਕਰਦਾ ਕਦੇ ਏਸ ਪਾਸੇ ਦੁਬਾਰਾ ਆਉਣ ਤੇ ?...

ਮੇਰੇ ਮਿੱਤਰ ਨੇ ਕਦੇ ਨਹੀਂ ਆਉਣਾ। ਪਰ ਵਤਨ ਫੇਰ ਵੀ ਉਹਨੂੰ ਪਿਆਰਾ ਹੈ। ਮੇਰੇ ਹੱਥੀਂ ਦਰਿਆ ਵਿਚ ਰੁਪਿਆ ਸੁਟਵਾ ਕੇ ਜਿਵੇਂ ਉਹ ਸੁਨੇਹਾ ਘਲ ਰਿਹਾ ਹੋਵੇ, ਆਪਣੇ ਨਾ ਆਂ ਸਕਣ ਲਈ ਮਾਫ਼ੀ ਮੰਗ ਰਿਹਾ ਹੋਵੇ।

ਆਪਣੇ ਵਕਤ ਸਿਰ "ਡਾਚੀ" ਆ ਗਈ, ਸਾਰੀ ਦੀ ਸਾਰੀ ਸਾਵੇ ਰੰਗ ਦੀ। ਪਰ ਇਸ ਦੇ ਕਾਰਨ ਮਾਹੌਲ ਇਕ-ਦਮ ਅੰਜਨਬੀ ਜਿਹਾ ਹੋ ਗਿਆ। ਕੁਲੀ ਨੇ ਮੇਰਾ ਸਾਮਾਨ ਫ਼ਸਟ ਕਲਾਸ ਦੇ ਇਕ ਕੂਪੇ ਵਿਚ ਰਖ ਦਿਤਾ। ਸਰਗੋਧਿਉਂ ਲਾਲੇਮੂਸੇ ਤਕ ਕੰਪਾਰਟਮੈਂਟ ਵਿਚ ਇਕੱਲਾ ਆਇਆ ਸਾਂ, ਦਰਵਾਜ਼ੇ ਅੰਦਰੋਂ ਚੰਗੀ ਤਰ੍ਹਾਂ ਬੰਦ ਕਰ ਕੇ। ਪਰ ਹੁਣ ਨਾਲ ਇਕ ਹਮਸਫ਼ਰ ਸੀ। ਪਾਕਿਸਤਾਨੀ ਫ਼ੌਜ ਦਾ ਇਕ ਨੌਜਵਾਨ ਕਪਤਾਨ, ਦੂਜੇ ਸਿਰੇ ਬਾਰੀ ਕੋਲ ਬੈਠਾ ਹੋਇਆ ਸੀ।

ਜਿਉਂ ਜਿਉਂ ਜਿਹਲਮ ਨੇੜੇ ਆਉਂਦਾ ਜਾਵੇ ਮੈਂ ਖੀਸੇ ਵਿਚ ਹੱਥ ਪਾ ਕੇ ਆਪਣੇ ਭਾਰਤੀ ਰੁਪਈਏ ਨੂੰ ਮਸਲੀ ਜਾਵਾਂ। ਅਫ਼ਸਰ ਨਾਲ ਮੇਰੀ ਗੱਲ ਬਾਤ ਨਹੀਂ ਸੀ ਛਿੜੀ, ਪਰ ਕਦੇ ਕਦੇਂ ਉਹ ਭਰਵੀਂ ਨਜ਼ਰ ਨਾਲ ਮੇਰੇ ਵਲ ਵੇਖ ਲੈਂਦਾ ਸੀ, ਮੇਰੇ ਆਪਣੇ ਪਾਸੇ ਦਾ ਆਦਮੀ ਸੀ, ਗੋਰਾ ਚਿੱਟਾ ਤੇ ਕੱਦਾਵਰ, ਸ਼ਾਇਦ ਹਜ਼ਾਰੇ ਦਾ ਹੋਵੇ। ਇੰਜ ਜਾਪਦਾ ਸੀ ਜਿਵੇਂ ਗਲ ਬਾਤ ਛੇੜਨ ਦਾ ਕੋਈ ਬਹਾਨਾ ਲਭ ਰਿਹਾ ਹੈ। ਪਰ ਮੈਂ ਸੁੰਗੜਦਾ ਜਾ ਰਿਹਾ ਸਾਂ। ਏਸ ਵੇਲੇ ਉਹ ਜ਼ਰੂਰ ਮੈਨੂੰ ਆਪਣਾ ਵਤਨੀ ਮੁਸਲਮਾਨ ਸਮਝ ਰਿਹਾ ਹੈ। ਪਰ ਜੇ ਉਸਨੇ ਮੈਨੂੰ ਦਰਿਆ ਵਿਚ ਪੈਸੇ ਸੁਟਦਿਆਂ ਵੇਖ ਲਿਆ ਤਾਂ ਸਾਡੇ ਦਰਮਿਆਨ ਸਾਰੀ ਸੁਭਾਵਕਤਾ ਨੈਸ਼ਟ ਹੋ ਜਾਵੇਗੀ। ਪਤਾ ਨਹੀਂ ਉਸ ਤੋਂ ਬਾਅਦ ਉਹ ਮੇਰੇ ਨਾਲ ਕਿਸ ਤਰ੍ਹਾਂ ਪੇਸ਼ ਆਏ ?

ਅੱਧਾ ਦਰਿਆ ਲੰਘ ਗਿਆ, ਮੇਰੀ ਜੇਬ ਵਿਚੋਂ ਹੱਥ ਬਾਹਰ ਕੱਢਣ ਦੀ ਹਿੰਮਤ ਨਾ ਹੋਈ। ਅਖ਼ੀਰ ਆਪਣੇ ਵਲੋਂ ਬੜਾ ਛੁਪਾ ਛੁਪਾ ਕੇ ਮੈਂ ਰੁਪਈਆ ਬਾਰੀ ਵਿਚੋਂ ਉਲਾਰ ਕੇ ਸੁਟ ਹੀ ਦਿਤਾ। ਪਰ ਉਹ ਤਾੜ ਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿ ਮੈਂ ਕੋਈ ਅਨੋਖੀ ਹਰਕਤ ਕੀਤੀ ਹੈ। ਮੈਂ ਆਜਿਜ਼ਾਨਾ ਜਿਹੇ ਢੰਗ ਨਾਲ, ਜ਼ਿਵੇਂ ਕਿਸੇ ਅਪਰਾਧ ਲਈ ਸਫ਼ਾਈ ਪੇਸ਼ ਕਰ ਰਿਹਾ ਹੋਵਾਂ, ਅੰਗਰੇਜ਼ੀ ਵਿਚ ਕਹਿਣਾ ਸ਼ੁਰੂ ਕੀਤਾ, "ਮੈਨੂੰ ਅਜਿਹੀਆਂ ਗੱਲਾਂ ਵਿਚ ਕੋਈ ਯਕੀਨ ਨਹੀਂ, ਪਰ ਕਿਸੇ ਦੋਸਤ ਦਾ ਆਖਿਆ..."

ਉਸ ਦਾ ਚਿਹਰਾ ਗੰਭੀਰ ਹੋ ਗਿਆ, ਅਤੇ ਬੜੀ ਸੁਹਿਰਦਤਾ ਨਾਲ ਉਸ ਨੇ ਸਿਰ ਨਿਵਾ ਕੇ ਕਿਹਾ, "ਤੁਸੀਂ ਜੰਮ ਜੰਮ ਕਰੋ, ਮੈਂ ਤੁਹਾਡੇ ਜਜ਼ਬਿਆਂ ਨੂੰ ਸਮਝਦਾ ਹਾਂ।"

ਪਲ ਭਰ ਲਈ ਇੰਜ ਜਾਪਿਆ ਜਿਵੇਂ ਅਸੀਂ ਇਕ ਦੂਜੇ ਦੇ ਬੜੇ ਕਰੀਬ ਆ ਗਏ ਹਾਂ, ਪਰ ਉਸ ਤੋਂ ਬਾਅਦ ਅਸੀਂ ਫੇਰ ਇਕ ਦੂਜੇ ਤੋਂ ਦੂਰ ਹੋ ਗਏ, ਜਿਵੇਂ ਰੇਲ ਦੀਆਂ ਲਾਈਨਾਂ ਨਿੱਖੜ ਜਾਂਦੀਆਂ ਹਨ। ਆਪਸ ਵਿਚ ਮਸਾਂ ਦੋ ਚਾਰ ਗੱਲਾਂ ਈ ਹੋਈਆਂ, ਜਿਵੇਂ ਤਪਦੀ ਧਰਤ ਤੇ ਮੀਂਹ ਦਾ ਛਿੱਟਾ ਪੈ ਜਾਏ। ਬਹੁਤਾ ਸਫ਼ਰ ਅਸਾਂ ਆਪਣੀ ਆਪਣੀ ਬਾਰੀ ਵਿਚੋਂ ਬਾਹਰ ਵੇਖਦਿਆਂ ਹੀ ਗੁਜ਼ਾਰਿਆ। ਮੈਨੂੰ ਹੋਰ ਚਾਹੀਦਾ ਵੀ ਕੀ ਸੀ? ਆਪਣੀ ਪੋਠੋਹਾਰ ਦੀ ਧਰਤ ਲਈ ਤਾਂ ਅੱਖਾਂ ਤਰਸੀਆਂ ਹੋਈਆਂ ਸਨ, ਯਕੀਨ ਨਹੀਂ ਸੀ ਆਉਂਦਾ ਸਚਮੁੱਚ ਢੰਨਾਂ ਢੱਕੀਆਂ ਤੇ ਪਹਾੜ ਵੇਖ ਰਿਹਾ ਹਾਂ ਜਾਂ ਕੋਈ ਸੁਪਨਾ ਹੈ। ਸਕੂਲੇ ਜੁਗਰਾਫ਼ੀਏ ਵਾਲਾ ਮਾਸਟਰ ਪੜ੍ਹਾਂਦਾ ਹੁੰਦਾ ਸੀ ਕਿ ਅਜਿਹੀ ਧਰਤੀ ਨੂੰ ਸਤਹਿ-ਮੁਰਤਫ਼ਾ ਆਖਦੇ ਹਨ। ਕਿਤਨਾ ਔਖਾ ਸੀ ਇਹ ਸ਼ਬਦ ਸਤਹਿ-ਮੁਰਤਫ਼ਾ। ਪਰ ਕਿਤਨਾ ਪਿਆਰਾ ਸੀ। ਅਜੇ ਤਕ ਨਹੀਂ ਸੀ ਭੁਲਿਆ। ਆਪਣੇ ਵਤਨ ਨੂੰ ਜੂ ਲਗਦਾ ਸੀ।

'ਰਰੱਕੀ' ਦਾ ਮਸ਼ਹੂਰ ਮੋੜ ਲੰਘਿਆ। ਫੇਰ ਸੁਹਾਵਾ, ਮਿੱਸਾ ਕੇਸਵਾਲ। ਗੁਜਰਖ਼ਾਨ ਪੁਜ ਕੇ ਚਾਹ ਜ਼ਰੂਰ ਪੀਂਦੇ ਸਾਂ, ਨਾਲ ਠੰਢੇ ਠੰਢੇ ਉਬਲੇ ਹੋਏ 'ਆਂਟੜੇ' ਖਾਂਦੇ ਸਾਂ। ਪਰ ਐਤਕੀ ਗੱਡੀ ਰੁਕੀ ਹੀ ਨਹੀਂ...ਖਸਮਾਂ ਖਾਣੀ। ਅਗੇ ਤਾਂ ਫਰੰਟੀਅਰ ਮੇਲ ਵੀ ਠਹਿਰਦੀ ਸੀ।...ਮੰਦਰਾਂ, ਮਾਣਕਿਆਲਾ, ਸਿਹਾਲਾ...ਹੁਣੇ ਨਾਲਾ ਕੁਰੰਗ ਆਵੇਗਾ...ਉਹ ਕਿਤਨੀਆਂ ਉਡੀਕਾਂ ਪਿਛੋਂ ਆਇਆ ਤੇ ਕਿਤਨੀ ਛੇਤੀ ਲੰਘ ਗਿਆ। ਚੰਗੀ ਤਰ੍ਹਾਂ ਵੇਖਣ ਵੀ ਨਹੀਂ ਹੋਇਆ। ਕਿਤਨੀ ਬੇਇਨਸਾਫ਼ੀ ਦੀ ਗੱਲ ਹੈ, ਜ਼ਰਾ ਹੌਲੀ ਨਹੀਂ ਸੀ ਚਲਾ ਸਕਦਾ ਗੱਡੀ ਨੂੰ?...ਆ ਖਲੋਤੀ ਚੁਕਲਾਲੇ ਗੱਡੀ। ਔਹ ਪਈ ਦੂਰ ਦਿਸਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਏ ਪਿੰਡੀ। ਕੋਈ ਬਹੁਤਾ ਬਦਲਿਆ ਤੇ ਨਹੀਂ ਨਜ਼ਾਰਾ ?...ਔਹ ਆਇਆ ਮਰੀੜ ਦਾ ਪੁਲ, ਝੱਟ ਇਸ ਦੇ ਹੇਠੋਂ ਮਰੀ ਰੋਡ ਲੰਘ ਗਈ। ਇਹ ਪੁਲ ਮੈਨੂੰ ਉਦੋਂ ਦਾ ਯਾਦ ਹੈ, ਜਦੋਂ ਮਾਂ ਮੈਨੂੰ ਕੁੱਛੜ ਚੁਕ ਕੇ ਗੱਡੀ ਦੀ ਬਾਰੀ ਕੋਲ ਬੈਠੀ ਹੋਈ ਸੀ, ਅਤੇ ਮੈਂ ਹੈਰਾਨ ਰਹਿ ਗਿਆ ਸਾਂ ਕਿਵੇਂ ਗੱਡੀ ਇਕ ਦਮ ਹੇਠਾਂ ਸੜਕ ਤੇ ਉਤਰ ਕੇ ਬਿਨਾਂ ਕੋਈ ਝਟਕਾ ਖਾਧੇ ਫੇਰ ਉਪਰ ਚੜ੍ਹ ਆਈ ਸੀ।...ਫੇਰ ਮੈਨੂੰ ਜੀਵਨ ਦਾ ਪਹਿਲਾ ਰੇਲ-ਸਫ਼ਰ ਯਾਦ ਆਇਆ ਰਾਤ ਵੇਲੇ ਗੱਡੀ ਚੜ੍ਹੇ ਸਾਂ। ਬੜਾ ਲੰਮਾ ਡੱਬਾ ਸੀ, ਲੰਮੀ ਜਿਹੀ ਸੁਰੰਗ ਵਾਂਗ। ਬੜੇ ਲੋਕ ਸਨ। ਅਚਾਨਕ ਡੱਬੇ ਦੀਆਂ ਕੰਧਾਂ ਸੱਜੇ ਖੱਬੇ ਝੋਲ ਖਾਣ ਲਗ ਪਈਆਂ ਸਨ। ਸਾਰੀ ਰਾਤ ਮੈਂ ਡਰਦਾ ਰਿਹਾ ਸਾਂ ਕਿਤੇ ਗੱਡੀ ਡਿਗ ਨਾ ਪਏ। ਪਰ ਉਹ ਨਹੀਂ ਸੀ ਡਿੱਗੀ। ਇਸ ਤੋਂ ਮੈਂ ਅਨੁਮਾਨ ਲਾਇਆ ਸੀ ਕਿ ਗੱਡੀ ਸੱਜੇ ਖੱਬੇ ਘਸੁਟਣੀਆਂ ਮਾਰ ਕੇ ਅੱਗੇ ਲੰਘ ਜਾਏਗੀ, ਕੀੜੇ ਵਾਂਗ। ਮੈਨੂੰ ਨਹੀਂ ਸੀ ਪਤਾ ਥਲੇ ਪਟੀਏ ਲਗੇ ਹੋਏ ਹਨ। ਅਗੇ ਜਾਕੇ ਆਇਆ ਸਦਰ ਦਾ ਪੁਲ।...ਅਠਵੀਂ ਜਮਾਤੇ ਪੜ੍ਹਦਾ ਸਾਂ। ਇਸ ਪੁਲ ਉਤੇ ਵਿਹਲਾ ਖੜਾ ਹੇਠਾਂ ਸ਼ੰਟ ਕਰਦੀਆਂ ਗੱਡੀਆਂ ਦਾ ਤਮਾਸ਼ਾ ਵੇਖ ਰਿਹਾ ਸਾਂ। ਐਤਵਾਰ ਦਾ ਦਿਨ ਸੀ, ਸਕੂਲੇ ਛੁੱਟੀ ਸੀ। ਅਚਾਨਕ ਮੇਰੇ ਮਨ ਵਿਚ ਫ਼ਲਸਫ਼ੇ ਦੀ ਲਹਿਰ ਉਠ ਪਈ। ਜੀਵਨ ਰੇਲ ਗੱਡੀ ਦੇ ਸਫ਼ਰ ਵਾਂਗ ਹਨ। ਤਿੱਥ, ਵਾਰ, ਮਹੀਨੇ ਸਾਲ ਸਟੇਸ਼ਨਾਂ ਵਾਂਗ ਹਨ। ਮੈਂ ਫੈਸਲਾ ਕੀਤਾ ਕਿ ਹਰ ਐਤਵਾਰ ਇਸ ਬਿੰਦ ਨੂੰ ਯਾਦ ਕਰਕੇ ਆਪਣੀ ਜੀਵਨ ਯਾਤ੍ਰਾ ਨੂੰ ਨਾਪਿਆ ਕਰਾਂਗਾ। ਇਸ ਮੂਰਖ ਜਿਹੇ ਪ੍ਰਣ ਨੂੰ, ਖੌਰੇ ਕਿਉਂ, ਮੈਂ ਅਜ ਤਕ ਨਿਭਾਉਂਦਾ ਚਲਾ ਆ ਰਿਹਾਂ। ਕਈ ਵਾਰੀ ਇਹਨੂੰ ਭੁਲਾਣ ਦੀ ਕੋਸ਼ਿਸ਼ ਕੀਤੀ ਹੈ, ਪਰ ਹਰ ਐਤਵਾਰ ਕਿਸੇ ਨਾ ਕਿਸੇ ਵੇਲੇ ਮੇਰਾ ਧਿਆਨ ਇਸ ਸਦਰ ਵਾਲੇ ਪੁਲ ਤੇ ਪਹੁੰਚ ਹੀ ਜਾਂਦਾ ਹੈ ਮੈਂ ਖਿੱਝ ਜਾਂਦਾ ਹਾਂ। ਅਤੇ ਅੰਗਰੇਜ਼ੀ ਦੀ ਇਕ ਕਵਿਤਾ ਚੇਤੇ ਆਂਦੀ ਹੈ...

When as a babe I Slept and wept
Time Crept.
When as a boy I laughed and talked
Time walked.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

When I became a full—grown man
Time ran.
And older as I daily grew
Time few.
Soon I Shall find in travelling on
Time gone.

ਉਦੋਂ ਜੀਵਨ ਗੱਡੀ ਵਾਂਗ ਤਾਂ ਜਾਪਿਆ ਸੀ ਪਰ ਇਹ ਨਹੀਂ ਸੀ ਸੁਝਿਆ ਕਿ ਇਸ ਦਾ ਨਾਂ 'ਸੁਪਰ-ਤੇਜ-ਗਾਮ' ਹੈ।

ਗੱਡੀ ਇਸ ਪੁਲ ਹੇਠੋਂ ਸੱਪ ਵਾਂਗ ਵੱਲ ਖਾਂਦੀ ਪਿੰਡੀ ਦੇ ਪਲੇਟਫ਼ਾਰਮ ਨੰਬਰ ਇਕ ਨਾਲ ਅੰਗ ਜੋੜ ਰਹੀ ਹੈ। ਸ਼ਾਮ ਡੂੰਘੀ ਹੋ ਗਈ। ਬੜੇ ਬੜੇ ਦੂਰ ਦੇ ਸਫ਼ਰ ਕਰਕੇ ਆਉਂਦਾ ਹੁੰਦਾ ਸਾਂ ਪਿੰਡੀ ਵਾਪਸ। ਉਸ ਘੜੀ ਦਾ ਖਿਆਲ ਕਰਕੇ ਜਦੋਂ ਟਾਂਗਾ ਘਰ ਦੇ ਬੂਹੇ ਜਾ ਖਲੋਵੇਗਾ, ਹਰ ਵਾਰੀ ਦਿਲ ਛਾਲਾਂ ਮਾਰਨ ਲਗ ਪੈਂਦਾ ਸੀ। ਮੈਂ ਥੱਲਾ ਚੜ੍ਹ ਕੇ ਪਿਤਾ ਜੀ ਦੇ ਦਫ਼ਤਰ ਵਿਚ ਜਾ ਵੜਾਂਗਾ, ਅਤੇ ਉਹ ਹੱਕੇ ਬੱਕੇ ਹੋ ਕੇ, ਖੁਸ਼ੀ ਨਾਲ ਖਿੜਦੇ, ਕੁਰਸੀ ਤੋਂ ਉਠ ਪੈਣਗੇ..."ਓਏ ਬਲਰਾਜ ਤੂੰ ਆ ਗਿਐਂ ?"

ਤੇ ਫੇਰ ਉਹ ਆਪ ਨੌਕਰ ਨੂੰ ਵਾਜ ਮਾਰਨਗੇ ਅਤੇ ਬਾਹਰ ਜਾ ਕੇ ਟਾਂਗੇ ਵਾਲੇ ਨੂੰ ਪੈਸੇ ਦੇਣਗੇ। ਉਨ੍ਹਾਂ ਨੂੰ ਪਤਾ ਸੀ ਪੁੱਤਰ ਨੂੰ ਜੇਬਾਂ ਖਾਲੀ ਕਰ ਕੇ ਹੀ ਘਰ ਨੂੰ ਪਰਤਣ ਦਾ ਸ਼ੌਕ ਹੈ...

ਹੁਣ ਇਸ ਸ਼ਹਿਰ ਵਿਚ ਮੈਨੂੰ ਕੋਈ ਉਡੀਕਣ ਵਾਲਾ ਨਹੀਂ। ਮੈਂ ਘਰ ਨਹੀਂ ਜਾਣਾ, ਕਿਸੇ ਹੋਟਲ ਵਿਚ ਡੇਰਾ ਕਰਨਾ ਹੈ :

"ਸ਼ਹਿਰ ਵਾਲਿਓ ! ਆਪਣੇ ਸ਼ਹਿਰ ਅੰਦਰ
ਅਸੀਂ ਆਏ ਹਾਂ ਵਾਂਗ ਪਰਦੇਸੀਆਂ ਦੇ।"

('ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿਚੋਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਬੰਧ-ਸਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਰਥਨਾ

(ਡਾ: ਬਲਬੀਰ ਸਿੰਘ)

(੧੮੯੭ ਈ:—੧੯੭੭ ਈ:)

ਨਿਬੰਧ ਸੰਗ੍ਰਹਿ:—ਕਲਮ ਦੀ ਕਰਾਮਾਤ, ਲੰਮੀ ਨਦਰ ।

ਇਸ ਨਿਬੰਧ ਵਿਚ ਲੇਖਕ ਨੇ ਅਰਦਾਸ ਦੀ ਸਾਰਥਕਤਾ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਅਰਦਾਸ ਦੀ ਸ਼ਕਤੀ, ਮਨੁੱਖ ਦੀ ਕਲਿਆਣਤਾ, ਮਨੁੱਖੀ ਵਿਸ਼ਵਾਸ ਤੇ ਆਧਾਰਿਤ ਹੈ। ਇਸੇ ਵਿਸ਼ਵਾਸ ਦੀ ਸਫਲਤਾ ਨੂੰ ਦਰਸਾਉਣ ਲਈ ਗੁਰਬਾਣੀ ਵਿਚੋਂ ਹਵਾਲੇ ਦਿਤੇ ਗਏ ਹਨ । ਅੰਗ੍ਰੇਜ਼ੀ ਵਿਦਵਾਨਾਂ ਦੇ ਕਥਨਾਂ ਦੀਆਂ ਉਦਾਹਰਣਾਂ ਨਿਬੰਧ ਦੇ ਮੰਤਵ ਨੂੰ ਦਲੀਲਮਈ ਢੰਗ ਨਾਲ ਪੇਸ਼ ਕਰਦੀਆਂ ਹਨ।

ਇਸ ਨਿਬੰਧ ਵਿਚ ਇਕੋ ਹੀ ਵਿਚਾਰ ਦੀ ਸਹਿਜੇ-ਸਹਿਜੇ ਉਸਾਰੀ ਕੀਤੀ ਗਈ ਹੈ। ਸਿੱਖ ਇਤਿਹਾਸ ਵਿਚੋਂ ਉਦਾਹਰਣਾਂ ਕਥਾ ਤੱਤ ਦੀ ਹਾਮੀ ਭਰਦੀਆਂ ਹਨ ਤੇ ਲੇਖਕ ਦੇ ਮੰਤਵ ਨੂੰ ਸਪੁਸ਼ਟ ਕਰਨ ਵਿਚ ਮਦਦ ਕਰਦੀਆਂ ਹਨ। ਇਹ ਉਦਾਹਰਣਾਂ ਵਿਚਾਰ ਦਾ ਤਰਕ ਹਨ।

ਇਹ ਨਿਬੰਧ ਵਿਹਾਰਕ ਤੇ ਸਿਧਾਂਤਕ ਸ਼ੈਲੀ ਦਾ ਸੁਮੇਲ ਹੈ। ਵਿਹਾਰਕਤਾ ਨਿਬੰਧ ਦੇ ਮੰਤਵ ਨਾਲ ਸੰਬੰਧਿਤ ਹੈ ਸਿਧਾਂਤਕਤਾ ਮੰਤਵ ਦੇ ਸੰਕਲਪ ਨਾਲ।

ਸ਼ਬਦਾਂ ਦੀ ਚੋਣ ਸਿੱਖ ਸ਼ਬਦਾਵਲੀ ਵਿਚੋਂ ਕੀਤੀ ਗਈ ਹੈ। ਵਾਕ ਬਣਤਰ ਵਿਆਕਰਣਕ ਨਿਯਮਾਂ ਤੇ ਆਧਾਰਿਤ ਹੈ। ਉਚੇਰ ਦਾ ਪ੍ਰਭਾਵ ਨਹੀਂ ਪੈਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਹਲੀਆਂ ਗੱਲਾਂ

(ਪ੍ਰਿੰ: ਤੇਜਾ ਸਿੰਘ)

(੧੮੯੪ ਈ:—੧੯੫੮ ਈ:)

ਨਿਬੰਧ ਸੰਗ੍ਰਹਿ :— ਸਹਿਜ ਸੁਭਾ, ਨਵੀਆਂ ਸੋਚਾਂ, ਸਭਿਆਚਾਰ ਤੇ ਹੋਰ ਲੇਖ, ਗੁਸਲਖਾਨਾ ਤੇ ਹੋਰ ਲੇਖ ਆਦਿ ।

ਇਹ ਨਿਬੰਧ ਵਿਹਲੀਆਂ ਗੱਲਾਂ ਦੀ ਸਾਰਥਕਤਾ ਬਾਰੇ ਆਪਣੇ ਵਿਚਾਰ ਪੇਸ਼ ਕਰਦਾ ਹੈ । ਲੇਖਕ ਅਨੁਸਾਰ ਵਿਹਲੀਆਂ ਗੱਲਾਂ ਦਾ ਮਨੁੱਖੀ ਜੀਵਨ ਵਿਚ ਬਹੁਤ ਮਹੱਤਵਪੂਰਣ ਸਥਾਨ ਹੈ । ਵਿਹਲੀਆਂ ਗੱਲਾਂ ਮਨੁੱਖੀ ਮਨ ਵਿਚ ਵਾਪਰ ਰਹੀ ਮਾਨਸਿਕਤਾ ਦੇ ਚਿਹਨ ਹੁੰਦੀਆਂ ਹਨ । ਜ਼ਿੰਦਗੀ ਦੇ ਧੰਧਿਆਂ ਤੋਂ ਕਲਪੇ ਹੋਏ ਮਨ ਦੇ ਮਨੋਰੰਜਨ ਦਾ ਵਿਹਲੀਆਂ ਗੱਲਾਂ ਸਾਧਨ ਹਨ ।

ਰੂਪ ਦੀ ਦ੍ਰਿਸ਼ਟੀ ਤੋਂ ਇਹ ਨਿਬੰਧ ਲੇਖ ਦੇ ਵਧੇਰੇ ਨੇੜੇ ਪ੍ਰਤੀਤ ਹੁੰਦਾ ਹੈ । ਇਸ ਵਿਚਲੇ ਵਿਚਾਰ ਨਿਆਇਕ (logical) ਸੰਬੰਧ ਵਿਚ ਜੁੜੇ ਹੋਏ ਪ੍ਰਤੀਤ ਨਹੀਂ ਹੁੰਦੇ ।

ਸ਼ਬਦਾਂ ਦੀ ਚੋਣ ਪੰਜਾਬੀ ਸਭਿਆਚਾਰ ਵਿਚੋਂ ਕੀਤੀ ਗਈ ਹੈ । ਪਾਠਕਾਂ ਨਾਲ ਨੇੜੇ ਦੀ ਸਾਂਝ ਲਗਦੀ ਹੈ ।

ਵਾਕ ਬਣਤਰ ਸਰਲ ਹੈ । ਸ਼ੈਲੀ ਦੀ ਇਹ ਸਪਸ਼ਟਤਾ ਤੇ ਸਰਲਤਾ ਇਸ ਦੀ ਵਿਹਾਰਕਤਾ ਕਰਕੇ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿੰਦਗੀ ਦੀ ਕਵਿਤਾ

(ਗੁਰਬਖਸ਼ ਸਿੰਘ ਪ੍ਰੀਤ ਲੜੀ)

(੧੮੯੫ ਈ: —੧੯੭੭ ਈ:)

ਨਿਬੰਧ ਸੰਗ੍ਰਹਿ :— ਨਵੀਂ ਤ਼ਕੜੀ ਦੁਨੀਆਂ, ਚੰਗੇਰੀ ਦੁਨੀਆਂ, ਖੁਲ੍ਹਾ ਦਰ, ਸਾਂਵੀਂ ਪਧਰੀ ਜ਼ਿੰਦਗੀ, ਸੁਖਾਵੀਂ ਸੁਧਰੀ ਜ਼ਿੰਦਗੀ, ਜ਼ਿੰਦਗੀ ਦੀ ਰਾਸ, ਜ਼ਿੰਦਗੀ ਦੀ ਕਵਿਤਾ, ਨਵਾਂ ਸ਼ਿਵਾਲਾ ਆਦਿ ।

ਇਸ ਨਿਬੰਧ ਵਿਚ ਜ਼ਿੰਦਗੀ ਨੂੰ ਕਵਿਤਾ ਦਾ ਰੂਪ ਦੇਣ ਦੀ ਪ੍ਰੇਰਣਾ ਮਿਲਦੀ ਹੈ। ਲੇਖਕ ਨੇ ਵਾਲਟ ਵਿਟਮੈਨ ਦੇ ਉਦੇਸ਼ ਨੂੰ ਪੰਜਾਬੀ ਸਮਕਾਲੀ ਨੌਜਵਾਨਾਂ ਸਾਹਮਣੇ ਰੱਖ ਕੇ ਮਨੁੱਖ ਨੂੰ ਜੀਵਨ ਜਾਚ ਸਿਖਣ ਦਾ ਉਪਦੇਸ਼ ਦਿਤਾ ਹੈ। ਜੀਵਨ ਦੇ ਰਸ ਨੂੰ ਕਵਿਤਾ ਨਾਲ ਮਿਲਾ ਕੇ ਜੀਵਨ ਤੇ ਕਵਿਤਾ ਵਿਚਲਾ ਭੇਦ ਮਿਟਾ ਦਿਤਾ ਹੈ। ਲੇਖਕ ਅਨੁਸਾਰ ਕਵਿਤਾ ਜੀਵਨ ਜਾਚ ਹੈ ਤੇ ਜੀਵਨ ਜਾਚ ਕਵਿਤਾ।

ਇਸ ਨਿਬੰਧ ਵਿਚ ਪੱਤਰਕਾਰੀ ਵਾਲੀ ਕਾਹਲ ਹੈ। ਨਿਬੰਧ ਵਿਚਲੇ ਵਿਚਾਰ ਮੌਲਿਕ ਨਹੀਂ। ਉਧਾਰੇ ਵਿਚਾਰਾਂ ਦੀ ਗਵਾਹੀ ਲੇਖਕ ਦੁਆਰਾ ਕਹੀ ਗੱਲ ਤੋਂ ਮਿਲ ਜਾਂਦੀ ਹੈ ਕਿ ਉਹ ਵਾਲਟ ਵਿਟਮੈਨ ਦਾ ਸੁਨੇਹਾ ਲੋਕਾਂ ਨੂੰ ਦੇਣਾ ਚਾਹੁੰਦਾ ਹੈ। ਪ੍ਰਚਾਰ ਕਰਨਾ ਇਸ ਨਿਬੰਧ ਦਾ ਮੂਲ ਉਦੇਸ਼ ਜਾਪਦਾ ਹੈ।

ਨਿਬੰਧ ਦੀ ਸ਼ੈਲੀ ਵਿਹਾਰਕ ਹੈ। ਕਿਧਰੇ ਕਿਧਰੇ ਕਾਵਿਮਈ ਭਾਸ਼ਾ ਦਾ ਪ੍ਰਯੋਗ ਉਚੇਚ ਦਾ ਪ੍ਰਭਾਵ ਪਾਉਂਦਾ ਹੈ। ਸੰਜਮਤਾ ਦੀ ਘਾਟ ਨਜ਼ਰ ਅਉਂਦੀ ਹੈ।

ਸ਼ਬਦਾਂ ਦੀ ਚੋਣ ਆਮ ਤੌਰ ਤੇ ਪੰਜਾਬੀ ਹੈ। ਵਿਚ ਵਿਚ ਕਿਧਰੇ ਉਰਦੂ,

CC-0. In Public Domain. Gurukul Kangri Collection, Haridwar

ਫਾਰਸੀ ਤੇ ਹਿੰਦੀ ਦੇ ਸ਼ਬਦ [illegible] ਆਉਂਦੇ ਹਨ। ਸ਼ਬਦ ਬਣਤਰ ਉੱਤ ਅੰਗ੍ਰੇਜ਼ੀ ਦਾ ਅਸਰ ਜਾਪਦਾ ਹੈ ਜਿਵੇਂ ਬੇਖਿੱਚ, ਬੇ ਰੰਗ, ਬੇ ਕਾਵਿ, ਬੇ ਕਵਿਤਾ ਆਦਿ। ਵਾਕ ਬਣਤਰ ਆਮ ਤੌਰ ਤੇ ਸਰਲ ਹੈ। ਕਿਧਰੇ ਕਿਧਰੇ ਵਾਕ ਲੋੜੋਂ ਵਧੀਕ ਲੰਬੇ ਹੋ ਗਏ ਹਨ। ਵਿਆਕਰਣਕ ਨਿਯਮਾਂ ਦਾ ਧਿਆਨ ਰਖਿਆ ਗਿਆ ਹੈ। ਨਿਬੰਧ ਪਾਠਕ ਨੂੰ ਮੁੱਖ ਰਖ ਕੇ ਲਿਖਿਆ ਗਿਆ ਹੈ।

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਵਿਤਾ ਤੇ ਸੰਸਕ੍ਰਿਤੀ

(ਸੰਤ ਸਿੰਘ ਸੇਖੋਂ)

(੧੯੦੮ ਈ:— ....)

ਨਿਬੰਧ ਸੰਗ੍ਰਹਿ : ਸਾਹਿਤਿਆਰਥ, ਪੰਜਾਬੀ ਕਾਵਿ ਸ਼੍ਰੋਮਣੀ, ਪ੍ਰਗਤੀ ਪੰਧ,ਆਦਿ ।

ਇਸ ਨਿਬੰਧ ਵਿਚ ਕਵਿਤਾ ਤੇ ਸੰਸਕ੍ਰਿਤੀ ਦੇ ਆਪਸੀ ਰਿਸ਼ਤੇ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ । ਲੇਖਕ ਅਨੁਸਾਰ ਕਵਿਤਾ ਉਹ ਮਹਾਨ ਹੈ ਜਿਹੜੀ ਭਰਪੂਰ ਸੰਸਕ੍ਰਿਤੀ ਨੂੰ ਆਪਣੇ ਨਾਲ ਲੈ ਕੇ ਤੁਰੇ । ਲੇਖਕ ਭਾਰਤੀ ਸੰਸਕ੍ਰਿਤੀ ਤੇ ਪੱਛਮੀ ਸੰਸਕ੍ਰਿਤੀ ਦੀ ਤੁਲਨਾ, ਪੰਜਾਬੀ ਬੋਲੀ ਦੀ ਗੱਲ ਕਰਦਿਆਂ ਪੰਜਾਬ ਦੀ ਪੰਜਾਬੀ ਬੋਲੀ ਤੇ ਪਾਕਿਸਤਾਨ ਦੀ ਪੰਜਾਬੀ ਬੋਲੀ ਵਿਚ ਤੁਲਨਾ ਕਰਦਾ ਪ੍ਰਤੀਤ ਹੁੰਦਾ ਹੈ ।

ਨਿਬੰਧ ਦੇ ਆਰੰਭ ਵਿਚ ਲੇਖਕ ਆਪਣੀ ਗੱਲ ਸਾਹਿਤਿਕ ਨੁਕਤੇ ਤੋਂ ਕਰਦਾ ਪ੍ਰਤੀਤ ਹੁੰਦਾ ਹੈ ਪਰ ਅੱਧੇ ਨਿਬੰਧ ਦੇ ਬਾਅਦ ਰਾਜਨੀਤਕ ਇਤਿਹਾਸ ਨੂੰ ਦੱਸਣ ਲਗ ਪੈਂਦਾ ਹੈ । ਆਪਣੀ ਸੰਸਕ੍ਰਿਤੀ ਦੀਆਂ ਕਮਜ਼ੋਰੀਆਂ ਨੂੰ ਬਿਆਨ ਕਰਦਾ ਹੋਇਆ ਉਸਦਾ ਹੱਲ ਸਮਾਜਵਾਦੀ ਵਿਚਾਰਧਾਰਾ ਨੂੰ ਅਪਨਾਉਣ ਵਿਚ ਲੱਭਦਾ ਹੈ ।

ਇਸਦੀ ਸ਼ੈਲੀ ਨਾ ਤੇ ਨਿਰੋਲ ਸਿਧਾਂਤਕ ਹੈ ਨਾਂ ਨਿਰੋਲ ਵਿਹਾਰਕ, ਇਹ ਆਲੋਚਨਾ ਦੇ ਵਧੇਰੇ ਨੇੜੇ ਹੈ । ਆਲੋਚਨਾ ਦੀ ਬਿਰਤੀ ਵਿਸ਼ਲੇਸ਼ਣਾਤਮਕ ਹੈ । ਇਹ ਵਿਸ਼ਲੇਸ਼ਣ ਰਾਹੀਂ ਰਚਨਾਵਾਂ ਬਾਰੇ ਨਿਰਣੇ ਦੇਂਦੀ ਹੈ । ਇਸ ਨਿਬੰਧ ਵਿਚ ਖੋਜ ਵਿਧੀ ਤੇ ਆਲੋਚਨਾ ਵਿਧੀ ਦਾ ਰਲਵਾਂ ਮਿਲਵਾਂ ਪ੍ਰਭਾਵ ਪੈਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਦਾੜ੍ਹ ਪੀੜ

(ਈਸ਼ਵਰ ਸਿੰਘ ਚਿਤ੍ਰਕਾਰ)

(੧੯੧੨ ਈ:—੧੯੬੯ ਈ:)

ਨਿਬੰਧ ਸੰਗ੍ਰਹਿ : ਕਲਮ ਦੀ ਆਵਾਜ਼ ।

ਇਸ ਨਿਬੰਧ ਵਿਚ ਨਿਜੀ ਜੀਵਨ ਨਾਲ ਸੰਬੰਧਿਤ ਵਾਰਦਾਤ ਨੂੰ ਪੇਸ਼ ਕਰਕੇ ਵਰਤਮਾਨ ਸਮੇਂ ਵਰਤ ਰਹੀ ਇਨਸਾਨੀ ਕਸ਼ਮਕਸ਼ ਤੇ ਗਿਰਾਵਟ ਉਤੇ ਤਿੱਖਾ ਕਟਾਖਸ਼ ਕੀਤਾ ਗਿਆ ਹੈ। ਮਨ ਵਿਚਲੇ ਭਾਵਾਂ ਨੂੰ ਚਿੱਤਰ ਰੂਪ ਵਿਚ ਪੇਸ਼ ਕਰਨਾ ਇਸ ਨਿਬੰਧ ਦੀ ਖ਼ਾਸੀਅਤ ਹੈ। ਸਮਾਜਕ ਕਮਜ਼ੋਰੀਆਂ ਤੇ ਕੀਤਾ ਗਿਆ ਵਿਅੰਗ ਲੇਖਕ ਦੀ ਮਨੋਵਿਗਿਆਨਕ ਰੁੱਚੀ ਦਾ ਵਿਸ਼ਲੇਸ਼ਣ ਹੈ।

ਇਹ ਹਲਕਾ ਫੁਲਕਾ ਨਿਬੰਧ ਹੈ। ਨਾ ਇਹ ਜੀਵਨੀ ਹੈ ਨਾ ਮੁਹਾਂਦਰਾ, ਨਾ ਨਿਰੋਲ ਨਿਬੰਧ, ਇਹ ਬਹੁਤ ਸਾਰੇ ਕਲਾ ਰੂਪਾਂ ਦਾ ਮਿਸਰਣ ਹੈ। ਲੇਖ ਵਿਚ ਨਿਜੀ ਅਨੁਭਵ ਨੂੰ ਬਿਆਨ ਕਰਨ ਦਾ ਤਰੀਕਾ ਅਸਲੀਅਤ ਦੇ ਨੇੜੇ ਹੈ, ਪਰ ਲੇਖ ਵਿਚਲਾ ਮੰਤਵ ਸਹਿਜ ਰੂਪ ਵਿਚ ਪ੍ਰਗਟ ਹੋਇਆ ਨਹੀਂ ਜਾਪਦਾ। ਲੇਖ ਦਾ ਚੋਖਾ ਹਿੱਸਾ ਨਿਜੀ ਅਨੁਭਵ ਨਾਲ ਸੰਬੰਧਿਤ ਹੈ। ਲੇਖ ਵਿਚ 'ਵਿਅੰਗ' ਸਹਿਜ ਰੂਪ ਵਿਚ ਨਹੀਂ ਚਲਦਾ ਸਗੋਂ ਲੇਖ ਦੇ ਅਖੀਰ ਵਿਚ ਲੇਖਕ ਯਤਨ ਕਰਕੇ 'ਵਿਅੰਗ-ਵਿਧੀ' ਨੂੰ ਵਰਤਦਾ ਹੈ। ਇਸੇ ਲਈ ਇਹ ਵਿਅੰਗ ਸਾਨੂੰ ਓਪਰਾ ਓਪਰਾ ਲਗਦਾ ਹੈ।

ਨਿਬੰਧ ਦੀ ਸ਼ੈਲੀ ਵਰਣਨਾਤਮਕ ਹੈ। ਨਿਜੀ ਅਨੁਭਵ ਦਾ ਵਰਣਨ ਸ੍ਵੈਜੀਵਨਿਕ ਪੱਖ ਵਲ ਸੰਕੇਤ ਕਰਦਾ ਹੈ। ਨਿਬੰਧ ਵਿਚਲੀ ਭਾਸ਼ਾ ਪੰਜਾਬੀ ਮੁਹਾਂਦਰੇ ਨੂੰ ਉਘਾੜਦੀ ਹੈ। ਵਾਕ ਬਣਤਰ ਵਿਹਾਰਕ ਸਹਿਜਤਾ ਦਾ ਪ੍ਰਭਾਵ ਪਾਉਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਜੜੀ

(ਮਹਿੰਦਰ ਸਿੰਘ ਰੰਧਾਵਾ)

(੧੧੦੯ ਈ:——)

ਵਾਰਤਕ ਰਚਨਾਵਾਂ :—

ਕਾਂਗੜਾ, ਹਰਿਆਣੇ ਦੇ ਲੋਕ ਗੀਤ, ਕੁੱਲੂ ਦੇ ਲੋਕ-ਗੀਤ, ਪੰਜਾਬੀ ਦੇ ਲੋਕ ਗੀਤ ਆਦਿ ।

ਇਹ ਨਿਬੰਧ ਕਾਂਗੜੇ ਦੇ ਲੋਕ ਜੀਵਨ ਨਾਲ ਸੰਬੰਧਿਤ ਦ੍ਰਿਸ਼ ਪੇਸ਼ ਕਰਨ ਦਾ ਯਤਨ ਹੈ । ਇਸ ਵਿਚ ਪੰਜਾਬ ਦੇ ਭੌਇੰ-ਖੰਡ ਨੂੰ ਇਕ ਬੱਝਵੀਂ ਪ੍ਰਾਣਧਾਰੀ (Organic) ਦ੍ਰਿਸ਼ਟੀ ਨਾਲ ਵੇਖਿਆ ਗਿਆ ਹੈ । ਧੌਲੀਧਾਰ ਦੀਆਂ ਪਹਾੜੀਆਂ ਵਿਚ ਵਸ ਰਹੇ ਲੋਕਾਂ ਦੀ ਸੰਸਕ੍ਰਿਤੀ ਨੂੰ ਇਕ ਚਿੱਤਰ ਵਾਂਗ ਉਲੀਕਿਆ ਗਿਆ ਹੈ । ਪ੍ਰਕਿਰਤੀ ਦੀ ਸੁੰਦਰਤਾ ਧੌਲੀਧਾਰ ਦੀਆਂ ਪਹਾੜੀਆਂ ਨਾਲ ਸੰਬੰਧਿਤ ਹੈ ਤੇ ਮਨੁਖੀ ਸੁਹਜ ਉਨ੍ਹਾਂ ਪਹਾੜੀਆਂ ਵਿਚ ਵਸ ਰਹੇ ਲੋਕਾਂ ਨਾਲ ।

ਇਸ ਨਿਬੰਧ ਦੀ ਸ਼ੈਲੀ ਵਰਣਨ-ਮੁੱਖੀ ਹੈ । ਇਸ ਵਿਚ ਧੌਲੀਧਾਰ ਦੀ ਪ੍ਰਾਕਿਰਤਕ ਅਤੇ ਮਾਨਵੀ ਸੁੰਦਰਤਾ ਦਾ ਵਰਣਨ ਹੀ ਨਹੀਂ, ਉਨ੍ਹਾਂ ਦੇ ਮਰਮ ਨੂੰ ਪਛਾਣਨ ਵਾਲਾ ਪਾਰਖੂ ਨਜ਼ਰੀਆ ਵੀ ਹੈ ।

ਨਿਬੰਧ ਵਿਚ ਵਰਤੇ ਗਏ ਸ਼ਬਦ ਸਗਲੇ ਪੰਜਾਬ ਦੇ ਬੱਝਵੇਂ ਰੂਪ ਨਾਲ ਸੰਬੰਧਿਤ ਹਨ । ਲੇਖਕ ਦੀ ਸੁਹਜ ਵਿਗਿਆਨੀ ਤੇ ਭਾਸ਼ਾ ਵਿਗਿਆਨੀ ਰੁੱਚੀ ਇਸ ਨਿਬੰਧ ਵਿਚੋਂ ਝਲਕਦੀ ਪ੍ਰਤੀਤ ਹੁੰਦੀ ਹੈ । ਵਾਕ-ਬਣਤਰ ਸੁਲਝੀ ਹੋਈ ਤੇ ਵਿਆਕਰਣਕ ਨੇਮਾਂ ਤੇ ਆਧਾਰਿਤ ਹੈ ।

ਨਿਬੰਧ ਵਿਚਲੀ ਭਾਵਨਾ ਸੁਹਜਮਈ, ਸਥਿਤੀ ਲੋਕ ਸੰਸਕ੍ਰਿਤੀ ਦੇ ਬਿਆਨ ਵਾਲੀ ਪਾਠਕ ਤੇ ਸਿਰਜਣਾਤਮਕ ਸੁਹਜਾਤਮਕ ਪ੍ਰਭਾਵ ਪਾਂਦੀ ਪ੍ਰਤੀਤ ਹੁੰਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੈਤੋ ਦਾ ਮੋਰਚਾ

(ਸੋਹਨ ਸਿੰਘ ਜੋਸ਼)

(੧੮੯੬ ਈ: ——)

ਵਾਰਤਕ ਰਚਨਾਵਾਂ :—'ਅਕਾਲੀ ਮੋਰਚਿਆਂ ਦਾ ਇਤਿਹਾਸ'

ਇਹ ਨਿਬੰਧ ਅਕਾਲੀ ਮੋਰਚਿਆਂ ਦੇ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਨੂੰ ਪੇਸ਼ ਕਰਨ ਦਾ ਯਤਨ ਹੈ । ਘਟਨਾਵਾਂ ਅੰਗ੍ਰੇਜ਼ੀ ਸਾਮਰਾਜ ਦੀਆਂ ਵਧੀਕੀਆਂ ਤੇ ਅਕਾਲੀ ਸੂਰਬੀਰਾਂ ਤੇ ਕਾਂਗਰਸੀ ਨੇਤਾਵਾਂ ਦੇ ਸਾਂਝੇ ਪ੍ਰਤੀਉੱਤਰ ਵਿਚੋਂ ਪੈਦਾ ਹੁੰਦੀਆਂ ਹਨ ।

ਨਿਬੰਧ ਦੀ ਭਾਵ ਬਿਰਤੀ ਵਿਦਰੋਹੀ ਹੈ । ਅਕਾਲੀ ਸੂਰਬੀਰ ਤੇ ਕਾਂਗਰਸੀ ਨੇਤਾ ਅੰਗ੍ਰੇਜ਼ੀ ਸਾਮਰਾਜ ਪ੍ਰਤੀ ਵਿਦ੍ਰੋਹ ਦੀ ਭਾਵਨਾ ਰਖਦੇ ਹਨ ।

ਸਮੇਂ ਤੇ ਸਥਾਨ ਨਾਲ ਸੰਬੰਧਿਤ ਹੋਣ ਕਰਕੇ ਇਸ ਨਿਬੰਧ ਦਾ ਰੂਪ ਇਤਿਹਾਸ ਵਾਲਾ ਹੈ । ਇਤਿਹਾਸਕ ਤੱਥਾਂ ਦੀ ਵਰਤੋਂ, ਉਨ੍ਹਾਂ ਬਾਰੇ ਦਿਤੇ ਗਏ ਫੁਟ ਨੋਟ, ਤਿੱਥੀਆਂ ਦੇ ਵੇਰਵੇ, ਲੇਖਕ ਦੀ ਤੱਥਮੂਲਕ ਇਤਿਹਾਸ ਦ੍ਰਿਸ਼ਟੀ ਵਲ ਸੰਕੇਤ ਕਰਦੇ ਹਨ ।

ਨਿਬੰਧ ਦੀ ਰਚਨਾ-ਸ਼ੈਲੀ ਬਿਰਤਾਂਤਕ ਹੈ ਬਿਰਤਾਂਤ ਆਪਣੇ ਸਰਲ ਰੂਪ ਵਿਚ ਪ੍ਰਗਟ ਹੁੰਦਾ ਹੈ । ਨਿਬੰਧ ਵਿਚਲੀ ਭਾਵਨਾ ਵਿਦਰੋਹੀ ਹੋਣ ਕਰਕੇ ਸਥਿਤੀ ਦੇਸ਼ ਭਗਤਾਂ ਤੇ ਅੰਗਰੇਜ਼ੀ ਸਾਮਰਾਜ ਵਿਚ ਟਕਰਾਉ ਵਾਲੀ ਤੇ ਪਾਠਕ ਤੇ ਦੇਸ਼ ਭਗਤੀ ਦਾ ਪ੍ਰਭਾਵ ਪਾਉਂਦੀ ਹੈ ।

ਨਿਬੰਧ ਦੀ ਭਾਸ਼ਾ ਸਰਲ ਹੈ । ਵਾਕ ਬਣਤਰ ਵਿਆਕਰਣਕ ਨੇਮਾਂ ਤੇ ਆਧਾਰਿਤ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ-ਬਿੰਬ

(ਡਾ: ਹਰਿਭਜਨ ਸਿੰਘ)

((੧੯੨੦ ਈ:——)

ਨਿਬੰਧ ਸੰਗ੍ਰਹਿ : ਅਧਿਅਨ ਤੇ ਅਧਿਆਪਨ, ਮੂਲ ਤੇ ਮੂਲਅੰਕਣ, ਰੂਪਕੀ, ਪਾਰਗਾਮੀ, ਸਾਹਿਤ ਤੇ ਸਿਧਾਂਤ ਸਾਹਿਤ ਸ਼ਾਸਤਰ, ਰਚਨਾ ਸੰਰਚਨਾ, ਸਾਹਿਤ ਵਿਗਿਆਨ ਆਦਿ ।

ਇਹ ਨਿਬੰਧ ਨਾਨਕ ਦੇ ਪੈਗੰਬਰ ਰੂਪ ਨੂੰ ਪਸ਼ ਕਰਨ ਦਾ ਯਤਨ ਹੈ। ਨਾਨਕ-ਬਿੰਬ ਇਤਿਹਾਸਕਤਾ ਤੇ ਪੌਰਾਣਿਕਤਾ ਦੇ ਸੁਮੇਲ 'ਚੋਂ ਉਜਾਗਰ ਹੋਇਆ ਹੈ। ਇਤਿਹਾਸਕਤਾ ਉਸ ਨੂੰ ਸਮੇਂ ਤੇ ਸਥਾਨ ਨਾਲ ਜੋੜਦੀ ਹੈ, ਪੌਰਾਣਿਕਤਾ ਜਨ-ਮਾਨਸ ਦੀ ਸੰਪਦਾ ਨਾਲ। ਇਸ ਲਈ ਨਾਨਕ ਦਾ ਪੌਰਾਣਿਕ ਬਿੰਬ ਮਨੁੱਖ ਨਾਲ ਰਿਸ਼ਤੇ ਵਿਚੋਂ ਉਜਾਗਰ ਹੁੰਦਾ ਹੈ।

ਨਾਨਕ-ਬਿੰਬ ਨੂੰ ਸਥਾਪਿਤ ਕਰਨ ਲਈ ਲੇਖਕ ਗੁਰੂ ਅਮਰਦਾਸ, ਸੱਤਾ ਬਲਵੰਡ, ਭਾਈ ਗੁਰਦਾਸ, ਗੁਰੂ ਗੋਬਿੰਦ ਸਿੰਘ ਆਦਿ ਦੀਆਂ ਰਚਨਾਵਾਂ ਵਿਚੋਂ ਹਵਾਲੇ ਦਿੰਦਾ ਹੈ। ਲੇਖਕ ਨੇ ਨਾਨਕ ਖਿੰਬ ਨੂੰ ਸਥਾਪਿਤ ਹੀ ਨਹੀਂ ਕੀਤਾ, ਸਥਾਪਿਤ ਹੋ ਚੁਕੇ ਨਾਨਕ ਬਿੰਬ ਦੀ ਸਾਰਥਕਤਾ ਅਤੇ ਉਸ ਦੇ ਜਨ-ਮਾਨਸ ਤੇ ਪਏ ਵਿਲੱਖਣ ਪ੍ਰਭਾਵ ਨੂੰ ਵੀ ਪੇਸ਼ ਕੀਤਾ ਹੈ। ਜਨ-ਮਾਨਸ ਤੇ ਪਿਆ ਪ੍ਰਭਾਵ ਮਨੁਖਤਾ ਨਾਲ ਰਿਸ਼ਤੇ ਦਾ ਲਖਾਇਕ ਹੈ।

ਇਹ ਨਿਬੰਧ ਖੋਜ ਰੁਚੀ ਦੇ ਵਧੇਰੇ ਨੇੜੇ ਹੈ। ਪੈਗੰਬਰ ਤੇ ਅਵਤਾਰ ਦਾ ਅਰਥ ਨਿਖੇੜ, ਨਾਨਕ ਦੇ ਪੈਗੰਬਰੀ ਰੂਪ ਦੀ ਪੁਸ਼ਟੀ ਕਰਨਾ, ਲੇਖਕ ਦੀ ਵਿਸ਼ਲੇਸ਼ਣਾਤਮਕ ਸ਼ੈਲੀ ਵਲ ਸੰਕੇਤ ਕਰਦੇ ਹਨ। ਇਸ ਨਿਬੰਧ ਵਿਚਲੀ ਭਾਵਨਾ ਨਾਨਕ-ਬਿੰਬ ਪ੍ਰਤੀ, ਸਥਿਤੀ ਸਥਾਪਤੀ ਦੀ ਪੁਸ਼ਟੀ ਵਾਲੀ, ਪਾਠਕ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਨਕ-ਬਿੰਬ ਦਾ ਵਿਲੱਖਣ ਪ੍ਰਭਾਵ ਪਾਂਦੀ ਹੈ।

ਨਿਬੰਧ ਵਿਚ ਵਰਤੇ ਗਏ ਸ਼ਬਦ ਲੇਖਕ ਦੇ ਗਿਆਨ-ਮੂਲਕ ਸਾਹਿਤਿਕ ਪਾਸਾਰ ਦੇ ਚਿਹਨ ਹਨ। ਭਾਸ਼ਾ ਅਨੁਸ਼ਾਸਨ ਬਧ ਹੈ। ਕਿਧਰੇ ਵੀ ਵੇਗ ਹੋਣ ਦਾ ਪ੍ਰਭਾਵ ਨਹੀਂ ਪੈਂਦਾ। ਵਿਸ਼ੇ ਤੋਂ ਥਿੜਕਣ ਵਾਲੀ ਖੰਡਿਤ ਰੁੱਚੀ ਕਿਧਰੇ ਵੀ ਨਜ਼ਰ ਨਹੀਂ ਆਉਂਦੀ। ਇਕ ਇਕ ਵਾਕ ਸੁਚੇਤ ਰੂਪ ਵਿਚ ਲਿਖਿਆ ਹੋਇਆ ਜਾਪਦਾ ਹੈ। ਇਹ ਸਾਰੀਆਂ ਗੱਲਾਂ ਇਸ ਨਿਬੰਧ ਨੂੰ ਖੋਜਾਤਮਕ ਨਿਬੰਧ ਦਾ ਰੂਪ ਦੇਂਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ-ਕਲਾ

(ਡਾ: ਸੋਹਿੰਦਰ ਸਿੰਘ ਵਣਜਾਰਾ ਬੇਦੀ)

(੧੯੨੫ ਈ:——)

ਵਾਰਤਕ ਰਚਨਾਵਾਂ :—ਪੰਜਾਬ ਦੀ ਲੋਕ ਧਾਰਾ, ਪੰਜਾਬ ਦਾ ਲੋਕ ਸਾਹਿਤ ਲੋਕ ਆਖਦੇ ਹਨ। ਪੰਜਾਬ ਦੀਆਂ ਲੋਕ ਕਹਾਣੀਆਂ, ਮਧਕਾਲੀ ਪੰਜਾਬੀ ਕਥਾ, ਰੂਪ ਤੇ ਪਰੰਪਰਾ, ਬਾਤਾਂ ਮੁੱਢ ਕਦੀਮ ਦੀਆਂ।

ਇਹ ਨਿਬੰਧ ਪੰਜਾਬ ਦੀ ਲੋਕ ਕਲਾ ਦਾ ਜਨਮ ਤੇ ਉਸਦੇ ਵਿਕਾਸ ਦਾ ਬਿਆਨ ਲੇਖਕ ਦੀ ਇਤਿਹਾਸ ਦ੍ਰਿਸ਼ਟੀ ਦਾ ਲਖਾਇਕ ਹੈ। ਲੇਖਕ ਅਨੁਸਾਰ ਕਲਾ ਦੀ ਮਹੱਤਤਾ ਜੀਵਨ ਵਿਚ ਸੁਹਜ ਖਿਲਾਰਣ ਤੇ ਮਨੁੱਖੀ ਮਨ ਨੂੰ ਮਾਨਸਕ ਤੇ ਆਤਮਕ ਤ੍ਰਿਪਤੀ ਪ੍ਰਦਾਨ ਕਰਨ ਵਿਚ ਹੈ।

ਇਹ ਨਿਬੰਧ ਖੋਜ ਰੁਚੀ ਦੇ ਨੇੜੇ ਪ੍ਰਤੀਤ ਹੁੰਦਾ ਹੈ। ਹਿੰਦੂਆਂ ਤੇ ਮੁਸਲ-ਮਾਨਾਂ ਦੀਆਂ ਲੋਕ ਕਲਾਵਾਂ ਤੇ ਲੋਕ ਰੁਚੀਆਂ ਦੀ ਤੁਲਨਾ ਲੇਖਕ ਦੀ ਖੋਜ ਰੁਚੀ ਤੇ ਲੋਕ ਕਹਾਣੀ ਦਾ ਬਿਆਨ ਕਥਾ-ਤੱਤ ਵਲ ਸੰਕੇਤ ਕਰਦੇ ਹਨ।

ਨਿਬੰਧ ਵਿਚ ਵਰਤੇ ਗਏ ਸ਼ਬਦ ਭਾਰਤ ਤੇ ਖਾਸ ਕਰਕੇ ਪੰਜਾਬ ਦੀ ਲੋਕ ਸੰਸਕ੍ਰਿਤੀ ਦੇ ਇਤਿਹਾਸ ਵਲ ਸੰਕੇਤ ਕਰਦੇ ਹਨ। ਲੋਕ ਸੰਸਕ੍ਰਿਤੀ ਦੀ ਯਾਤਰਾ ਸਦਾ ਪਰੰਪਰਾ ਮੁੱਖ ਹੁੰਦੀ ਹੈ। ਇਸ ਲਈ ਇਸ ਨਿਬੰਧ ਦੀ ਬਿਰਤੀ ਸਾਮੂਹਿਕ ਚਿਤ ਵਾਲੀ ਹੈ।

ਨਿਬੰਧ ਵਿਚਲੀ ਭਾਵਨਾ ਲੋਕ ਕਲਾ ਪ੍ਰਤੀ. ਸਥਿਤੀ ਲੋਕ ਕਲਾ ਦੇ ਸਾਂਸਕ੍ਰਿਤਿਕ ਪਾਸਾਰ ਵਾਲੀ, ਪਾਠਕ ਤੇ ਸੁਹਜਾਤਮਕ ਪ੍ਰਭਾਵ ਪਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਦੇਸੀ ਆਪਣੇ ਵਤਨ 'ਚ

(ਬਲਰਾਜ ਸਾਹਨੀ)

(੧੯੧੩ ਈ:—੨੯੭੩ ਈ:)

ਵਾਰਤਕ ਰਚਨਾਵਾਂ :— ਸਿਨਮਾ ਤੇ ਸਟੇਜ, ਯਾਦਾਂ ਦਾ ਝਰੋਖਾ, ਇਤਿਹਾਸ਼ ਦੀ ਪੌੜ, ਪੂਰਬ ਦੇ ਨਾਈ, ਮੇਰੀ ਫ਼ਿਲਮੀ ਆਤਮ ਕਥਾ, ਗ਼ੈਰ ਜਜ਼ਬਾਤੀ ਡਾਇਰੀ, ਮੇਰਾ ਪਾਕਿਸਤਾਨੀ ਸਫ਼ਰਨਾਮਾ, ਮੇਰਾ ਰੂਸੀ ਸਫ਼ਰਨਾਮਾ, ਕਲਮ ਕਤਾਬ ਆਦਿ ।

ਇਹ ਨਿਬੰਧ ਲੇਖਕ ਦੀ ਪਾਕਿਸਤਨ ਦੀ ਸੈਰ ਤੇ ਉਸ ਸੈਰ ਦੇ ਮਨ ਤੇ ਪਏ ਹੋਏ ਪ੍ਰਭਾਵ ਦੀ ਪੇਸ਼ਕਾਰੀ ਦਾ ਯਤਨ ਹੈ। ਨਿਬੰਧ ਵਿਚੋਂ ਵਿਛੜੇ ਵਤਨ ਪ੍ਰਤੀ ਪਿਆਰ ਦੀ ਭਾਵਨਾ ਪ੍ਰਗਟ ਹੁੰਦੀ ਹੈ ।

ਇਹ ਨਿਬੰਧ ਲੇਖਕ ਦੇ ਸਫ਼ਰ ਨਾਲ ਸੰਬੰਧਿਤ ਹੋਣ ਕਰ ਕੇ ਇਸਦਾ ਰੂਪ ਸਫ਼ਰਨਾਮੇ ਵਾਲਾ ਹੈ, ਇਸ ਲਈ ਇਸ ਨਿਬੰਧ ਦੀ ਸ਼ੈਲੀ ਬਿਰਤਾਂਤਕ ਹੈ।

ਇਸ ਨਿਬੰਧ ਵਿਚੋਂ ਲੇਖਕ ਦੀ ਸਿਖਿਆਵਾਦੀ ਰੁੱਚੀ ਪ੍ਰਗਟ ਹੁੰਦੀ ਹੈ। ਕਈ ਥਾਵਾਂ ਤੇ ਪਾਠਕਾਂ ਨੂੰ ਸਿੱਧਾ ਸੰਬੋਧਨ ਕੀਤਾ ਗਿਆ ਹੈ। ਸਿਖਿਆ ਦੇ ਨ:ਲ ਨਾਲ ਪਾਕਿਸਤਾਨੀ ਫਿਲਮ ਪ੍ਰਤੀ ਲੇਖਕ ਦੇ ਵਿਚਾਰ ਆਲੋਚਨਾਤਮਕ ਰੁੱਚੀ ਦੇ ਚਿਹਨ ਹਨ। ਇਹ ਆਲੋਚਨਾ ਲੇਖਕ ਦੀ ਭਾਵੁਕਤਾ 'ਚੋਂ ਜਾਗ੍ਰਿਤ ਹੁੰਦੀ ਹੈ।

ਇਸ ਨਿਬੰਧ ਵਿਚ 'ਪਿਛਲ ਝਾਤ ਵਿਧੀ' ਅਪਨਾਈ ਗਈ ਹੈ। ਪਾਕਿਸਤਾਨ ਦੀ ਸੈਰ ਲੇਖਕ ਨੂੰ ਆਪਣੇ ਅਤੀਤ ਵਲ ਲੈ ਜਾਂਦੀ ਹੈ ਜਿਸ ਨਾਲ ਨਿਬੰਧ ਵਿਚਲਾ ਬਿਰਤਾਂਤ ਰੁਕ ਜਾਂਦਾ ਹੈ ਬਿਰਤਾਂਤ ਨਾਲੋਂ ਵਧੇਰੇ ਬਲ ਵਿਚਾਰਾਂ ਦੇ ਬਿਆਨ ਤੇ ਦਿਤਾ ਗਿਆ ਹੈ।

ਇਸ ਨਿਬੰਧ ਵਿਚ ਉਰਦੂ ਸ਼ਬਦਾਂ ਦਾ ਪ੍ਰਯੋਗ ਖਾਸੀ ਮਾਤਰਾ ਵਿਚ ਹੋਇਆ ਪ੍ਰਤੀਤ ਹੁੰਦਾ ਹੈ। ਕਿਧਰੇ ਕਿਧਰੇ ਅਲੰਕਾਰਕ ਭਾਸ਼ਾ ਨਿਬੰਧ ਨੂੰ ਕਾਵਿਕ ਛੁਹ ਦੇਂਦੀ ਪ੍ਰਤੀਤ ਹੁੰਦੀ ਹੈ। ਵਾਕ ਛੋਟੇ ਛੋਟੇ ਤੇ ਵਾਕ ਬਣਤਰ ਵਿਆਕਰਣਕ ਨੇਮਾਂ ਤੇ ਆਧਾਰਿਤ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਬਦਾਰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਰਥਨਾ

ਸੁਕਰਾਤ	=	ਯੂਨਾਨ ਦਾ ਇਕ ਪ੍ਰਸਿੱਧ ਵਿਦਵਾਨ
ਔਸਕਰ ਵਾਇਲਡ	=	ਇਕ ਅੰਗ੍ਰੇਜ਼ੀ ਵਿਦਵਾਨ
ਖ਼ਤੋ ਕਿਤਾਬਤ	=	ਚਿਠੀ ਪੱਤਰ ਵਿਵਹਾਰ
ਤਤਖਿਣੁ	=	ਤੁਰੰਤ
ਬਖਸ਼ਿੰਦੁ	=	ਬਖਸ਼ਣ ਵਾਲਾ
ਅਸਰਾਉ	=	ਆਸਰਾ
ਦਰਮਲਾ	=	ਦਵਾਈਆਂ
ਬਿਖਮੁ	=	ਔਖਾ
ਅਸਗਾਹ	=	ਅਥਾਹ
ਮੁਗਧ	=	ਮੋਹ ਮਾਇਆ ਵਿਚ ਗ੍ਰਸਿਆ ਹੋਇਆ, ਮੂਰਖ;
ਕਾੜਾ	=	ਚਿੰਤਾ
ਬਿਖਾੜਾ	=	ਔਖਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਹਲੀਆਂ ਗੱਲਾਂ

ਰੁਪਹਿਰੀ	=	ਚਾਂਦੀ ਦੀ ਤਾਰ ਦਾ ਜਿਸ 'ਤੇ ਕੰਮ ਹੋਵੇ; ਚਾਂਦੀ ਰੰਗਾ,
ਇਸਤਲਾਹਾਂ	=	ਵਿਸ਼ੇਸ਼ ਅਰਥ ਵਾਲੇ ਸ਼ਬਦ ।
ਭਗਤ ਲਛਮਣ ਸਿੰਘ	=	ਇਕ ਸਿਖ ਸੰਤ,
ਦਸ਼ਮੇਸ਼ ਜੀ	=	ਗੁਰੂ ਗੋਬਿੰਦ ਸਿੰਘ ਦੀ ਉਪਾਧੀ
ਦਗਲਿਆ	=	ਦਰੜਿਆ
ਡਿਕਨਜ਼	=	ਅੰਗਰੇਜ਼ੀ ਦਾ ਪ੍ਰਸਿੱਧ ਨਾਵਲਕਾਰ
ਖਰਾਸ	=	ਆਟਾ ਪੀਹਣ ਦੀ ਵੱਡੀ ਚੱਕੀ
ਟੈਗੋਰ	=	ਇਕ ਬੰਗਾਲੀ ਸਾਹਿਤਕਾਰ ਜਿਸ ਨੂੰ ਨੋਬਲ ਪੁਰਸਕਾਰ ਮਿਲਿਆ ਸੀ ।
ਬ੍ਰਾਊਨਿੰਗ	=	ਅੰਗਰੇਜ਼ੀ ਦਾ ਪ੍ਰਸਿੱਧ ਕਵੀ
ਸੋਂਘਾਂ	=	ਚੌਕਸੀ; ਹੁਸ਼ਿਆਰੀ
ਘੂਠੀ	=	ਚੁਪ ਚੁਪੀਤਾ; ਖਾਮੋਸ਼;
ਅੱਲੇ ਘਾ	=	ਕੱਚੇ ਜ਼ਖਮ
ਅੰਟ੍ਰੇਂਸ	=	ਦਸਵੀਂ ਦਾ ਇਮਤਿਹਾਨ

ਜ਼ਿੰਦਗੀ ਦੀ ਕਵਿਤਾ

ਵਾਲਟ ਵਿਟਮੈਨ	=	ਇਕ ਅਮਰੀਕਨ ਕਵੀ,
ਸਰਸਾਏ	=	ਖਿੜਾਏ
ਤਲਿਸਮ	=	ਜਾਦੂ
ਤਾਰਕਾ ਮੰਡਲ	=	ਤਾਰਿਆਂ ਦਾ ਸਮੁਦਾਇ
ਮਰਹਮਤ	=	ਕ੍ਰਿਪਾ, ਬਖਸ਼ਿਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਵਿਤਾ ਤੇ ਸੰਸਕ੍ਰਿਤੀ

ਪ੍ਰਾਕਰਮੀ	=	ਬਲਵਾਨ, ਉੱਦਮੀ
ਪਦਮਨੀ	=	ਚਿਤੌੜ ਦੀ ਰਾਣੀ
ਸਾਵਿਤਰੀ	=	ਮਦ੍ਰ ਦੇਸ਼ ਦੇ ਰਾਜਾ ਅਸ਼੍ਵਪਤਿ ਦੀ ਬੇਟੀ ਅਤੇ ਸਤਯਵਾਨ ਦੀ ਇਸਤ੍ਰੀ
ਸ਼ੈਕਸਪੀਅਰ	=	ਅੰਗਰੇਜ਼ੀ ਦਾ ਪ੍ਰਸਿੱਧ ਨਾਟਕਕਾਰ
ਬੇਕਨ	=	ਅੰਗਰੇਜ਼ੀ ਦਾ ਵਾਰਤਕ ਲੇਖਕ
ਪਰਾਦਰਸ਼ਕਤਾ	=	ਦੂਰੰਦੇਸ਼ੀ
ਉਪਨਿਸ਼ਦ	=	ਵੇਦ ਬ੍ਰਾਹਮਣਾਂ ਦੇ ਉਹ ਭਾਗ, ਜਿਨ੍ਹਾਂ ਵਿਚ ਆਤਮ ਵਿਦਿਆ ਦਾ ਨਿਰੂਪਣ ਹੈ।
ਗੀਤਾ	=	ਹਿੰਦੂਆਂ ਦਾ ਧਰਮ ਗ੍ਰੰਥ ਜਿਸ ਵਿਚ ਸ੍ਰੀ ਕ੍ਰਿਸ਼ਨ ਦਾ ਅਰਜਨ ਨੂੰ ਦਿਤਾ ਉਪਦੇਸ਼ ਦਰਜ ਹੈ।
ਪ੍ਰਾਕ-ਇਤਿਹਾਸ	=	ਇਤਿਹਾਸ ਤੋਂ ਪਹਿਲਾਂ ਦਾ ਸਮਾਂ
ਤਿਲਾਂਜਲੀ	=	ਛੱਡ ਦੇਣਾ
ਨਿਰੂਪਣ	=	ਪੂਰਾ ਨਿਰਣਾ ਕਰਕੇ ਕਥਨ ਕੀਤੀ ਵਿਆਖਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਦਾੜ੍ਹ ਪੀੜ

ਸ਼ਾਹ ਰਾਹ	=	ਜਰਨੈਲੀ ਸੜਕ
ਸਿਹਤਵਰ	=	ਤੰਦਰੁਸਤ
ਅਕਲ ਦਾੜ੍ਹ	=	ਇਕ ਦਾੜ੍ਹ ਜੋ ਜਵਾਨੀ ਵਿਚ ਨਿਕਲਦੀ ਹੈ।
ਨਾਕਾਬੰਦੀ	=	ਰਾਹ ਰੋਕਣਾ
ਜਵਾਲਾ ਮੁਖੀ	=	ਉਹ ਪਹਾੜ ਜਿਸ ਵਿਚੋਂ ਅੱਗ ਨਿਕਲੇ,
ਬਰੂਹਾਂ	=	ਦਲੀਜ਼ਾਂ,
ਨਿਰਵਿਘਨ	=	ਬਿਨਾਂ ਕਿਸੇ ਵਿਘਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਜੜੀ

ਗੱਦੀ	=	ਇਕ ਪਹਾੜੀ ਜਾਤੀ ਜੋ ਭੇਡ ਗਧੇ ਆਦਿਕ ਪਾਲਦੀ ਹੈ।
ਧੌਲੀਧਾਰ	=	ਹਿਮਾਚਲ ਪ੍ਰਦੇਸ਼ ਵਿਚ ਪਹਾੜ ਦੀ ਇਕ ਉੱਚੀ ਧਾਰਾ, ਜਿਥੇ ਸਦਾ ਬਰਫ਼ ਰਹਿੰਦੀ ਹੈ।
ਆਜੜੀ	=	ਭੇਡਾਂ ਚਾਰਣ ਵਾਲਾ
ਚੰਬਾ	=	ਇਕ ਪਹਾੜੀ ਖੇਤਰ,
ਕਾਂਗੜਾ	=	ਹਿਮਾਚਲ ਪ੍ਰਦੇਸ਼ ਦਾ ਇਕ ਪਹਾੜੀ ਖੇਤਰ,
ਦਰੇ	=	ਦੋ ਪਹਾੜਾਂ ਦੇ ਵਿਚਕਾਰ ਕੁਦਰਤੀ ਰਸਤਾ
ਚਰਾਗਾਹਾਂ	=	ਪਸ਼ੂਆਂ ਦੇ ਚਰਨ ਦੇ ਅਸਥਾਨ
ਕਲਸਾ	=	ਰਸਮਾਂ ਰੀਤਾਂ ਵੇਲੇ ਰਖਿਆ ਘੜਾ
ਧਾਨ	=	ਛਿਲਕੇ ਸਮੇਤ ਦਾਣਾ
ਦੁੱਬ	=	ਇਕ ਤਰ੍ਹਾਂ ਦਾ ਘਾਹ
ਪ੍ਰੋਹਿਤ	=	ਬ੍ਰਾਹਮਣ
ਬਦਰੀ ਨਰਾਇਣ ਤ੍ਰਿਲੋਕ ਨਾਥ ਮਨੀ ਮਹੇਸ਼	=	ਹਿੰਦੂਆਂ ਦ ਪ੍ਰਸਿਧ ਤੀਰਥ ਅਸਥਾਨ
ਕਹਾਰ	=	ਡੋਲੀ, ਪਾਲਕੀ ਆਦਿ ਨੂੰ ਚੁਣਨ ਵਾਲੇ।
ਗਣੇਸ਼	=	ਹਿੰਦੂਆਂ ਦਾ ਇਕ ਦੇਵਤਾ
ਬ੍ਰਹਮਾ	=	ਜਗਤ ਨੂੰ ਰਚਣ ਵਾਲਾ ਦੇਵਤਾ
ਵਿਸ਼ਨੂੰ	=	ਜਗਤ ਨੂੰ ਪਾਲਣ ਵਾਲਾ ਦੇਵਤਾ
ਕੁੰਭ	=	ਘੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁੱਭ	=	ਘਾਹ
ਕਾਮਦੇਵ	=	ਕਾਮ ਦਾ ਦੇਵਤਾ,
ਸਕੇਤ	=	ਸਕੇਤੀਆ ਗੋਤ ਦੇ ਰਾਜਪੂਤਾਂ ਦੀ ਇਕ ਪਹਾੜੀ ਰਿਆਸਤ ਜੋ ਸਤਲੁਜ ਦੇ ਉੱਤਰ ਵੱਲ ਸੀ।
ਲਾਹੌਲ	=	ਇਕ ਪਹਾੜੀ ਖੇਤਰ
ਬਰ੍ਹ ਮੌਰ	=	ਇਹ ਨਗਰ ਚੰਬੇ ਦੀ ਪੁਰਾਣੀ ਰਾਜਧਾਨੀ ਸੀ
ਗਲੇਸ਼ੀਅਰ	=	ਬਰਫ ਦਾ ਤੋਦਾ
ਬਨਬੀਰਾਂ	=	ਜੰਗਲ ਵਿਚ ਵਸਦੀਆਂ ਪ੍ਰੇਤ ਰੂਹਾਂ,
ਤੂੱਨ	=	ਇਕ ਪਹਾੜੀ ਬਿਰਛ ਜਿਸ ਦੇ ਫੁੱਲਾਂ ਤੋਂ ਬਸੰਤੀ ਰੰਗ ਬਣਦਾ ਹੈ
ਸਿੰਬਲ	=	ਇਕ ਦਰਖਤ ਦਾ ਨਾਂ
ਕਾਲਾ ਬੀਰ ਨਰ ਸਿੰਘ ਕੇਹਲੂ ਬੀਰ	=	ਬੀਰ ਕਲਪਿਤ ਪ੍ਰਾਣੀ ਹਨ ਜਿਨ੍ਹਾਂ ਦੀ ਸੰਖਿਆ ਬਵਿੰਜਾ ਹੈ। ਇਹ ਪਰੇਤ ਰੂਹਾਂ ਵਾਂਗ ਲੋਕਾਂ ਨੂੰ ਦੁਖ ਦੇਂਦੇ ਹਨ
ਬਨਸਤਾਂ	=	ਇਸਤ੍ਰੀ ਦੀ ਪ੍ਰੇਤ ਰੂਹ
ਬਤਾਲ	=	ਇਕ ਤਰ੍ਹਾਂ ਦੇ ਪ੍ਰੇਤ
ਆਬਸ਼ਾਰ	=	ਝਰਨਾ
ਕੇਲੰਗ ਨਾਗ	=	ਇਕ ਪਹਾੜੀ ਦੇਵਤਾ
ਦ੍ਰਾਂਤੀ	=	ਦਾਤਰੀ,
ਬਾਘਾਂ	=	ਸ਼ੇਰ,
ਨੇਗੀ	=	ਪ੍ਰੋਹਤ
ਆਰੀਆ	=	ਭਾਰਤ ਦੀ ਇਕ ਜ਼ਾਤੀ
ਪਾਲਮਵਾਦੀ	=	ਕਾਂਗੜੇ ਦੀ ਇਕ ਵਾਦੀ
ਲੁਗੜੀ	=	ਇਕ ਤਰ੍ਹਾਂ ਦੀ ਪਹਾੜੀ ਸ਼ਰਾਬ
ਰਕੀਬਾਂ	=	ਦੁਸ਼ਮਣਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰੀ ਸਿੰਘ	=	ਇਕ ਲੋਕ-ਪਾਤਰ
ਬਬਰੂ	=	ਇਕ ਤਰਾਂ ਦੀ ਮੋਟੀ ਰੋਟੀ ਜੋ ਪਹਾੜੀ ਲੋਕ ਖਾਂਦੇ ਹਨ
ਬਾਉਲੀ	=	ਉਹ ਖੂਹ ਜਿਸ ਵਿਚ ਪਾਣੀ ਤਕ ਪਹੁੰਚਣ ਲਈ ਪੌੜੀਆਂ ਬਣੀਆਂ ਹੋਣ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੈਤੋ ਦਾ ਮੋਰਚਾ

ਤਹਿਰੀਕ	=	ਲਹਿਰ
ਇਮਦਾਦ	=	ਸਹਾਇਤਾ
ਮਾਤਹਿਤ	=	ਅਧੀਨ
ਅਹਿਲਮਦ	=	ਕਰਮਚਾਰੀ
ਮੁਕਾਮੀਂ	=	ਸਥਾਨਿਕ
ਐਗਜ਼ੇਕਟਿਵ	=	ਪ੍ਰਬੰਧਕ
ਮੁਖ਼ਤਲਿਫ	=	ਵਖਰਾ
ਉਮਦਾ	=	ਚੰਗਾ,
ਜ਼ਾਬਤੇ ਮੁਤਾਬਕ	=	ਕਾਨੂੰਨ ਅਨੁਸਾਰ
ਦਰਬਾਰਾ ਸਿੰਘ ਮਲੂਣ	=	ਗੁਮਨਾਮ ਯੋਧਾ ਜਿਸ ਨੇ ਆਪਣੀ ਸਾਰੀ ਉਮਰ ਦੇਸ਼ ਦੀ ਅਜ਼ਾਦੀ ਨੂੰ ਅਰਪਣ ਕੀਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ-ਬਿੰਬ

ਅਜਰ	—	ਜੋ ਜਰਿਆ ਨਾ ਜਾ ਸਕੇ
ਦੀਖਯਤ	—	ਜਿਸ ਨੂੰ ਦੀਖਿਆ (ਉਪਦੇਸ਼) ਦਿਤੀ ਜਾਵੇ
ਅਨਿਖੜ	—	ਜੋ ਨਖੇੜਿਆ ਨਾ ਜਾ ਸਕੇ,
ਵਿਲੱਖਣ	—	ਨਿਰਾਲਾ, ਅਣੋਖਾ, ਅਨੂਠਾ
ਖ਼ਤਮੁਲਨਬੱਵਤ	—	ਅੰਤਿਮ ਪੈਗੰਬਰੀ ਦਾ ਸੰਕਲਪ
ਸਾਮੀ	—	ਇਕ ਪ੍ਰਸਿੱਧ ਨਸਲ, ਅਰਬ ਦੇਸ਼ ਦੇ ਲੋਕ ਇਸੇ ਨਸਲ ਵਿਚੋਂ ਹਨ
ਸੈਡਾਲੀ	—	ਜਿਸ ਦੀਆ ਅਨੇਕ ਪੱਧਤਾਂ ਅਥਵਾ ਸੰਪ੍ਰਦਾਯ ਹਨ
ਕਿਆੜਾ	—	ਚੰਦੋਆ
ਮਿਕਿਓਨੁ	—	ਮਿਲਿਆ, ਇੱਕ ਹੋਇਆ
ਅਭੇਉ	—	ਭੇਦ ਰਹਿਤ
ਅਲੋਇਆ	—	ਵੇਖਿਆ
ਅਰਿਖੇਉ	—	ਰਿਸ਼ੀ ਕਰਮ, ਉੱਤਮ ਸਾਧੂ ਲੋਕਾਂ ਦਾ ਆਚਾਰ
ਉਮੁਤ	—	ਉਪਦੇਸ਼ ਅੰਗੀਕਾਰ ਕਰਨ ਵਾਲੀ ਜਮਾਤ
ਮਸਕਲੈ	—	ਜ਼ੰਗਲ ਉਤਾਰਣ ਦਾ ਔਜ਼ਾਰ
ਅਰਸਹੁ	—	ਦੇਵ ਲੋਕ
ਝਟੀਐ	—	ਟਪਕਦਾ ਹੈ, ਝੜਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਚੁਰਿ	—	ਅਧਿਕ, ਬਹੁਤ
"ਦਬਿਸਤਾਨਿ ਮਜ਼ਾਹਬ'	—	ਇਕ ਗ੍ਰੰਥ, ਜਿਸ ਦਾ ਕਰਤਾ ਸ਼ੇਖ ਮੁਹੰਮਦ ਮੁਹਸਿਨ ਹੈ
ਬਾਵਨ	—	ਵਾਮਨ ਅਵਤਾਰ
ਉਗ੍ਰਸੈਣ	—	ਕੰਸ ਦਾ ਪਿਤਾ, ਕ੍ਰਿਸ਼ਨ ਦਾ ਨਾਨਾ ਜੋ ਉਪਕਾਰੀ ਸੱਜਣ ਤੇ ਕਰਤਾਰ ਦਾ ਭਗਤ ਸੀ। ਕ੍ਰਿਸ਼ਨ ਨੇ ਕੰਸ ਨੂੰ ਮਾਰ ਕੇ ਉਗ੍ਰਸੈਣ ਨੂੰ ਮੱਥਰਾ ਦੀ ਗੱਦੀ ਬਿਠਾਯਾ
ਦਿਗਵਿਜਯੀ	—	ਸੈਨਾ ਦੇ ਬਲ ਨਾਲ ਜਾਂ ਵਿਦਯਾ ਬਲ ਨਾਲ ਸਭ ਦਿਸ਼ਾ ਨੂੰ ਜਿੱਤਣ ਦੀ ਕ੍ਰਿਆ
ਜਿਹਾਦ	—	ਯਤਨ, ਕੋਸ਼ਿਸ਼, ਵਿਧਰਮੀਆਂ ਨਾਲ ਜੰਗ
ਦਾਇਮ	—	ਸਦੈਵ, ਹਮੇਸ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਕਲਾ

ਰੂੜੀਆਂ	—	ਤਤ, ਰਸਮਾਂ, ਰੀਤਾਂ
ਛਬੀਆਂ	—	ਸੁੰਦਰਤਾ
ਦੈਵੀ	—	ਦੇਵਤਾ ਸੰਬੰਧੀ, ਈਸ਼ਵਰੀ
ਉਪੱਧਰ	—	ਫਸਾਦ
ਵਿਸ਼ਕਰਮਾ	—	ਇਕ ਦੇਵਤਾ ਜਿਸਨੂੰ ਮਹਾਂਭਾਰਤ ਅਤੇ ਪੁਰਾਣਾਂ ਵਿਚ ਦੇਵਤਿਆਂ ਦਾ ਵੱਡਾ ਇੰਜੀਨੀਅਰ ਦੱਸਿਆ ਹੈ।
ਦਰਾਵੜੀ	—	ਭਾਰਤ ਦੀ ਪ੍ਰਾਚੀਨ ਜਾਤੀ ਦਰਾਵੜਾਂ ਨਾਲ ਸੰਬੰਧਿਤ
ਗੰਧਾਰ ਸ਼ੈਲੀ	—	ਗੰਧਾਰ ਦੇ ਇਲਾਕੇ ਦੀ ਕਲਾ ਸ਼ੈਲੀ। ਗੰਧਾਰ ਸਿੰਧ ਦਰਿਆ ਦੇ ਪੱਛਮ ਵਲ ਦੇ ਇਲਾਕੇ ਦਾ ਨਾਂ ਹੈ ਜੋ ਪਿਸ਼ਾਵਰ ਤੋਂ ਕੰਧਾਰ ਤਕ ਫੈਲਿਆ ਹੋਇਆ ਹੈ।
ਕੁੰਭਕਾਰੀ	—	ਚੱਕ ਉਤੇ ਭਾਂਡੇ ਬਨਾਉਣ ਦੀ ਕਲਾ
ਮਤਸਯਾ	—	ਵਿਸ਼ਨੂੰ ਦਾ ਇਕ ਅਵਤਾਰ
ਚੁਤਹੀਆਂ	—	ਇਕ ਪਰਕਾਰ ਦਾ ਖੇਸ
ਫੁਲਕਾਰੀ	—	ਇਸਤ੍ਰੀਆਂ ਦੇ ਓਢਣ ਦਾ ਵਸਤ੍ਰ ਜਿਸ ਤੇ ਕਸ਼ੀਦਾਕਾਰੀ ਕੀਤੀ ਹੋਵੇ।
ਵੈਸ਼ਨਵ	—	ਹਿੰਦੂਆਂ ਦੀ ਇਕ ਸੰਪ੍ਰਦਾਇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਦੇਸੀ ਆਪਣੇ ਵਤਨ 'ਚ

ਕਾਰੇਨੁਮਾਯਾਂ — ਖਾਸ ਕਾਰਨਾਮਾ
ਮੁਸਣਾ — ਅਕੇਵਾਂ
ਕੋਫ਼ਤ — ਥਕੇਵਾਂ

6940

ਖਾਨਸਾਮਾ — ਰਸੋਈਆ
ਇਬਾਦਤ — ਬੰਦਗੀ
ਜਮਹੂਰੀ — ਲੋਕਾਂ ਦੀ
ਮਸਤੂਲ — ਥੰਮੀ
ਯੂਨੀਅਨ ਜੈਕ — ਅੰਗ੍ਰੇਜ਼ਾਂ ਦਾ ਝੰਡਾ
ਇਸ਼ਤਰਾਕੀਅਤ — ਸਾਮਵਾਦ
ਮਕਸੂਦ — ਜਿਸ ਦਾ ਸੰਕਲਪ ਕੀਤਾ ਜਾਵੇ
ਜ਼ਮੀਰ ਫਰੋਸ਼ — ਜ਼ਮੀਰ ਵੇਚਣ ਵਾਲੇ
ਅਵਿਕਾਰਕ — ਵਿਕਾਰ-ਰਹਿਤ
ਕਰਣਧਾਰ — ਮਲਾਹ
ਕਸ਼ੀਦਗੀ — ਰੋਸਾ, ਖਿਚਾਵਟ
ਵਾਬਸਤਾ — ਸੰਬੰਧਤ
ਆਜਿਜ਼ਾਨਾ — ਦੀਨਤਾ, ਨਿੰਮ੍ਰਤਾ
ਸਤਹਿ-ਮੁਤਰਫ਼ਾ — ਬੁਲੰਦ ਸਤਹਿ

Forwarded with compliments from
the ... ment of Education
Gov... India

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accos on
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੈਸ਼ਨਲ ਬੁਕ ਸ਼ਾਪ, ਦਿਲੀ

ਦੀਆਂ ਪ੍ਰਕਾਸ਼ਨਾਂ 1986-87

ਰੰਗ ਕਰਤਾਰ ਦੇ	ਪਾਂਧੀ ਨਨਕਾਣਵੀ	30/-
ਦੇਵੀ ਦੇਖਦੀ ਸੀ	ਐਸ. ਸਾਕੀ	30/-
ਮਸਤ ਮੇਘੋਵਾਲੀਆ	ਚਰਨ ਦਾਸ ਸਿਧੂ	25/-
ਪੰਜ ਖੂਹ ਵਾਲੇ	,,	25/-
ਬਾਤ ਫਤੂ ਝੀਰ ਦੀ	,,	25/-
ਭਾਈਆ ਹਾਕਮ ਸਿੰਘ	,,	30/-
ਚਾਰ ਡਰਾਮੇ	,,	125/-
ਕੌਣ ਚੰਗਾ ਕੌਣ ਮੰਦਾ	ਤਿਲਕ ਰਾਜ ਗੋਸਵਾਮੀ	20/-
ਦੇਖ ਕਬੀਰਾ ਰੋਇਆ	ਜਗਦੀਸ਼ ਪ੍ਰਸ਼ਾਦਿ ਕੌਸ਼ਿਕ	20/-
ਚਰਨ ਦਾਸ ਸਿਧੂ ਦੇ ਤਿੰਨ ਨਾਟਕ	ਸੰਪਾ.ਪ੍ਰਮਿਲਾ ਸਿਧੂ	85/-
ਨਹਿਰਾਂ ਕਿ ਹੜ੍ਹ	ਧਰਮ ਸਿੰਘ ਆਸੀ	30/-
ਚਿਤ੍ਰਕਾਰ	ਨਾਨਕ ਸਿੰਘ	35/-
ਢਿੱਡ ਦੀ ਆਂਦਰ	ਰਾਮ ਸਰੂਪ ਅਣਖੀ	30/-
ਝਲਕ ਮਜੀਠੇ ਰੰਗ ਦੀ	ਹਰਿਕ੍ਰਿਸ਼ਨ ਸਿੰਘ	40/-
ਸਫ਼ਰ ਸੰਜੋਗੀ	ਦਲਵਿੰਦਰ ਸਿੰਘ ਗਰੇਵਾਲ	60/-
ਬਾਣੀ ਬਿਬੇਕ	ਡਾ. ਐਮ. ਕੇ. ਗਿਲ	30/-
ਸੱਤ-ਰੰਗਾ ਚਾਨਣ	ਗੁਰਮੁਖ ਸਿੰਘ	25/-
ਪਿਆਸ	ਗੁਰਚਰਨ ਸਿੰਘ ਅਰਸ਼ੀ	30/-
ਅਜ ਦਾ ਅਰਜਨ	ਐਸ. ਸਾਕੀ	25/-
ਵਾਰਾਂ ਦੀ ਬਾਦਸ਼ਾਹੀ	ਹਜ਼ਾਰਾ ਸਿੰਘ ਗੁਰਦਾਸਪੁਰੀ	25/-
ਵੇਖੋ ਕੌਣ ਆਇਐ	ਗੁਰਮੁਖ ਸਿੰਘ ਜੀਤ	25/-
ਸਭੋ ਸਾਂਝੇ ਰੰਗ ਵੇ ਮਿਤ੍ਰਾ	ਗੁਰਮੁਖ ਸਿੰਘ	40/-
The Universal Faith	S. S. Johar	105/-
History of Punjabi Literature	Dr. C.L. Narang	140/-
WRINKLES	Ram Sarup Ankhi	60/-
ਸੰਵਾਦ (ਹਿੰਦੀ)	ਰਾਮਸ਼ਰਣ ਜੋਸ਼ੀ	50/-

CC-0. In Public Domain. Gurukul Kangri Collection, Haridwar